Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 19, Issue- 890, 22 to 28 Jan., 2026, Ph: 916-320-9444, E-mail: punjabmailusa@yahoo.com, Web: punjabmailusa.com

## ਟਰੰਪ ਸਰਕਾਰ ਦੇ ਦੂਜੇ ਕਾਰਜਕਾਲ ਦਾ ਇੱਕ ਸਾਲ ਹੋਇਆ ਪੂਰਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਦੂਜੀ ਵਾਰ ਦੇ ਕਾਰਜਕਾਲ ਦਾ ਪਹਿਲਾ ਵਰ੍ਹਾ ਮੁਕੰਮਲ ਕਰ ਲਿਆ ਹੈ। ਇਸ ਦੌਰਾਨ ਉਨ੍ਹਾਂ ਨੇ ਗੈਰ ਕਾਨੂੰਨੀ ਲੋਕਾਂ ਨੂੰ ਅਮਰੀਕਾ 'ਚੋਂ ਕੱਢ ਕੇ ਆਪੋ-ਆਪਣੇ ਦੇਸ਼ਾਂ ਨੂੰ ਭੇਜਣ ਦਾ ਬੀੜਾ ਚੁੱਕੀ ਰੱਖਿਆ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਅਮਰੀਕਾ ਦੇ ਨਾਲ ਲੱਗਦੀਆਂ ਕੈਨੇਡਾ ਤੇ ਮੈਕਸੀਕੋ ਦੀਆਂ ਸਰਹੱਦਾਂ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਹੈ। ਇਮੀਗ੍ਰੇਸ਼ਨ ਨੂੰ ਲੀਹ 'ਤੇ ਲਿਆਉਣ ਲਈ ਉਨ੍ਹਾਂ ਨੇ ਵੱਡੀ ਗਰਾਂਟ ਦਿੱਤੀ ਹੈ। ਇਸ ਦੇ ਨਾਲ ਹੀ ਜਿਹੜੇ ਮੁਲਕਾਂ ਨੂੰ ਉਨ੍ਹਾਂ ਨੇ ਆਪਣੀਆਂ ਸ਼ਰਤਾਂ ਬਾਰੇ ਕਿਹਾ ਸੀ, ਉਹ ਨਾ ਲਾਗੂ ਕਰਨ 'ਤੇ ਉਨ੍ਹਾਂ ਮੁਲਕਾਂ 'ਤੇ ਭਾਰੀ ਟੈਰਿਫ ਵੀ ਲਾਏ ਗਏ, ਜਿਸ ਨਾਲ ਅਮਰੀਕਾ ਕੋਲ 3 ਟ੍ਰਿਲੀਅਨ ਡਾਲਰ ਦੇ ਨਜ਼ਦੀਕ ਮਾਲੀਆ ਇਕੱਤਰ ਹੋਇਆ ਹੈ।

**ਜੋ ਕਿਹਾ, ਉਹ ਕੀਤਾ**



ਪਿਛਲੇ ਲੰਮੇ ਸਮੇਂ ਤੋਂ ਪਰਿਵਾਰਕ ਵੀਜ਼ਿਆਂ 'ਤੇ ਵੀ ਠੱਲ੍ਹ ਪਈ ਹੈ। ਜਿਨ੍ਹਾਂ ਨਾਗਰਿਕਾਂ ਨੇ ਆਪਣੇ ਰਿਸ਼ਤੇਦਾਰ ਲਈ ਅਪਲਾਈ ਕੀਤਾ ਸੀ, ਉਹ ਕੇਸ ਫਰੀਜ਼ ਕਰ ਦਿੱਤੇ ਗਏ ਹਨ, ਜਿਸ ਕਰਕੇ ਬਾਹਰੋਂ ਆਉਣ ਵਾਲੇ ਨਵੇਂ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਹੈ। ਜਿੱਥੇ ਰਾਸ਼ਟਰਪਤੀ ਟਰੰਪ ਨੇ ਗੈਰ ਕਾਨੂੰਨੀ ਲੋਕਾਂ ਨੂੰ ਅਮਰੀਕਾ ਆਉਣ ਤੋਂ ਵਰਜਿਆ ਹੈ, ਉਥੇ ਕਾਨੂੰਨੀ ਤੌਰ 'ਤੇ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਲੋਕਾਂ 'ਤੇ ਵੀ ਅੰਦਰਖਾਤੇ ਨੱਥ ਕੱਸੀ ਗਈ ਹੈ।

ਰਾਸ਼ਟਰਪਤੀ ਟਰੰਪ ਨੇ ਭਾਵੇਂ ਦੂਜੇ ਚਲੰਤ ਵੀਜ਼ਿਆਂ 'ਤੇ ਰੋਕ ਲਗਾਈ ਹੈ। ਪਰ ਉਨ੍ਹਾਂ ਨੇ ਆਪਣੇ ਦੂਜੇ ਕਾਰਜਕਾਲ ਵਿਚ 'ਟਰੰਪ ਗੋਲਡ ਵੀਜ਼ਾ' ਚਲਾ ਕੇ ਅਮੀਰ ਲੋਕਾਂ ਨੂੰ ਅਮਰੀਕਾ ਵਿਚ ਆਣ ਕੇ ਵੱਸਣ ਦਾ ਸੱਦਾ ਦਿੱਤਾ ਹੈ, ਜਿਸ ਦਾ ਭਾਰੀ ਰਿਸਪਾਂਸ ਮਿਲਿਆ ਹੈ।

ਰਾਸ਼ਟਰਪਤੀ ਟਰੰਪ ਨੇ ਇਸ ਸਮੇਂ ਦੌਰਾਨ ਬਹੁਤ ਸਾਰੇ ਦੇਸ਼ਾਂ 'ਤੇ ਪਾਬੰਦੀਆਂ ਵੀ ਲਾਈਆਂ ਹਨ ਅਤੇ ਉਨ੍ਹਾਂ ਦੇਸ਼ਾਂ ਨਾਲ ਸੰਬੰਧਤ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਸੰਪੂਰਨ ਜਾਂ ਅੰਸ਼ਿਕ ਰੋਕਾਂ ਲਗਾ ਦਿੱਤੀਆਂ ਗਈਆਂ ਹਨ।

ਇਸ ਦੌਰਾਨ ਰਾਸ਼ਟਰਪਤੀ ਟਰੰਪ ਨੇ ਵੈਨਜ਼ੁਏਲਾ 'ਤੇ ਬੜੇ ਨਾਟਕੀ ਢੰਗ ਨਾਲ ਕਬਜ਼ਾ ਕੀਤਾ ਅਤੇ ਉਥੋਂ ਦੇ ਰਾਸ਼ਟਰਪਤੀ ਅਤੇ ਉਸ ਦੀ ਪਤਨੀ ਨੂੰ ਗ੍ਰਿਫਤਾਰ ਕਰਕੇ ਅਮਰੀਕਾ ਲਿਆਂਦਾ ਗਿਆ।

ਬਾਹਰਲੇ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਲੋਕਾਂ ਦੀ ਕਮੀ ਕਾਰਨ ਇੱਥੇ ਕਾਮਿਆਂ ਦੀ ਭਾਰੀ ਕਮੀ ਪਾਈ ਜਾ ਰਹੀ ਹੈ। ਖੇਤੀਬਾੜੀ, ਕੰਸਟ੍ਰਕਸ਼ਨ ਅਤੇ ਹੋਰ ਵਪਾਰਕ ਅਦਾਰਿਆਂ ਵਿਚ ਕਾਮਿਆਂ ਦੀ ਕਮੀ ਕਾਰਨ ਮਾਲਕਾਂ ਨੂੰ ਕਾਫੀ ਨੁਕਸਾਨ ਉਠਾਉਣਾ ਪਿਆ ਹੈ।

ਰਾਸ਼ਟਰਪਤੀ ਟਰੰਪ ਨੇ ਆਪਣੇ ਇਸ ਕਾਰਜਕਾਲ ਦੌਰਾਨ ਬਹੁਤ ਸਾਰੇ ਦੇਸ਼ਾਂ ਦੀ ਜਿੱਥੇ ਖੁਦ ਵੀ ਯਾਤਰਾ ਕੀਤੀ, ਉਥੇ ਦੂਜੇ ਦੇਸ਼ਾਂ ਦੇ ਮੁਖੀਆਂ ਨੂੰ ਵ੍ਹਾਈਟ ਹਾਊਸ ਸੱਦ ਕੇ ਅੰਤਰਰਾਸ਼ਟਰੀ ਮਸਲਿਆਂ 'ਤੇ ਵੀ ਚਰਚਾ ਕੀਤੀ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਟਰੰਪ ਜੋ ਕਹਿੰਦੇ ਹਨ, ਉਸ 'ਤੇ ਖਰਾ ਉਤਰਦੇ ਹਨ। ਇਸੇ ਕਰਕੇ ਉਨ੍ਹਾਂ ਨੇ ਆਪਣੀ ਦੂਜੀ ਵਾਰੀ ਦੀਆਂ ਚੋਣਾਂ ਦੌਰਾਨ ਕੰਮਾਂ ਬਾਰੇ ਜੋ ਐਲਾਨ ਕੀਤੇ ਸਨ, ਉਸ 'ਤੇ ਖਰਾ ਉਤਰ ਰਹੇ ਹਨ।

## ਅਮਰੀਕਾ ਵੀਜ਼ਾ ਬੁਲੇਟਿਨ : ਲੰਮੇ ਸਮੇਂ ਤੋਂ ਪਰਿਵਾਰਕ ਵੀਜ਼ਾ ਅਰਜ਼ੀਆਂ 'ਚ ਨਹੀਂ ਹੋ ਰਹੀ ਕੋਈ ਹਿਲਜੁੱਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਫਰਵਰੀ 2026 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਸਿਵਾਏ ਇੱਕ-ਅੱਧ ਕੈਟਾਗਰੀ ਦੇ, ਅਮਰੀਕਾ ਦੇ ਪਰਿਵਾਰਕ ਵੀਜ਼ਿਆਂ ਵਿਚ ਪਿਛਲੇ ਲੰਮੇ ਸਮੇਂ ਤੋਂ ਕੋਈ ਹਿਲਜੁੱਲ ਦੇਖਣ ਨੂੰ ਨਹੀਂ ਮਿਲ ਰਹੀ, ਜਿਸ ਕਰਕੇ ਜਿਨ੍ਹਾਂ ਪਰਿਵਾਰਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਸਪਾਂਸਰ ਕੀਤਾ ਹੈ, ਉਨ੍ਹਾਂ ਵਿਚ ਕਾਫੀ ਨਿਰਾਸ਼ਾ ਪਾਈ ਜਾ ਰਹੀ ਹੈ।

ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਫਰਵਰੀ 2026 ਦੇ ਜਾਰੀ ਕੀਤੇ ਵੀਜ਼ਾ ਬੁਲੇਟਿਨ ਵਿਚ ਵੀ ਅਜਿਹਾ ਹੀ ਦੇਖਣ ਨੂੰ ਮਿਲ ਰਿਹਾ ਹੈ। ਕਿਸੇ ਵੀ ਕੈਟਾਗਰੀ 'ਚ ਕੋਈ ਵੀ ਹਿੱਲਜੁੱਲ ਦੇਖਣ ਨੂੰ ਨਹੀਂ ਮਿਲੀ। ਸਿਰਫ ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਰੀਖਾਂ ਲਈ F-2A ਕੈਟਾਗਰੀ 'ਚ ਹੀ 1 ਮਹੀਨੇ ਦਾ ਵਾਧਾ ਦੇਖਣ ਨੂੰ ਮਿਲਿਆ ਹੈ।

ਜਿੱਥੇ ਅਮਰੀਕਾ ਨੇ ਗੈਰ ਕਾਨੂੰਨੀ ਲੋਕਾਂ ਦਾ ਬਾਰਡਰ ਤੋਂ ਲਾਂਘਾ ਬੰਦ ਕਰ ਦਿੱਤਾ ਹੈ, ਉਥੇ ਹੁਣ ਕਾਨੂੰਨੀ ਤੌਰ 'ਤੇ ਆ ਰਹੇ ਪ੍ਰਵਾਸੀਆਂ ਨੂੰ ਵੀ ਰੋਕਿਆ ਜਾਣ ਲੱਗ ਪਿਆ ਹੈ। ਫਰਵਰੀ 2026 ਦਾ ਵੀਜ਼ਾ ਬੁਲੇਟਿਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਕੈਟਾਗਰੀ ਵਿਚ ਕੋਈ ਵੀ ਹਿੱਲਜੁੱਲ ਨਹੀਂ ਹੋਈ।

ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ 'ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 8 ਨਵੰਬਰ, 2016 ਚੱਲ ਰਹੀ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ



'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਫਰਵਰੀ, 2024 ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 1 ਦਸੰਬਰ, 2016 ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 8 ਸਤੰਬਰ, 2011 ਚੱਲ ਰਹੀ ਹੈ।


ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 1 ਨਵੰਬਰ, 2006 ਚੱਲ ਰਹੀ ਹੈ। ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਲਈ ਫਰਵਰੀ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ :

F-1 ਕੈਟਾਗਰੀ ਲਈ 1 ਸਤੰਬਰ 2017, F-2A ਕੈਟਾਗਰੀ ਲਈ 22 ਜਨਵਰੀ 2026, F-2B ਕੈਟਾਗਰੀ ਲਈ 15 ਮਾਰਚ, 2017, F-3 ਕੈਟਾਗਰੀ ਲਈ 22 ਜੁਲਾਈ, 2012 ਅਤੇ F-4 ਕੈਟਾਗਰੀ ਲਈ 15 ਦਸੰਬਰ, 2006 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ICE ਅਧਿਕਾਰੀਆਂ ਨੂੰ ਗ੍ਰਿਫ਼ਤਾਰੀਆਂ ਕਰਨ ਲਈ ਇਨਾਮ ਦਿੱਤੇ ਜਾਣਗੇ

**ਵਾਸ਼ਿੰਗਟਨ ਡੀ.ਸੀ. (ਪੰਜਾਬ ਮੇਲ)**- ਅਮਰੀਕਾ ਪ੍ਰਸ਼ਾਸਨ ਨੇ ਹੁਣ ਗੈਰ ਕਾਨੂੰਨੀ ਲੋਕਾਂ ਨੂੰ ਫੜਨ ਲਈ ICE ਅਧਿਕਾਰੀਆਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਹਨ। ਉਨ੍ਹਾਂ ਨੂੰ ਗੈਰ ਕਾਨੂੰਨੀ ਲੋਕਾਂ ਦੀਆਂ ਗ੍ਰਿਫਤਾਰੀਆਂ ਕਰਨ ਲਈ ਇਨਾਮ ਦਿੱਤੇ ਜਾਣਗੇ। ਇਸ ਵਕਤ ICE ਏਜੰਟਾਂ 'ਤੇ ਗ੍ਰਿਫਤਾਰੀਆਂ ਕਰਨ ਲਈ ਭਾਰੀ ਦਬਾਅ ਹੈ। ਕਿਉਂਕਿ ਏਜੰਸੀ ਨੇ ਦੇਸ਼ ਭਰ ਵਿਚ 3 ਹਜ਼ਾਰ ਗ੍ਰਿਫਤਾਰੀਆਂ ਦਾ ਰੋਜ਼ਾਨਾ ਕੋਟਾ ਨਿਰਧਾਰਿਤ ਕੀਤਾ ਹੈ। ICE ਏਜੰਟਾਂ ਵੱਲੋਂ ਗ੍ਰਿਫਤਾਰ ਕੀਤੇ ਲੋਕਾਂ ਨੂੰ ਜੇ ਬਾਅਦ ਵਿਚ ਛੱਡ ਵੀ ਦਿੱਤਾ ਜਾਂਦਾ ਹੈ, ਤਾਂ ਉਹ ਫਿਰ ਵੀ ਇਨਾਮ ਦੇ ਹੱਕਦਾਰ ਰਹਿਣਗੇ।

ਯੂ.ਐੱਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਸੈਕਟਰੀ ਕ੍ਰਿਸਟੀ ਨੋਇਮ ਨੇ ਪਿਛਲੇ ਦਿਨੀਂ ਇਕ ਬਿਆਨ ਵਿਚ ਕਿਹਾ



ਸੀ ਕਿ ਹੁਣ ਤੱਕ ਭਾਰੀ ਗਿਣਤੀ ਵਿਚ ਗੈਰ ਕਾਨੂੰਨੀ ਲੋਕਾਂ ਨੂੰ ਆਪਣੇ ਦੇਸ਼ਾਂ ਨੂੰ ਵਾਪਸ ਭੇਜਿਆ ਜਾ ਚੁੱਕਾ ਹੈ। ਪਰ ਰਾਸ਼ਟਰਪਤੀ ਟਰੰਪ ਵੱਲੋਂ ਹਾਲੇ ਵੀ ਸੰਤੁਸ਼ਟੀ ਨਹੀਂ ਪ੍ਰਗਟਾਈ ਜਾ ਰਹੀ। ਉਨ੍ਹਾਂ ਦਾ ਕਹਿਣਾ ਹੈ ਕਿ ਵੱਧ ਤੋਂ ਵੱਧ ਗੈਰ ਕਾਨੂੰਨੀ ਲੋਕਾਂ ਨੂੰ ਇੱਥੋਂ ਕੱਢਿਆ ਜਾਵੇ। ਇਸ ਦੇ ਲਈ ਸਾਲ 2026 ਦਾ ਬਜਟ ਕੋਟਾ ਵੀ ਵਧਾ ਦਿੱਤਾ ਗਿਆ ਹੈ। ਇਹ ਰਾਸ਼ੀ ਹੁਣ ਇਸੇ ਕੰਮ 'ਤੇ ਖਰਚੀ ਜਾਵੇਗੀ।

## ਭਾਰਤੀ ਕਰੰਸੀ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪੁੱਜੀ

**ਨਵੀਂ ਦਿੱਲੀ, (ਪੰਜਾਬ ਮੇਲ)**- ਵੱਧਦੇ ਭੂ ਸਿਆਸੀ ਤਣਾਅ ਦਰਮਿਆਨ ਸੁਸਤ ਵਿਸ਼ਵ ਬਾਜ਼ਾਰਾਂ ਦੇ ਸੰਕੇਤਾਂ ਕਾਰਨ ਸ਼ੇਅਰ ਬਾਜ਼ਾਰ ਦਾ ਸੂਚਕ ਅੰਕ ਹੇਠਲੇ ਪੱਧਰ ਨੂੰ ਜਾ ਰਿਹਾ ਹੈ। ਇਸ ਦੌਰਾਨ ਭਾਰਤੀ ਕਰੰਸੀ ਅਮਰੀਕੀ ਡਾਲਰ ਦੇ ਮੁਕਾਬਲੇ ਹੋਰ ਟੁੱਟ ਕੇ 90.97 ਦੇ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ। ਘਰੇਲੂ ਅਤੇ ਕੌਮਾਂਤਰੀ ਬਾਜ਼ਾਰਾਂ ਵਿਚ ਮੰਗ ਵਧਣ ਕਾਰਨ ਇਸ ਵਕਤ ਦਿੱਲੀ ਮਾਰਕਿਟ ਵਿਚ 10 ਗ੍ਰਾਮ ਸੋਨੇ ਦਾ ਭਾਅ 1,52,500 ਲੱਖ ਰੁਪਏ ਤੋਂ ਵੀ ਵੱਧ ਹੋ ਗਿਆ ਹੈ। ਇੱਥੇ ਚਾਂਦੀ ਦੀਆਂ ਕੀਮਤਾਂ ਵਿਚ ਵੀ ਭਾਰੀ ਵਾਧਾ ਜਾਰੀ ਹੈ ਅਤੇ ਇਸ ਵਕਤ ਦੀ ਕੀਮਤ 3,27,928 ਰੁਪਏ ਪ੍ਰਤੀ ਕਿਲੋ ਦੇ ਨਵੇਂ ਰਿਕਾਰਡ ਪੱਧਰ 'ਤੇ ਪਹੁੰਚ ਗਈ ਹੈ।







## ਯੂ.ਕੇ. 'ਚ ਦੋਹਰੀ ਨਾਗਰਿਕਤਾ ਨਾਲ ਸੰਬੰਧਤ ਨਿਯਮਾਂ 'ਚ ਹੋਵੇਗਾ ਬਦਲਾਅ

**ਲੰਡਨ, (ਪੰਜਾਬ ਮੇਲ)**- ਬ੍ਰਿਟਿਸ਼ ਪਾਸਪੋਰਟ ਤੋਂ ਬਿਨਾਂ ਯੂ.ਕੇ. ਆਉਣ ਵਾਲੇ ਦੋਹਰੀ ਨਾਗਰਿਕਤਾ ਵਾਲੇ ਬ੍ਰਿਟਿਸ਼ ਨਾਗਰਿਕਾਂ ਨੂੰ ਜਲਦੀ ਹੀ ਦਾਖਲੇ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿਉਂਕਿ ਅਗਲੇ ਮਹੀਨੇ ਨਵੇਂ ਨਿਯਮ ਲਾਗੂ ਹੋਣਗੇ। 25 ਫਰਵਰੀ ਤੋਂ ਲਾਗੂ ਹੋਣ ਵਾਲੇ ਬਦਲਾਅ ਦੇ ਤਹਿਤ, ਵਿਦੇਸ਼ਾਂ ਵਿਚ ਬ੍ਰਿਟਿਸ਼ ਨਾਗਰਿਕਾਂ ਨੂੰ ਦੇਸ਼ ਵਿਚ ਦਾਖਲ ਹੋਣ ਵੇਲੇ ਆਪਣੀ ਸਥਿਤੀ ਸਾਬਤ ਕਰਨ ਲਈ ਇੱਕ ਮੌਜੂਦਾ ਯੂ.ਕੇ. ਪਾਸਪੋਰਟ ਜਾਂ ਹੱਕਦਾਰੀ ਦਾ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ।

ਪਹਿਲਾਂ, ਦੋਹਰੀ ਨਾਗਰਿਕਤਾ ਵਾਲੇ ਗੈਰ-ਬ੍ਰਿਟਿਸ਼ ਪਾਸਪੋਰਟਾਂ ਦੀ ਵਰਤੋਂ ਕਰਕੇ ਯੂ.ਕੇ. ਦੀ ਯਾਤਰਾ ਕਰਨ ਦੇ ਯੋਗ ਹੁੰਦੇ ਸਨ ਅਤੇ ਜੇ ਲੋੜ ਹੋਵੇ, ਤਾਂ ਹੋਰ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਆਪਣੀ ਨਾਗਰਿਕਤਾ ਦੀ ਸਥਿਤੀ ਸਾਬਤ ਕਰਨ ਦੇ ਯੋਗ ਹੁੰਦੇ ਸਨ।

ਇਹ ਬਦਲਾਅ ਵਿਦੇਸ਼ਾਂ ਵਿਚ ਸਾਰੇ ਬ੍ਰਿਟਿਸ਼ ਅਤੇ ਆਇਰਿਸ਼ ਦੋਹਰੀ ਨਾਗਰਿਕਾਂ 'ਤੇ ਲਾਗੂ ਹੁੰਦੇ

**ਦੋਹਰੀ ਨਾਗਰਿਕਤਾ ਵਾਲਿਆਂ ਨੂੰ ਬਿਨਾਂ ਯੂ.ਕੇ. ਪਾਸਪੋਰਟ ਦੇ ਦਾਖਲੇ ਤੋਂ ਕੀਤਾ ਜਾ ਸਕਦੈ ਇਨਕਾਰ**



ਹਨ, ਜਿਨ੍ਹਾਂ ਵਿਚ ਕਿਸੇ ਵੀ ਯੂਰਪੀਅਨ ਯੂਨੀਅਨ ਦੇਸ਼ ਵਿਚ ਰਹਿਣ ਵਾਲੇ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਹੁਣ ਵਾਪਸ ਆਉਣ ਲਈ ਲਗਭਗ 100 ਪਾਊਂਡ ਦਾ ਖਰਚਾ ਕਰਨਾ ਪਵੇਗਾ।

ਗ੍ਰਹਿ ਦਫ਼ਤਰ ਦੇ ਬੁਲਾਰੇ ਨੇ ਕਿਹਾ ਕਿ "25 ਫਰਵਰੀ 2026 ਤੋਂ, ਸਾਰੇ ਦੋਹਰੀ ਬ੍ਰਿਟਿਸ਼ ਨਾਗਰਿਕਾਂ ਨੂੰ ਸਰਹੱਦ 'ਤੇ ਦੇਰੀ ਤੋਂ ਬਚਣ ਲਈ ਇੱਕ ਵੈਧ ਬ੍ਰਿਟਿਸ਼ ਪਾਸਪੋਰਟ ਜਾਂ ਹੱਕਦਾਰੀ ਦਾ ਸਰਟੀਫਿਕੇਟ ਪੇਸ਼ ਕਰਨ ਦੀ ਜ਼ਰੂਰਤ ਹੋਏਗੀ। ਨਵੇਂ ਨਿਯਮਾਂ ਅਨੁਸਾਰ ਇਹ ਬਦਲਾਅ ਗ੍ਰਹਿ ਦਫ਼ਤਰ ਦੀ ਨਵੀਂ ਇਲੈਕਟ੍ਰਾਨਿਕ ਯਾਤਰਾ ਅਧਿਕਾਰ (ਈ.ਟੀ.ਏ.) ਯੋਜਨਾ ਦਾ ਹਿੱਸਾ ਹਨ, ਜਿਸ ਤਹਿਤ ਜਲਦੀ ਹੀ ਉਨ੍ਹਾਂ ਦੇਸ਼ਾਂ ਦੇ ਸੈਲਾਨੀਆਂ ਨੂੰ ਯੂ.ਕੇ. ਆਉਣ ਤੋਂ ਪਹਿਲਾਂ ਈ.ਟੀ.ਏ. ਪ੍ਰਾਪਤ ਕਰਨਾ ਪਵੇਗਾ, ਜਿਨ੍ਹਾਂ ਨੂੰ ਵੀਜ਼ੇ ਦੀ ਲੋੜ ਨਹੀਂ ਹੈ। ਕਿਉਂਕਿ ਬ੍ਰਿਟਿਸ਼ ਅਤੇ ਆਇਰਿਸ਼ ਨਾਗਰਿਕਾਂ ਨੂੰ ਈ.ਟੀ.ਏ. ਤੋਂ ਛੋਟ ਹੈ, ਇਸ ਲਈ ਉਨ੍ਹਾਂ ਨੂੰ ਹੁਣ ਬ੍ਰਿਟਿਸ਼ ਜਾਂ ਆਇਰਿਸ਼ ਪਾਸਪੋਰਟ 'ਤੇ ਯਾਤਰਾ ਕਰਨੀ ਪਵੇਗੀ ਜਾਂ ਹੱਕਦਾਰੀ ਦਾ ਸਰਟੀਫਿਕੇਟ ਪੇਸ਼ ਕਰਨਾ ਪਵੇਗਾ। ਨਵੀਆਂ ਪ੍ਰਵੇਸ਼ ਜ਼ਰੂਰਤਾਂ ਵਿਦੇਸ਼ਾਂ 'ਚ ਰਹਿਣ ਵਾਲੇ ਜਾਂ ਯਾਤਰਾ ਕਰਨ ਵਾਲੇ ਸਾਰੇ ਦੋਹਰੇ ਨਾਗਰਿਕਾਂ 'ਤੇ ਲਾਗੂ ਹੋਣਗੀਆਂ। 24 ਫਰਵਰੀ ਨੂੰ ਜਾਂ ਇਸ ਤੋਂ ਪਹਿਲਾਂ ਯਾਤਰਾ ਕਰਨ ਵਾਲੇ ਨਾਗਰਿਕ ਅਜੇ ਵੀ ਇੱਕ ਵੈਧ ਗੈਰ-ਬ੍ਰਿਟਿਸ਼ ਪਾਸਪੋਰਟ 'ਤੇ ਯੂ.ਕੇ. ਦੀ ਯਾਤਰਾ ਕਰਨ ਦੇ ਯੋਗ ਹੋਣਗੇ।

# ਟਰੰਪ ਵੱਲੋਂ ਗ੍ਰੀਨਲੈਂਡ ਲਈ ਯੂਰਪੀ ਦੇਸ਼ਾਂ ਨੂੰ ਸਿੱਧੀ ਚਿਤਾਵਨੀ

**■ 1 ਫਰਵਰੀ ਤੋਂ ਲੱਗੇਗਾ ਭਾਰੀ ਟੈਕਸ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੀਨਲੈਂਡ ਨੂੰ ਖਰੀਦਣ ਦੀ ਆਪਣੀ ਯੋਜਨਾ ਨੂੰ ਲੈ ਕੇ ਵਿਸ਼ਵ ਪੱਧਰ 'ਤੇ ਇੱਕ ਵੱਡੀ ਕੂਟਨੀਤਕ ਹਲਚਲ ਪੈਦਾ ਕਰ ਦਿੱਤੀ ਹੈ। ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਗ੍ਰੀਨਲੈਂਡ 'ਤੇ ਅਮਰੀਕੀ ਕੰਟਰੋਲ ਨਾ ਸਿਰਫ਼ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ, ਸਗੋਂ ਵਿਸ਼ਵ ਸ਼ਾਂਤੀ ਲਈ ਵੀ ਬੇਹੱਦ ਜ਼ਰੂਰੀ ਹੈ।

ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਹੈ ਕਿ 1 ਫਰਵਰੀ, 2026 ਤੋਂ ਡੈਨਮਾਰਕ, ਨਾਰਵੇ, ਸਵੀਡਨ, ਫਰਾਂਸ, ਜਰਮਨੀ, ਯੂਨਾਈਟਿਡ ਕਿੰਗਡਮ, ਨੀਦਰਲੈਂਡ ਅਤੇ ਫਿਨਲੈਂਡ ਵਰਗੇ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੀਆਂ ਸਾਰੀਆਂ ਵਸਤੂਆਂ 'ਤੇ 10% ਟੈਰਿਫ (ਮਸੂਲ) ਲਗਾਇਆ ਜਾਵੇਗਾ। ਜੇਕਰ ਗ੍ਰੀਨਲੈਂਡ ਦੀ ਖਰੀਦ ਲਈ ਕੋਈ ਸਮਝੌਤਾ ਨਹੀਂ ਹੁੰਦਾ, ਤਾਂ 1 ਜੂਨ, 2026 ਤੋਂ ਇਸ ਟੈਕਸ ਨੂੰ ਵਧਾ ਕੇ 25% ਕਰ ਦਿੱਤਾ ਜਾਵੇਗਾ।

ਟਰੰਪ ਨੇ ਇਸ ਫੈਸਲੇ ਪਿੱਛੇ ਆਧੁਨਿਕ ਹਥਿਆਰ ਪ੍ਰਣਾਲੀ ਅਤੇ ਰੱਖਿਆ ਪ੍ਰਣਾਲੀ ਦਾ ਹਵਾਲਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੀ ਨਵੀਂ ਮਿਜ਼ਾਈਲ ਰੱਖਿਆ ਪ੍ਰਣਾਲੀ, 'ਦਿ ਗੋਲਡਨ ਡੋਮ', ਆਪਣੀ ਪੂਰੀ ਸਮਰੱਥਾ ਨਾਲ ਤਾਂ ਹੀ ਕੰਮ ਕਰ



ਸਕਦੀ ਹੈ, ਜੇਕਰ ਗ੍ਰੀਨਲੈਂਡ ਦੀ ਭੂਗੋਲਿਕ ਸਥਿਤੀ ਇਸ ਵਿਚ ਸ਼ਾਮਲ ਹੋਵੇ। ਉਨ੍ਹਾਂ ਅਨੁਸਾਰ ਇਸ ਪ੍ਰਣਾਲੀ 'ਤੇ ਅਰਬਾਂ ਡਾਲਰ ਖਰਚ ਕੀਤੇ ਜਾ ਰਹੇ ਹਨ, ਤਾਂ ਜੋ ਕੈਨੇਡਾ ਸਮੇਤ ਪੂਰੇ ਖੇਤਰ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਰਾਸ਼ਟਰਪਤੀ ਨੇ ਚਿਤਾਵਨੀ ਦਿੱਤੀ ਕਿ ਚੀਨ ਅਤੇ ਰੂਸ ਗ੍ਰੀਨਲੈਂਡ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ ਅਤੇ ਡੈਨਮਾਰਕ ਕੋਲ ਇਸ ਦੀ ਰੱਖਿਆ ਲਈ ਲੋੜੀਂਦੇ ਪ੍ਰਬੰਧ ਨਹੀਂ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਪਿਛਲੇ 150 ਸਾਲਾਂ ਤੋਂ ਇਸ ਟ੍ਰਾਂਜੈਕਸ਼ਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਡੈਨਮਾਰਕ ਦਹਾਕਿਆਂ ਤੋਂ ਮਿਲ ਰਹੀ ਅਮਰੀਕੀ ਮਦਦ ਦਾ ਬਦਲਾ ਇਸ ਸੌਦੇ ਰਾਹੀਂ ਚੁਕਾਵੇ।

ਟਰੰਪ ਨੇ ਕਿਹਾ ਹੈ ਕਿ ਅਮਰੀਕਾ ਇਸ ਮਾਮਲੇ 'ਤੇ ਡੈਨਮਾਰਕ ਅਤੇ ਹੋਰ ਸਬੰਧਤ ਦੇਸ਼ਾਂ ਨਾਲ ਤੁਰੰਤ ਗੱਲਬਾਤ ਲਈ ਤਿਆਰ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਕਈ ਯੂਰਪੀ ਦੇਸ਼ ਅਣਜਾਣ ਕਾਰਨਾਂ ਕਰਕੇ ਗ੍ਰੀਨਲੈਂਡ ਦੀਆਂ ਯਾਤਰਾਵਾਂ ਕਰ ਰਹੇ ਹਨ, ਜੋ ਕਿ ਗ੍ਰਹਿ ਦੀ ਸੁਰੱਖਿਆ ਲਈ ਇੱਕ ਖ਼ਤਰਨਾਕ ਸਥਿਤੀ ਪੈਦਾ ਕਰ ਰਿਹਾ ਹੈ।

## ਟਰੰਪ ਵੱਲੋਂ ਨਵੀਂ ਸਿਹਤ ਸੰਭਾਲ ਯੋਜਨਾ ਤਹਿਤ ਬੀਮਾ ਸਬਸਿਡੀਆਂ ਦੀ ਬਜਾਏ ਸਿੱਧੀ ਅਦਾਇਗੀ ਦਾ ਪ੍ਰਸਤਾਵ ਪੇਸ਼

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 15 ਜਨਵਰੀ ਨੂੰ ਇੱਕ ਨਵੀਂ ਸਿਹਤ ਸੰਭਾਲ ਯੋਜਨਾ ਪੇਸ਼ ਕੀਤੀ। ਇਸ ਯੋਜਨਾ ਦੇ ਤਹਿਤ, ਸਰਕਾਰੀ ਬੀਮਾ ਸਬਸਿਡੀਆਂ ਖਤਮ ਕਰ ਦਿੱਤੀਆਂ ਜਾਣਗੀਆਂ ਅਤੇ ਪੈਸੇ ਸਿੱਧੇ ਲੋਕਾਂ ਦੇ ਸਿਹਤ ਬਚਤ ਖਾਤਿਆਂ (HSAs) ਵਿਚ ਭੇਜੇ ਜਾਣਗੇ। ਹਾਲਾਂਕਿ, ਕੁਝ ਮਾਹਰਾਂ ਦਾ ਕਹਿਣਾ ਹੈ ਕਿ ਇਸ ਨਾਲ ਘੱਟ ਆਮਦਨ ਵਾਲੇ ਲੋਕਾਂ ਨੂੰ ਨੁਕਸਾਨ ਹੋ ਸਕਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਗਰੀਨਲੈਂਡ ਮੁੱਦੇ 'ਤੇ ਟਰੰਪ ਨੇ 8 ਯੂਰਪੀ ਦੇਸ਼ਾਂ 'ਤੇ ਟੈਰਿਫ ਲਾਇਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਗਰੀਨਲੈਂਡ ਨੂੰ ਕਿਸੇ ਵੀ ਤਰ੍ਹਾਂ ਪ੍ਰਾਪਤ ਕਰਨ ਦੇ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੂਰਪ ਦੇ 8 ਦੇਸ਼ਾਂ ਉਪਰ ਟੈਰਿਫ ਲਾਉਣ ਦਾ ਐਲਾਨ ਕੀਤਾ ਹੈ। ਟਰੰਪ ਨੇ ਟਰੁੱਥ ਸ਼ੋਸਲ ਮੀਡੀਆ 'ਤੇ ਪਾਈ ਇਕ ਪੋਸਟ ਵਿਚ ਐਲਾਨ ਕੀਤਾ ਹੈ ਕਿ ਡੈਨਮਾਰਕ, ਨਾਰਵੇਅ, ਸਵੀਡਨ, ਫਰਾਂਸ, ਜਰਮਨੀ, ਯੂ.ਕੇ., ਹਾਲੈਂਡ ਤੇ ਫਿਨਲੈਂਡ ਵੱਲੋਂ ਅਮਰੀਕਾ ਨੂੰ ਭੇਜੀਆਂ ਜਾਂਦੀਆਂ ਸਾਰੀਆਂ ਵਸਤਾਂ ਉਪਰ 1 ਫਰਵਰੀ ਤੋਂ 10 ਫੀਸਦੀ ਟੈਰਿਫ ਲੱਗੇਗਾ। ਉਨ੍ਹਾਂ ਕਿਹਾ ਕਿ ਪਹਿਲੀ ਜੂਨ ਤੋਂ ਇਹ ਟੈਰਿਫ ਵਧ ਕੇ 25 ਫੀਸਦੀ ਹੋ ਜਾਵੇਗਾ। ਟਰੰਪ ਨੇ ਕਿਹਾ ਹੈ ਕਿ ਇਹ ਦੇਸ਼ ਬਹੁਤ ਖਤਰਨਾਕ ਖੇਡ, ਖੇਡ ਰਹੇ ਹਨ ਤੇ ਇਨ੍ਹਾਂ ਨੇ ਜ਼ੋਖਮ ਪੈਦਾ ਕੀਤਾ ਹੈ, ਜੋ ਮੰਨਣਯੋਗ ਨਹੀਂ ਹੈ।" ਯੂਰਪੀ ਦੇਸ਼ਾਂ ਨੇ ਦੈਨਿਸ਼ ਅਧਿਕਾਰੀਆਂ ਦੀ ਬੇਨਤੀ 'ਤੇ ਹਾਲ ਹੀ ਵਿਚ ਗਰੀਨਲੈਂਡ ਵਿਚ ਫੌਜ ਭੇਜੀ ਹੈ। ਯੂਰਪ ਦੇ ਚੋਟੀ ਦੇ ਅਧਿਕਾਰੀਆਂ ਨੇ ਡੈਨਮਾਰਕ ਦਾ ਸਮਰਥਨ ਕਰਦਿਆਂ ਟਰੰਪ ਪ੍ਰਸ਼ਾਸਨ ਨੂੰ ਗਰੀਨਲੈਂਡ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਲਈ ਦਿੱਤੀ ਚਿਤਾਵਨੀ ਵਿਚ ਕਿਹਾ ਹੈ ਕਿ ਇਸ ਨਾਲ 76 ਸਾਲ ਪੁਰਾਣਾ ਨਾਟੋ ਗਠਜੋੜ ਟੁੱਟ ਜਾਵੇਗਾ, ਜੋ ਗਠਜੋੜ ਇਕ ਦੂਸਰੇ ਦੀ ਸਮੂਹਿਕ ਰੱਖਿਆ ਕਰਨ ਲਈ ਬਣਿਆ ਸੀ।

# ਗ੍ਰੀਨਲੈਂਡ 'ਚ ਟਰੰਪ ਦੇ ਵਿਰੋਧ 'ਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ




**■ ਗ੍ਰੀਨਲੈਂਡ 'ਤੇ ਕਬਜ਼ੇ ਨੂੰ ਲੈ ਕੇ ਦਿੱਤੇ ਬਿਆਨਾਂ 'ਤੇ ਸਖ਼ਤ ਨਾਰਾਜ਼ਗੀ ਪ੍ਰਗਟਾਈ**

**ਬਰਲਿਨ, (ਪੰਜਾਬ ਮੇਲ)-** ਗ੍ਰੀਨਲੈਂਡ ਵਿਚ ਟਰੰਪ ਦੇ ਵਿਰੋਧ 'ਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਆਏ। ਲੋਕਾਂ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਗ੍ਰੀਨਲੈਂਡ 'ਤੇ ਕਬਜ਼ੇ ਨੂੰ ਲੈ ਕੇ ਦਿੱਤੇ ਬਿਆਨਾਂ 'ਤੇ ਸਖ਼ਤ ਨਾਰਾਜ਼ਗੀ ਪ੍ਰਗਟਾਈ। ਪ੍ਰਦਰਸ਼ਨਕਾਰੀਆਂ ਨੇ 'ਗ੍ਰੀਨਲੈਂਡ ਵਿਕਾਊ ਨਹੀਂ ਹੈ' ਦੇ ਨਾਅਰੇ ਲਾਏ। ਬਰਫ਼ੀਲੀਆਂ ਸੜਕਾਂ ਵਿਚਾਲੇ ਪ੍ਰਦਰਸ਼ਨਕਾਰੀ ਗ੍ਰੀਨਲੈਂਡ ਦੀ ਰਾਜਧਾਨੀ ਨੂਕ ਦੇ ਡਾਊਨਟਾਊਨ ਤੋਂ ਅਮਰੀਕੀ ਵਣਜ ਦੂਤਘਰ ਤੱਕ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਰਾਸ਼ਟਰੀ ਝੰਡੇ ਲਹਿਰਾਏ ਅਤੇ ਵਿਰੋਧੀ ਪੋਸਟਰ ਫੜੇ ਹੋਏ ਸਨ।

ਪੁਲਿਸ ਮੁਤਾਬਕ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਪ੍ਰਦਰਸ਼ਨ ਮੰਨਿਆ ਜਾ ਰਿਹਾ ਹੈ, ਜਿਸ 'ਚ ਨੂਕ ਦੀ ਲਗਭਗ ਇਕ-ਚੌਥਾਈ ਆਬਾਦੀ ਸ਼ਾਮਲ ਹੋਈ। ਇਸੇ ਦੌਰਾਨ ਅਮਰੀਕਾ ਨੇ ਯੂਰਪ ਦੇ 8 ਦੇਸ਼ਾਂ 'ਤੇ 10 ਫੀਸਦੀ ਟੈਰਿਫ ਲਾਉਣ ਦਾ ਐਲਾਨ ਕਰ ਦਿੱਤਾ, ਜਿਸ ਨਾਲ ਗ੍ਰੀਨਲੈਂਡ ਦੇ ਲੋਕਾਂ 'ਚ ਟਰੰਪ ਪ੍ਰਤੀ ਗੁੱਸਾ ਹੋਰ ਵਧ ਗਿਆ। ਦੂਜੇ ਪਾਸੇ ਯੂਰਪੀ ਸੰਘ ਦੇ ਸੰਸਦ ਮੈਂਬਰ ਅਮਰੀਕਾ ਨਾਲ ਹੋਏ ਟਰੇਡ ਐਗਰੀਮੈਂਟ ਦੀ ਮਨਜ਼ੂਰੀ ਰੋਕਣ ਦੀ ਤਿਆਰੀ ਵਿਚ ਹਨ। ਯੂਰਪੀਅਨ ਪੀਪਲਜ਼ ਪਾਰਟੀ ਦੇ ਪ੍ਰਧਾਨ ਮੈਨਫ੍ਰੇਡ ਵੇਬਰ ਨੇ ਸੋਸ਼ਲ ਮੀਡੀਆ ਐਕਸ 'ਤੇ ਪੋਸਟ ਕਰਦਿਆਂ ਕਿਹਾ ਕਿ ਟਰੰਪ ਦੀਆਂ ਗ੍ਰੀਨਲੈਂਡ ਧਮਕੀਆਂ ਕਾਰਨ ਅਮਰੀਕਾ ਨਾਲ ਸਮਝੌਤੇ ਨੂੰ ਮਨਜ਼ੂਰੀ ਦੇਣਾ ਸੰਭਵ ਨਹੀਂ ਹੈ।


Global Allianz

ਕਾਨੂੰਨੀ ਸਲਾਹਾਂ

LAW FIRM LLP

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਿਤ 335 ਲੋੜਵੰਦਾ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਿਤ 335 ਲੋੜਵੰਦਾਂ ਨੂੰ ਦੋ ਲੱਖ ਤਰਵੰਜਾ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਮਹੰਤ ਕਸ਼ਮੀਰ ਸਿੰਘ ਦੀ ਰਹਿਨੁਮਾਈ ਹੇਠ ਦਿੱਤੀ ਗਈ। ਇਸ ਮੌਕੇ ਬੋਲਦਿਆਂ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸਹਾਇਤਾ ਰਾਸ਼ੀ ਲੈਣ ਵਾਲੇ ਲੋੜਵੰਦ ਬੇਸਹਾਰਾ ਬਜ਼ੁਰਗ, ਬਜ਼ੁਰਗ ਵਿਧਵਾਵਾਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗ ਅਤੇ ਅਨਾਥ ਬੱਚੇ ਹਨ ਅਤੇ ਠੰਡ ਦਾ ਮੌਸਮ ਹੋਣ ਕਾਰਨ ਇਹ ਬਜ਼ੁਰਗ ਪਿਛਲੇ ਲੰਮੇ ਸਮੇਂ ਤੋਂ ਘਰਾਂ ਵਿਚ ਹੀ ਬੈਠੇ ਰਹਿੰਦੇ ਹਨ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਪ੍ਰੋਟੋਕਾਲ ਮੁਤਾਬਕ ਇਨ੍ਹਾਂ ਦੇ ਕੇਸ ਡਾਕਟਰ ਓਬਰਾਏ ਕੋਲ ਭੇਜੇ ਜਾਂਦੇ ਹਨ, ਇਨ੍ਹਾਂ



ਡਾ. ਐੱਸ.ਪੀ. ਸਿੰਘ ਓਬਰਾਏ।

ਦੇ ਹਾਲਾਤਾਂ ਨੂੰ ਦੇਖਦਿਆਂ ਡਾ. ਓਬਰਾਏ ਵਲੋਂ ਰਾਸ਼ੀ ਭੇਜ ਕੇ ਸ੍ਰੀ ਮੁਕਤਸਰ ਸਾਹਿਬ ਟੀਮ ਨੂੰ ਤਕਸੀਮ ਕਰਨ ਲਈ ਕਿਹਾ ਜਾਂਦਾ ਹੈ। ਲੋੜਵੰਦ ਪਰਿਵਾਰਾਂ ਵੱਲੋਂ ਸਹਾਇਤਾ ਪ੍ਰਾਪਤ ਕਰਨ ਉਪਰੰਤ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨ ਸਮਰੱਥ ਹੋ ਗਏ ਹਾਂ। ਅੱਜ ਦਾ ਦਿਨ ਗੁਰਦੁਆਰਾ ਸਾਹਿਬ ਜੀ ਦੇ ਚਾਬੀਆਂ ਦੇ ਮੋਰਚੇ ਦੀ ਜਿੱਤ ਦਾ ਦਿਨ ਵੀ ਹੈ। ਇਸ ਮੌਕੇ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਰਣਧੀਰ ਸਿੰਘ ਸਾਗੂ, ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਚਰਨਜੀਤ ਸਿੰਘ, ਸੋਮ ਨਾਥ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਜਤਿੰਦਰ ਸਿੰਘ ਕੈਂਥ, ਹਰਭਗਵਾਨ ਸਿੰਘ ਖੱਪਿਆਂਵਾਲ਼ੀ ਵਾਲੀ, ਕਾਲਾ ਖੱਪਿਆਂਵਾਲ਼ੀ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਉਪ ਜ਼ਿਲ੍ਹਾ ਸਿੱਖਿਆ ਅਫਸਰ ਆਦਿ ਹਾਜ਼ਰ ਸਨ।

# ਭਾਰਤੀ ਮੂਲ ਦੀ ਕੁਲਕਰਨੀ ਕੈਲੀਫੋਰਨੀਆ ਕਮਿਸ਼ਨ 'ਚ ਨਿਯੁਕਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਗਵਰਨਰ ਗੈਵਿਨ ਨਿਊਸਮ ਦੁਆਰਾ ਭਾਰਤੀ ਮੂਲ ਦੀ ਮਾਨਵੀ ਅਧਿਕਾਰਾਂ ਬਾਰੇ ਵਕੀਲ ਮੰਜੂਸ਼ਾ ਪੀ ਕੁਲਕਰਨੀ ਨੂੰ ਏਸ਼ੀਅਨ ਤੇ ਪੈਸੀਫਿਕ ਆਈਸਲੈਂਡਰ ਅਮਰੀਕੀ ਮਾਮਲਿਆਂ ਬਾਰੇ ਕੈਲੀਫੋਰਨੀਆ ਕਮਿਸ਼ਨ (ਏ.ਏ.ਪੀ.ਆਈ.) ਵਿਚ ਨਿਯੁਕਤ ਕੀਤਾ ਗਿਆ ਹੈ। ਕਮਿਸ਼ਨ ਵਿਚ ਸੇਵਾਵਾਂ ਬਦਲੇ ਉਨਾਂ ਨੂੰ ਕੋਈ ਆਰਥਿਕ ਲਾਭ ਨਹੀਂ ਮਿਲੇਗਾ ਤੇ ਇਸ ਵਾਸਤੇ ਸੈਨੇਟ ਦੀ ਪ੍ਰਵਾਨਗੀ ਦੀ ਵੀ ਲੋੜ ਨਹੀਂ ਹੈ। ਇਸ ਤੋਂ ਪਹਿਲਾਂ ਕੁਲਕਰਨੀ ਕਈ ਸੰਸਥਾਵਾਂ ਵਿਚ ਅਹਿਮ ਅਹੁਦਿਆਂ 'ਤੇ ਕੰਮ ਕਰ ਚੁੱਕੀ ਹੈ। ਇਸ ਸਮੇਂ ਉਹ ਏ.ਏ.ਪੀ.ਆਈ. ਇਕੁਇਟੀ ਅਲਾਇੰਸ ਜੋ 40 ਭਾਈਚਾਰਿਆਂ ਤੋਂ ਵੱਧ ਦਾ ਸੰਗਠਨ ਹੈ, ਵਿਚ ਕਾਰਜਕਾਰੀ ਡਾਇਰੈਕਟਰ ਵਜੋਂ ਸੇਵਾਵਾਂ ਦੇ ਰਹੀ ਹੈ।



ਮੰਜੂਸ਼ਾ ਕੁਲਕਰਨੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਬਿਹਾਰ 'ਆਨੰਦ ਮੈਰਿਜ ਐਕਟ' ਲਾਗੂ ਕਰਨ ਵਾਲਾ ਭਾਰਤ ਦਾ 8ਵਾਂ ਰਾਜ ਬਣਿਆ



**ਅੰਮ੍ਰਿਤਸਰ, (ਪੰਜਾਬ ਮੇਲ)**- ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪੂਰਬੀ ਭਾਰਤ ਦੇ ਪ੍ਰਧਾਨ ਸੂਰਜ ਸਿੰਘ ਨਲਵਾ ਅਤੇ ਉਨ੍ਹਾਂ ਦੀ ਪੂਰੀ ਟੀਮ ਨੇ ਬਿਹਾਰ ਵਿਚ 'ਆਨੰਦ ਮੈਰਿਜ ਐਕਟ' ਲਾਗੂ ਹੋਣ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ।

ਨਲਵਾ ਨੇ ਦੱਸਿਆ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਬਿਹਾਰ ਵਿਚ ਆਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਦਾ ਫ਼ੈਸਲਾ ਸਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਕਮੇਟੀ ਦੀ ਪੂਰੀ ਟੀਮ ਇਸ ਕਾਰਜ ਲਈ ਲਗਾਤਾਰ ਸੰਘਰਸ਼ ਅਤੇ ਯਤਨ ਕਰ ਰਹੀ ਸੀ। ਸਾਨੂੰ ਬੇਹੱਦ ਖ਼ੁਸ਼ੀ ਹੈ ਕਿ ਸਾਡੀ ਮਿਹਨਤ ਰੰਗ ਲਿਆਈ ਹੈ ਅਤੇ ਹੁਣ ਸਿੱਖ ਭਾਈਚਾਰੇ ਦੇ ਵਿਆਹ ਆਨੰਦ ਮੈਰਿਜ ਐਕਟ ਅਧੀਨ ਰਜਿਸਟਰ ਹੋ ਸਕਣਗੇ।

ਸੂਰਜ ਸਿੰਘ ਨਲਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤੋਂ ਪਹਿਲਾਂ ਦੇਸ਼ ਦੇ 7 ਰਾਜਾਂ ਵਿਚ ਇਹ ਕਾਨੂੰਨ ਲਾਗੂ ਹੋ ਚੁੱਕਾ ਹੈ ਅਤੇ ਹੁਣ ਬਿਹਾਰ ਦੇਸ਼ ਦਾ ਅੱਠਵਾਂ ਰਾਜ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਿੱਖਾਂ ਦੇ ਵਿਆਹਾਂ ਦੀ ਰਜਿਸਟ੍ਰੇਸ਼ਨ ਹਿੰਦੂ ਮੈਰਿਜ ਐਕਟ ਅਧੀਨ ਹੁੰਦੀ ਸੀ, ਜਿਸ ਕਾਰਨ ਭਾਈਚਾਰੇ ਵਿਚ ਲੰਬੇ ਸਮੇਂ ਤੋਂ ਇਸ ਐਕਟ ਨੂੰ ਵੱਖਰੇ ਤੌਰ 'ਤੇ ਲਾਗੂ ਕਰਨ ਦੀ ਮੰਗ ਸੀ। ਉਨ੍ਹਾਂ ਕਿਹਾ ਕਿ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਸਿੱਖ ਭਾਈਚਾਰੇ ਦੀਆਂ ਮੰਗਾਂ ਨੂੰ ਬਹੁਤ ਗੰਭੀਰਤਾ ਨਾਲ ਲੈ ਕੇ ਇਕ-ਇਕ ਕਰ ਕੇ ਪੂਰਾ ਕੀਤਾ ਜਾ ਰਿਹਾ ਹੈ।

# ਪੰਜਾਬ 'ਚ ਗੋਲਡੀ ਬਰਾੜ ਨਾਲ ਜੁੜੇ ਗੈਂਗ ਦੇ 10 ਸ਼ੂਟਰ ਹਥਿਆਰਾਂ ਸਣੇ ਗ੍ਰਿਫ਼ਤਾਰ

**ਲੁਧਿਆਣਾ, (ਪੰਜਾਬ ਮੇਲ)**- ਲੁਧਿਆਣਾ ਪੁਲਿਸ ਨੇ ਗੈਂਗਸਟਰ ਗੋਲਡੀ ਬਰਾੜ ਨਾਲ ਜੁੜੇ ਗੈਂਗ ਦੇ ਮਾਡਿਊਲ ਦਾ ਪਰਦਾਫ਼ਾਸ਼ ਕੀਤਾ ਹੈ। 3 ਹਫ਼ਤਿਆਂ ਦੀ ਕਾਰਵਾਈ ਦੌਰਾਨ 10 ਕਾਰਕੁਨਾਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਅਤੇ ਵਿਦੇਸ਼ੀ ਬਣੇ ਪਿਸਤੌਲ ਬਰਾਮਦ ਕੀਤੇ, ਜਿਨ੍ਹਾਂ ਵਿਚ 2 ਆਸਟ੍ਰੀਅਨ ਗਲੌਕ ਪਿਸਤੌਲ ਅਤੇ 10 ਹੋਰ ਆਧੁਨਿਕ ਹਥਿਆਰ ਸ਼ਾਮਲ ਹਨ।

ਗ੍ਰਿਫ਼ਤਾਰ ਕੀਤੇ ਗਏ ਸਮੱਗਲਰ ਸੂਬੇ ਭਰ ਵਿਚ ਕਾਨੂੰਨਹੀਣਤਾ ਪੈਦਾ ਕਰਨ ਦੇ ਉਦੇਸ਼ ਨਾਲ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ, ਜ਼ਬਰਦਸਤੀ ਅਤੇ ਯੋਜਨਾਬੱਧ ਕਤਲਾਂ ਵਿਚ ਸ਼ਾਮਲ ਹਨ। ਮੁਲਜ਼ਮਾਂ ਖ਼ਿਲਾਫ਼ ਬੀ.ਐੱਨ.ਐੱਸ. ਅਤੇ ਆਰਮਜ਼ ਐਕਟ ਤਹਿਤ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਬਾਕੀ ਸਾਥੀਆਂ ਨੂੰ ਫੜਨ ਲਈ ਹੋਰ ਜਾਂਚ ਜਾਰੀ ਹੈ। ਇਸ ਦੀ ਜਾਣਕਾਰੀ ਡੀ.ਜੀ.ਪੀ. ਗੌਰਵ ਯਾਦਵ ਨੇ ਦਿੱਤੀ। ਉਨ੍ਹਾਂ ਕਿਹਾ ਕਿ ਸੰਗਠਿਤ ਅਪਰਾਧ ਅਤੇ ਗੈਂਗਸਟਰ ਨੈੱਟਵਰਕ ਨੂੰ ਕੁਚਲਣ ਅਤੇ ਪੰਜਾਬ ਭਰ ਵਿਚ ਸ਼ਾਂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦ੍ਰਿੜ੍ਹਤਾ ਨਾਲ ਵਚਨਬੱਧ ਹੈ।

# ਵਿਧਾਇਕ ਡਾ. ਸੁਖਵਿੰਦਰ ਸੁੱਖੀ ਵੱਲੋਂ ਅਸਤੀਫਾ! ਚੇਅਰਮੈਨੀ ਵੀ ਛੱਡੀ

**ਰੂਪਨਗਰ/ਜਲੰਧਰ, (ਪੰਜਾਬ ਮੇਲ)** - ਪੰਜਾਬ ਦੀ ਸਿਆਸਤ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆਈ ਹੈ। ਵਿਧਾਇਕ ਸੁਖਵਿੰਦਰ



ਕੁਮਾਰ ਸੁੱਖੀ ਨੇ ਚੇਅਰਮੈਨੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਦੀ ਜਾਣਕਾਰੀ ਖ਼ੁਦ ਵਿਧਾਇਕ ਸੁਖਵਿੰਦਰ ਸਿੰਘ ਸੁੱਖੀ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਾਵਨ ਸਰੂਪਾਂ ਦੇ ਮਾਮਲੇ ਵਿਚ ਦਿੱਤੇ ਗਏ ਬਿਆਨਾਂ ਤੋਂ ਡਾ. ਸੁਖੀ ਨਾਰਾਜ਼ ਚੱਲ ਰਹੇ ਹਨ। ਉਨ੍ਹਾਂ ਲਾਈਵ ਹੋ ਕੇ ਦੱਸਿਆ ਕਿ ਰਾਜਾ ਸਾਹਿਬ ਦੇ ਸਤਿਕਾਰ ਲਈ ਮੈਂ ਕਿਸੇ ਵੀ ਹੱਦ ਤੱਕ ਜਾ ਸਕਦਾ ਹਾਂ। ਮੈਂ ਆਪਣੇ ਕੈਬਿਨਟ ਮੰਤਰੀ ਰੈਂਕ ਅਤੇ ਚੇਅਰਮੈਨ ਕਨਵੇਅਰ ਦੇ ਅਹੁਦੇ ਤੋਂ ਅਸਤੀਫ਼ਾ ਦਿੰਦਾ ਹਾਂ। ਦਰਅਸਲ ਪਿਛਲੇ ਦਿਨੀਂ ਮੁਕਤਸਰ ਮਾਘੀ ਮੇਲੇ ਉੱਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਪ੍ਰਗਟਾਵਾ ਕੀਤਾ ਸੀ ਕਿ ਜੋ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਪਵਨ ਸਰੂਪਾਂ ਦਾ ਮਾਮਲਾ ਚੱਲ ਰਿਹਾ, ਉਸ ਵਿਚੋਂ ਕੁਝ ਸਰੂਪ ਬੰਗਾ ਨੇੜੇ ਪਿੰਡ ਮਜਾਰਾ ਨੌਂ ਆਬਾਦ ਵਿਖੇ ਧਾਰਮਿਕ ਅਸਥਾਨ ਰੱਸੋਖਾਨਾ ਸ਼੍ਰੀ ਨਾਭ ਕਮਲ ਰਾਜਾ ਸਾਹਿਬ ਤੋਂ ਮਿਲੇ ਹਨ। ਇਸ ਬਿਆਨ ਤੋਂ ਬਾਅਦ ਉੱਕਤ ਧਾਰਮਿਕ ਅਸਥਾਨ ਨਾਲ ਜੁੜੀਆਂ ਸੰਗਤਾਂ ਨੇ ਸਖ਼ਤ ਪ੍ਰਤੀਕਰਮ ਦਿੱਤਾ ਅਤੇ ਮਾਨ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ ਸੀ। ਉਸੇ ਦਿਨ ਦੇਰ ਸ਼ਾਮ ਇਸ ਇਲਾਕੇ ਦੇ ਵਿਧਾਇਕ ਡਾਕਟਰ ਸੁਖਵਿੰਦਰ ਸੁੱਖੀ ਜੋ ਅਕਾਲੀ ਦਲ ਬਾਦਲ ਦੀ ਟਿਕਟ ਤੋਂ ਜਿੱਤ ਕੇ ਹੁਣ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ ਅਤੇ ਆਮ ਆਦਮੀ ਪਾਰਟੀ ਨੇ ਇਨ੍ਹਾਂ ਨੂੰ ਕੈਬਨਿਟ ਰੈਂਕ ਦਿੱਤਾ ਸੀ ਅਤੇ ਚੈਅਰਮੈਨ ਕੰਨਵੇਅਰ ਵਿਭਾਗ ਦਾ ਲਾਇਆ ਸੀ, ਉਨ੍ਹਾਂ ਨੇ ਸ਼੍ਰੀ ਰਾਜਾ ਸਾਹਿਬ ਅਸਥਾਨ ਉੱਤੇ ਜਾ ਕਿ ਇਸ ਬਿਆਨ ਦੀ ਅਸਿੱਧੇ ਸ਼ਬਦਾਂ ਵਿਚ ਨਿੰਦਾ ਕੀਤੀ ਸੀ ਅਤੇ ਆਪਣੀ ਆਸਥਾ ਦਾ ਕੇਂਦਰ ਦੱਸਿਆ ਸੀ।

## ■ ਮੁੱਖ ਮੰਤਰੀ ਵੱਲੋਂ ਪਾਵਨ ਸਰੂਪਾਂ ਦੇ ਮਾਮਲੇ 'ਚ ਦਿੱਤੇ ਗਏ ਬਿਆਨਾਂ ਤੋਂ ਸੀ ਦੁਖੀ

ਇਸ ਮਾਮਲੇ ਨਾਲ ਇਸ ਅਸਥਾਨ ਨਾਲ ਸ਼ਰਧਾ ਨਾਲ ਜੁੜੀਆਂ ਸੰਗਤਾਂ ਵਿਚ ਸਰਕਾਰ ਪ੍ਰਤੀ ਬਹੁਤ ਸਖ਼ਤ ਰੋਸ ਪੈਦਾ ਹੋਇਆ ਹੈ। ਡਾ. ਸੁੱਖਵਿੰਦਰ ਸੁੱਖੀ ਵਿਧਾਇਕ ਨੇ ਉਸ ਅਸਥਾਨ ਉੱਤੇ ਜਾ ਕੇ ਰੋਸ ਵਜੋਂ ਚੈਅਰਮੈਨਸ਼ਿਪ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਉੱਕਤ ਮਾਮਲੇ ਵਿਚ ਉਨ੍ਹਾਂ ਨੂੰ ਬਹੁਤ ਠੇਸ ਪਹੁੰਚੀ ਹੈ।

ਉਨ੍ਹਾਂ ਅਸਿੱਧੇ ਸ਼ਬਦਾਂ ਵਿਚ ਆਮ ਆਦਮੀ ਸਰਕਾਰ ਦੇ ਇਸ ਕਦਮ ਨਾਲ ਮਾਹੌਲ ਖ਼ਰਾਬ ਹੋਣ ਬਾਰੇ ਖ਼ੁਲਾਸਾ ਕਰਦਿਆਂ ਕਿਹਾ ਕਿ ਕੂੜ ਪ੍ਰਚਾਰ ਕੁਝ ਲੋਕ ਕਰ ਰਹੇ ਹਨ, ਜਿਸ ਤੋਂ ਉਹ ਦੁਖ਼ੀ ਹਨ। ਇਥੇ ਜ਼ਿਕਰਯੋਗ ਹੈ ਕਿ ਇਸ ਮਾਮਲੇ ਨਾਲ ਸੰਗਤਾਂ ਵਿਚ ਪ੍ਰਚੰਡ ਰੋਹ ਪੈਦਾ ਹੋਇਆ, ਜਿਸ ਦਾ ਸਰਕਾਰ ਨੂੰ ਭਵਿੱਖ ਵਿਚ ਵੱਡਾ ਨੁਕਸਾਨ ਹੋਵੇਗਾ। ਵਿਰੋਧੀ ਪਾਰਟੀਆਂ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਖ਼ਤ ਸ਼ਬਦਾਂ 'ਚ ਸਰਕਾਰ ਦੀ ਨਿੰਦਾ ਕੀਤੀ ਅਤੇ ਲੋਕਾਂ ਦੀ ਸਰਕਾਰ ਖਿਲਾਫ ਵਿਰੋਧ ਪ੍ਰਗਟ ਕਰਨ ਵਾਲਿਆਂ ਪ੍ਰਤੀ ਹਮਦਰਦੀ ਬਣਦੀ ਜਾ ਰਹੀ ਹੈ, ਜਿਸ ਦਾ ਹਾਕਮ ਸਰਕਾਰ ਦੇ ਵਿਧਾਇਕ ਸੁੱਖੀ ਨੂੰ ਸਿੱਧਾ ਨੁਕਸਾਨ ਹੋਵੇਗਾ, ਜਿਸ ਕਰਕੇ ਰਾਜਨੀਤਿਕ ਪੂਰਾ ਮਾਹੌਲ ਆਮ ਆਦਮੀ ਪਾਰਟੀ ਖ਼ਿਲਾਫ਼ ਕਈ ਦੋਆਬੇ ਦੀਆਂ ਵਿਧਾਨ ਸਭਾ ਸੀਟਾਂ ਉੱਤੇ ਬਣ ਗਿਆ ਹੈ, ਜਿਸ ਨੂੰ ਮੋੜਾ ਪਾਉਣਾ ਸਰਕਾਰ ਦੇ ਵਸ ਦੀ ਗਲ ਨਹੀਂ ਜਾਪਦੀ।




# ਪੰਜਾਬੀ ਦੇ ਉੱਘੇ ਲੇਖਕ, ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ, ਪੰਜਾਬ ਦੇ ਪ੍ਰਧਾਨ ਗੁਰਮੀਤ ਸਿੰਘ ਪਲਾਹੀ ਦਾ ਅਮਰੀਕਾ ਵਿਖੇ ਹੋਇਆ ਸਨਮਾਨ

**ਹੈਵਰਡ, (ਪੰਜਾਬ ਮੇਲ)-** ਹੈਵਰਡ ਵਿਖੇ ਪੰਜਾਬੀ ਲੇਖਕ ਅਤੇ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ (ਰਜਿ:) ਦੇ ਪ੍ਰਧਾਨ, ਪੰਜਾਬ ਚੇਤਨਾ ਮੰਚ ਦੇ ਸੰਗਠਨ ਸਕੱਤਰ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਦਾ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆਂ ਵੱਲੋਂ ਪ੍ਰਧਾਨ ਕੁਲਵਿੰਦਰ ਦੀ ਅਗਵਾਈ ਵਿਚ ਰੂਬਰੂ ਅਤੇ ਸਨਮਾਨ ਕੀਤਾ ਗਿਆ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸੰਦਲੀ ਪੈੜਾਂ ਦੇ ਡਾਇਰੈਕਟਰ ਬਲਜੀਤ ਸਿੰਘ ਨਾਲ ਵੀ ਸਾਹਿਤਕ ਇਕੱਠ ਵਿਚ ਗੱਲਬਾਤ ਕੀਤੀ ਗਈ।



ਪ੍ਰਿੰ: ਗੁਰਮੀਤ ਸਿੰਘ ਪਲਾਹੀ ਦਾ ਸਨਮਾਨ ਕਰਦੇ ਹੋਏ ਪ੍ਰਧਾਨ ਕੁਲਵਿੰਦਰ, ਕਵੀ ਹਰਜਿੰਦਰ ਕੰਗ, ਨਾਟਕਕਾਰ ਸੁਰਿੰਦਰ ਸਿੰਘ ਧੰਨੋਆ, ਬਲਜੀਤ ਸਿੰਘ (ਸੰਦਲੀ ਪੈੜਾਂ) ਲਾਜ ਨੀਲਮ ਸੈਣੀ, ਸੁਰਜੀਤ ਸਖੀ ਅਤੇ ਹੋਰ।

ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਪੰਜਾਬੀ ਭਾਸ਼ਾ ਦੇ ਪ੍ਰਚਾਰ, ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ, ਪੰਜਾਬ ਤੇ ਦੇਸ਼ ਦੀ ਅਜੋਕੀ ਸਥਿਤੀ , ਪੰਜਾਬੀ ਲੇਖਕ ਦੇ ਸਨਮੁੱਖ ਆ ਰਹੀਆਂ ਸਮੱਸਿਆਵਾਂ ਪ੍ਰਤੀ ਬੇਵਾਕੀ ਨਾਲ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ਇਸ ਸਮੇਂ ਸਿਆਸੀ ਖਿਲਾਅ ਵਿਚ ਹੈ ਅਤੇ ਪੰਜਾਬ ਨੂੰ ਪਿਛਲੇ ਲੰਮੇ ਸਮੇਂ ਤੋਂ ਸਿਆਸੀ ਲੋਕਾਂ ਵੱਲੋਂ ਬੇਗ਼ਾਨਗੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਪੰਜਾਬ ਦੇ ਬੁੱਧੀਜੀਵੀਆਂ ਨੂੰ ਪੰਜਾਬ ਦੀ ਬੋਲੀ, ਸੱਭਿਆਚਾਰ ਦੀ ਰਾਖੀ ਅਤੇ ਪੰਜਾਬ ਨਾਲ ਹੋ ਰਹੇ ਵਰਤਾਅ ਪ੍ਰਤੀ ਲੋਕਾਂ ਨੂੰ ਸੁਚੇਤ ਕਰਨ ਦਾ ਸੱਦਾ ਦਿੱਤਾ।

ਕਵੀ ਹਰਜਿੰਦਰ ਕੰਗ, ਪ੍ਰਧਾਨ ਕੁਲਵਿੰਦਰ, ਪੰਜਾਬੀ ਬੋਲੀ ਨੂੰ ਪ੍ਰਣਾਈ ਸ਼ਖ਼ਸੀਅਤ ਆਸ਼ਾ ਸ਼ਰਮਾ, ਸੁਰਿੰਦਰ ਧੰਨੋਆ, ਸੁਖਵਿੰਦਰ ਕੰਬੋਜ਼, ਜਗਜੀਤ ਨੌਸ਼ਿਹਰਵੀ ਨੇ ਕਹਾਣੀਕਾਰ ਪ੍ਰਿੰ: ਗੁਰਮੀਤ ਸਿੰਘ ਪਲਾਹੀ ਦੀ ਸਾਹਿਤਕ ਦੇਣ, ਉਨ੍ਹਾਂ ਵੱਲੋਂ ਕੀਤੇ ਜਾ ਰਹੇ ਸਮਾਜਿਕ ਕਾਰਜਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੂੰ ਉਨ੍ਹਾਂ ਵੱਲੋਂ ਸਾਹਿਤ ਅਤੇ ਸਮਾਜ ਨੂੰ ਦਿੱਤੇ ਉੱਘੇ ਯੋਗਦਾਨ ਲਈ ਸਨਮਾਨ ਪੱਤਰ, ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਕੁਲਵਿੰਦਰ, ਸੁਖਵਿੰਦਰ ਕੰਬੋਜ਼, ਕਵਿਤਰੀ ਸੁਰਜੀਤ ਸਾਖੀ, ਕਵੀ ਅਮਰ ਸਿੰਘ ਅਤੇ ਕਵਿਤਰੀ ਅਮਰਜੀਤ ਪੰਨੂ ਨੇ ਕੀਤੀ।

ਇਸ ਸਮੇਂ ਕਰਵਾਏ ਕਵੀ ਦਰਬਾਰ ਵਿਚ ਕੁਲਵਿੰਦਰ, ਸੁਰਜੀਤ ਸਖੀ, ਸੁਖਵਿੰਦਰ ਕੰਬੋਜ਼, ਅਮਰ ਸਿੰਘ ਸੂਫ਼ੀ ਕਵੀ, ਅਮਰਜੀਤ ਪਾਲੀ, ਪੰਕਜ ਅੰਸਲ, ਅਵਤਾਰ ਗਧਾਰਾ, ਤਾਰਾ ਸਾਗਰ, ਲਾਜ ਨੀਲਮ ਸੈਣੀ, ਜਗਜੀਤ ਨੌਸ਼ਿਹਰਵੀ ਨੇ ਹਿੱਸਾ ਲਿਆ। ਕਵੀਆਂ ਦੇ ਬੋਲ "ਤੈਨੂੰ ਹੈ ਜਾਪਦਾ ਮੈਂ ਸੁੰਨ ਖੰਡਰ 'ਚ ਹਾਂ", "ਸੂਰਜ ਨੂੰ ਕੋਲ ਰੱਖ, ਇਨ੍ਹਾਂ ਤਾਰਿਆਂ ਦਾ ਹਿਸਾਬ ਦੇ", "ਖਾਲਸ ਤਾਂ ਬਾਬਾ ਨਾਨਕ ਸੀ", "ਘਰ ਦੀ ਚੁੱਪ ਤੋਂ ਡਰ ਜਾਵਾਂ", "ਕਵਿਤਾ ਦੇ ਘਰ 'ਚ ਹਾਂ", "ਏ.ਆਈ. ਨੇ ਕੀਲਿਆਂ ਮਾਹੀ", "ਦਿਲ ਵਿਚ ਤਾਰਿਆਂ ਸਾਹਵੇਂ ਮੰਜੀ ਢਾਹੀਏ", "ਪਿੱਪਲ ਦੀ ਛਾਂ ਵਰਗਾ ਸੀ ਮੇਰਾ ਪੁੱਤ, ਡਾਲਰਾਂ ਨੇ ਪੁੱਤ ਮੋਹ ਲਿਆ" ਜਿਹੇ ਕਵੀਆਂ ਦੇ ਬੋਲਾਂ ਨੇ ਮਹਿਫ਼ਲ ਵਿਚ ਵੱਖਰਾ ਹੀ ਰੰਗ ਭਰ ਦਿੱਤਾ। ਪ੍ਰਸਿੱਧ ਨਾਟਕਕਾਰ ਸੁਰਿੰਦਰ ਸਿੰਘ ਧੰਨੋਆ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਸੰਚਾਲ ਦੀ ਭੂਮਿਕਾ ਜਗਜੀਤ ਨੌਸ਼ਿਹਰਵੀ ਨੇ ਬਾਖ਼ੂਬੀ ਨਿਭਾਈ। ਸਾਹਿਤਕ ਮਹਿਫ਼ਲ ਵਿਚ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਪ੍ਰਸਿੱਧ ਕਵੀਆਂ ਦੇ ਕਲਾਮ ਪੇਸ਼ ਕਰਕੇ ਮਹਿਫ਼ਲ ਹੀ ਲੁੱਟ ਲਈ। ਭੁਪਿੰਦਰ ਸਿੰਘ ਸੱਲ, ਰਜਿੰਦਰ ਸਿੰਘ ਸੱਲ, ਸਤਵਿੰਦਰ ਸਿੰਘ ਸੱਲ ਪਲਾਹੀ ਤੋਂ ਬਿਨਾਂ ਵੱਡੀ ਗਿਣਤੀ ਵਿਚ ਪੰਜਾਬੀ ਪ੍ਰੇਮੀ ਹਾਜ਼ਰ ਸਨ।

# ਲਾਸ ਏਂਜਲਸ 'ਚ ਪਿਤਾ ਵੱਲੋਂ ਪਤਨੀ ਤੇ ਧੀ ਦੀ ਹੱਤਿਆ ਕਰਨ ਉਪਰੰਤ ਖ਼ੁਦਕੁਸ਼ੀ

**■ ਦੂਜੀ ਧੀ ਦੀ ਚੌਕਸੀ ਨੇ ਉਸ ਦੀ ਜਾਨ ਬਚਾਈ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਲਾਸ ਏਂਜਲਸ ਦੇ ਨੀਮ ਸ਼ਹਿਰੀ ਖੇਤਰ ਵਿਚ ਇਕ ਪਿੱਤਾ ਵੱਲੋਂ ਗੋਲੀਆਂ ਮਾਰ ਕੇ ਆਪਣੀ ਪਤਨੀ ਤੇ ਧੀ ਦੀ ਹੱਤਿਆ ਕਰਨ ਉਪਰੰਤ ਖੁਦਕੁਸ਼ੀ ਕਰ ਲੈਣ ਦੀ ਖਬਰ ਹੈ, ਜਦਕਿ ਮ੍ਰਿਤਕ ਦੀ ਤੀਸਰੀ ਧੀ ਦਾ ਕਿਸੇ ਤਰ੍ਹਾਂ ਬਚਾਅ ਹੋ ਗਿਆ। ਇਹ ਜਾਣਕਾਰੀ ਕੈਲੀਫੋਰਨੀਆ ਪੁਲਿਸ ਨੇ ਦਿੱਤੀ ਹੈ। ਸ਼ੈਰਿਫ ਵਿਭਾਗ ਅਨੁਸਾਰ 19 ਸਾਲਾ ਵੱਡੀ ਧੀ ਨੇ ਪੁਲਿਸ ਨੂੰ ਫੋਨ ਉਪਰ ਦੱਸਿਆ ਕਿ ਉਨ੍ਹਾਂ ਦੇ ਘਰ ਵਿਚ ਗੋਲੀਆਂ ਚੱਲਣ ਦੀ ਆਵਾਜ਼ ਆਉਣ ਉਪਰੰਤ ਉਹ ਚੌਕਸ ਹੋ ਗਈ ਤੇ ਅਗਲੇ ਹੀ ਪਲ ਉਸ ਨੇ ਵੇਖਿਆ ਕਿ ਉਸ ਦੇ ਪਿਤਾ ਦੇ ਹੱਥ ਵਿਚ ਗੰਨ ਹੈ ਤੇ ਉਸ ਨੇ ਉਸ ਉਪਰ ਵੀ ਕਈ ਗੋਲੀਆਂ ਚਲਾਈਆਂ ਪਰ ਉਹ ਕਿਸੇ ਤਰ੍ਹਾਂ ਬੱਚ ਗਈ ਹੈ। ਉਸ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਖੁਦ ਨੂੰ ਵੀ ਗੋਲੀ ਮਾਰ ਲਈ ਹੈ। ਪੁਲਿਸ ਅਫਸਰ ਤੁਰੰਤ ਲੇਕਵੁੱਡ ਖੇਤਰ ਦੇ ਇਕ ਘਰ ਵਿਚ ਪੁੱਜੇ। ਪੁਲਿਸ ਨੂੰ ਘਰ ਵਿਚੋਂ 52 ਸਾਲਾ ਲਿਓਨੈਲ ਅਲਫਰੋ, ਉਸ ਦੀ ਪਤਨੀ 48 ਸਾਲਾ ਅਲਫਰੋ ਤੇ 17 ਸਾਲਾ ਧੀ ਜ਼ਖਮੀ ਹਾਲਤ ਵਿਚ ਮਿਲੇ। ਇਨ੍ਹਾਂ ਸਾਰਿਆਂ ਦੇ ਧੜ ਦੇ ਉਪਰਲੇ ਹਿੱਸੇ ਵਿਚ ਗੋਲੀਆਂ ਵੱਜੀਆਂ ਹੋਈਆਂ ਸਨ। ਇਨ੍ਹਾਂ ਤਿੰਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੂੰ ਘਰ ਵਿਚੋਂ ਦੋ ਹਥਿਆਰ ਬਰਾਮਦ ਹੋਏ ਹਨ। ਸ਼ੈਰਿਫ ਦਫਤਰ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਮੁੱਢਲੀ ਜਾਂਚ ਤੋਂ ਸੰਕੇਤ ਮਿਲਿਆ ਹੈ ਕਿ ਇਸ ਘਟਨਾ ਵਿਚ ਬਾਹਰਲਾ ਕੋਈ ਸ਼ੱਕੀ ਸ਼ਾਮਲ ਨਹੀਂ ਹੈ। ਬੁਲਾਰੇ ਨੇ ਕਿਹਾ ਕਿ ਮਾਮਲਾ ਅਜੇ ਜਾਂਚ ਅਧੀਨ ਹੈ।

# ਅਮਰੀਕਾ ਦੇ ਐੱਫ.ਏ.ਏ. ਵੱਲੋਂ ਪਾਇਲਟਾਂ ਅਤੇ ਏਅਰਲਾਈਨਾਂ ਲਈ ਅਹਿਮ ਸੁਰੱਖਿਆ ਚਿਤਾਵਨੀ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਹਵਾਬਾਜ਼ੀ ਰੈਗੂਲੇਟਰ, ਫੈਡਰਲ ਐਵੀਏਸ਼ਨ ਐਡਮਿਨਿਸਟ੍ਰੇਸ਼ਨ (ਐੱਫ.ਏ.ਏ.) ਨੇ ਪੂਰਬੀ ਪ੍ਰਸ਼ਾਂਤ ਮਹਾਸਾਗਰ ਦੇ ਉੱਪਰ ਉਡਾਣ ਭਰਨ ਵਾਲੇ ਪਾਇਲਟਾਂ ਅਤੇ ਏਅਰਲਾਈਨਾਂ ਲਈ ਇੱਕ ਅਹਿਮ ਸੁਰੱਖਿਆ ਚਿਤਾਵਨੀ ਜਾਰੀ ਕੀਤੀ ਹੈ। ਏਜੰਸੀ ਨੇ ਸੰਭਾਵੀ ਫੌਜੀ ਗਤੀਵਿਧੀਆਂ ਅਤੇ ਸੈਟੇਲਾਈਟ ਨੇਵੀਗੇਸ਼ਨ (ਜੀ.ਪੀ.ਐੱਸ.) ਸਿਗਨਲ ਵਿਚ ਵਿਘਨ ਪੈਣ ਦੇ ਖ਼ਤਰੇ ਦੇ ਚੱਲਦਿਆਂ ਪਾਇਲਟਾਂ ਨੂੰ ਬੇਹੱਦ ਚੌਕਸ ਰਹਿਣ ਦੀ ਅਪੀਲ ਕੀਤੀ ਹੈ।

ਐੱਫ.ਏ.ਏ. ਨੇ ਮੈਕਸੀਕੋ, ਮੱਧ ਅਮਰੀਕਾ ਦੇ ਕਈ ਦੇਸ਼ਾਂ, ਪਨਾਮਾ, ਕੋਲੰਬੀਆ, ਇਕੁਆਡੋਰ ਅਤੇ ਪੂਰਬੀ ਪ੍ਰਸ਼ਾਂਤ ਮਹਾਸਾਗਰ ਦੇ ਹਵਾਈ ਖੇਤਰ ਲਈ NOTAM ਜਾਰੀ ਕੀਤੇ ਹਨ। ਇਹ ਚਿਤਾਵਨੀ ਸ਼ੁੱਕਰਵਾਰ (16 ਜਨਵਰੀ) ਤੋਂ ਲਾਗੂ ਹੋ ਗਈ ਹੈ ਅਤੇ ਅਗਲੇ 60 ਦਿਨਾਂ ਤੱਕ ਪ੍ਰਭਾਵੀ ਰਹੇਗੀ।

ਰੈਗੂਲੇਟਰ ਅਨੁਸਾਰ, ਜਹਾਜ਼ ਦੇ ਉਡਾਣ ਭਰਨ, ਰਸਤੇ ਵਿਚ ਹੋਣ ਅਤੇ ਲੈਂਡਿੰਗ ਸਮੇਤ ਸਾਰੇ ਪੜਾਵਾਂ 'ਤੇ ਸੰਭਾਵੀ ਖ਼ਤਰਾ ਮੌਜੂਦ ਹੈ। ਇਹ ਚਿਤਾਵਨੀ ਖੇਤਰ ਵਿਚ ਵਧਦੇ ਭੂ-ਸਿਆਸੀ ਤਣਾਅ ਅਤੇ ਅਮਰੀਕੀ ਫੌਜੀ ਗਤੀਵਿਧੀਆਂ ਦੇ ਵਿਚਕਾਰ ਜਾਰੀ ਕੀਤੀ ਗਈ ਹੈ। ਅਮਰੀਕਾ ਪਿਛਲੇ ਚਾਰ ਮਹੀਨਿਆਂ ਤੋਂ ਕੈਰੇਬੀਅਨ ਅਤੇ ਪ੍ਰਸ਼ਾਂਤ ਖੇਤਰ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਰੋਕਣ ਲਈ ਫੌਜੀ ਮੁਹਿੰਮ ਚਲਾ ਰਿਹਾ ਹੈ। ਇਸ ਤੋਂ ਇਲਾਵਾ, ਵੈਨੇਜ਼ੁਏਲਾ ਵਿਚ ਹੋਈਆਂ ਹਾਲੀਆ ਅਮਰੀਕੀ ਕਾਰਵਾਈਆਂ ਨੇ ਵੀ ਖੇਤਰੀ ਸੁਰੱਖਿਆ ਸਬੰਧੀ ਚਿੰਤਾਵਾਂ ਵਧਾ ਦਿੱਤੀਆਂ ਹਨ। ਚਿਤਾਵਨੀ ਵਿਚ ਵਿਸ਼ੇਸ਼ ਤੌਰ 'ਤੇ ਉਪਗ੍ਰਹਿ ਨੇਵੀਗੇਸ਼ਨ ਵਿਚ ਦਖਲਅੰਦਾਜ਼ੀ ਦੀ ਗੱਲ ਕਹੀ ਗਈ ਹੈ, ਜੋ ਉਡਾਣਾਂ ਦੇ ਸੁਰੱਖਿਅਤ ਸੰਚਾਲਨ ਲਈ ਘਾਤਕ ਹੋ ਸਕਦੀ ਹੈ। ਐੱਫ.ਏ.ਏ. ਅਨੁਸਾਰ, ਅਜਿਹੀਆਂ ਚਿਤਾਵਨੀਆਂ ਆਮ ਤੌਰ 'ਤੇ ਉਨ੍ਹਾਂ ਖੇਤਰਾਂ ਵਿਚ ਜਾਰੀ ਕੀਤੀਆਂ ਜਾਂਦੀਆਂ ਹਨ, ਜਿੱਥੇ ਆਲੇ-ਦੁਆਲੇ ਦੁਸ਼ਮਣੀ ਵਾਲੀਆਂ ਜਾਂ ਫੌਜੀ ਗਤੀਵਿਧੀਆਂ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਚਿਤਾਵਨੀ ਤੋਂ ਬਾਅਦ ਕਈ ਪ੍ਰਮੁੱਖ ਏਅਰਲਾਈਨਾਂ ਵੱਲੋਂ ਆਪਣੇ ਰੂਟਾਂ ਦੀ ਸਮੀਖਿਆ ਕੀਤੇ ਜਾਣ ਦੀ ਉਮੀਦ ਹੈ।

# ਅਮਰੀਕੀ ਸੰਘੀ ਅਦਾਲਤਾਂ ਵੱਲੋਂ ਜੇਲ੍ਹ 'ਚ ਡੱਕੇ 3 ਬੇਕਸੂਰ ਭਾਰਤੀ ਨੌਜਵਾਨ ਨੂੰ ਤੁਰੰਤ ਰਿਹਾਅ ਕਰਨ ਦੇ ਹੁਕਮ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀਆਂ ਸੰਘੀ ਅਦਾਲਤਾਂ ਨੇ ਮਨੁੱਖੀ ਅਧਿਕਾਰਾਂ ਅਤੇ ਨਿਆਂ ਪ੍ਰਣਾਲੀ ਦੇ ਹੱਕ ਵਿਚ ਵੱਡਾ ਫੈਸਲਾ ਸੁਣਾਉਂਦੇ ਹੋਏ ਤਿੰਨ ਭਾਰਤੀ ਨਾਗਰਿਕਾਂ ਨੂੰ ਤੁਰੰਤ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਕੈਲੀਫੋਰਨੀਆ ਦੇ ਜੱਜਾਂ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਬਿਨਾਂ ਕਿਸੇ ਸੁਣਵਾਈ ਜਾਂ ਉਚਿਤ ਨੋਟਿਸ ਦੇ ਦੁਬਾਰਾ ਹਿਰਾਸਤ 'ਚ ਲੈਣਾ ਗੈਰ-ਕਾਨੂੰਨੀ ਹੈ।

ਇਹ ਤਿੰਨੋਂ ਭਾਰਤੀ ਨਾਗਰਿਕ ਪਹਿਲਾਂ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਰਿਹਾਅ ਕੀਤੇ ਗਏ ਸਨ ਅਤੇ ਅਮਰੀਕਾ ਵਿਚ ਆਪਣੀ ਸ਼ਰਣ (ਅਸਾਇਲਮ) ਦੀ ਪ੍ਰਕਿਰਿਆ ਪੂਰੀ ਕਰ ਰਹੇ ਸਨ। ਇਨ੍ਹਾਂ ਨੂੰ ਉਦੋਂ ਮੁੜ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਆਪਣੇ ਨਿਯਮਤ ਚੈੱਕ-ਇਨ ਲਈ ਪੇਸ਼ ਹੋਏ ਸਨ।

ਇਨ੍ਹਾਂ ਤਿੰਨਾਂ ਭਾਰਤੀਆਂ 'ਚੋਂ ਇੱਕ 21 ਸਾਲਾ ਹਰਮੀਤ ਐੱਸ. ਅਗਸਤ 2022 'ਚ ਅਮਰੀਕਾ ਦਾਖਲ ਹੋਇਆ ਸੀ। ਉਹ ਸਾਰੇ ਨਿਯਮਾਂ ਦੀ ਪਾਲਣਾ ਕਰ ਰਿਹਾ ਸੀ ਅਤੇ ਉਸਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ। ਨਵੰਬਰ 2025 ਵਿਚ ਜਦੋਂ ਉਹ ਆਈ.ਸੀ.ਈ. (ICE) ਕੋਲ ਚੈੱਕ-ਇਨ ਲਈ ਪੇਸ਼ ਹੋਇਆ, ਤਾਂ ਉਸਨੂੰ ਬਿਨਾਂ ਕਿਸੇ ਕਾਰਨ ਦੇ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਹਿਰਾਸਤ ਵਿਚ ਰੱਖਿਆ ਗਿਆ। ਜੱਜ ਟ੍ਰੋਏ ਐੱਲ. ਨਨਲੇ ਨੇ ਇਸ ਨੂੰ ਸੰਵਿਧਾਨ ਦੀ ਪੰਜਵੀਂ ਸੋਧ ਦੀ ਉਲੰਘਣਾ ਮੰਨਿਆ ਹੈ ਅਤੇ ਉਸ ਦੀ ਰਿਹਾਈ ਦੇ ਹੁਕਮ ਦਿੱਤੇ।

ਦੂਜਾ ਭਾਰਤੀ ਨੌਜਵਾਨ ਸਾਵਨ ਕੇ. ਸਤੰਬਰ 2024 'ਚ ਅਮਰੀਕਾ ਆਇਆ ਸੀ ਅਤੇ ਉਸਨੇ ਭਾਰਤ ਵਿਚ ਸਿਆਸੀ ਅੱਤਿਆਚਾਰ ਦੇ ਡਰੋਂ ਸ਼ਰਣ ਮੰਗੀ ਸੀ। ਉਸਨੂੰ ਸਤੰਬਰ 2025 'ਚ ਇੱਕ ਰੂਟੀਨ ਮੁਲਾਕਾਤ ਦੌਰਾਨ ਦੁਬਾਰਾ ਹਿਰਾਸਤ ਵਿਚ ਲਿਆ ਗਿਆ। ਅਦਾਲਤ ਨੇ ਪਾਇਆ ਕਿ ਉਸਨੂੰ 4 ਮਹੀਨਿਆਂ ਤੱਕ ਬਿਨਾਂ ਕਿਸੇ ਵਾਰੰਟ ਜਾਂ ਸੁਣਵਾਈ ਦੇ ਜੇਲ੍ਹ ਵਿਚ ਰੱਖਿਆ ਗਿਆ, ਜੋ ਕਿ ਗੈਰ-ਕਾਨੂੰਨੀ ਸੀ। ਇੱਕ ਵੱਖਰੇ ਫੈਸਲੇ ਵਿਚ, ਜੱਜ ਨਨਲੇ ਨੇ ਸਾਵਨ ਕੇ. ਦੀ ਰਿਹਾਈ ਦਾ ਹੁਕਮ ਦਿੱਤਾ।

ਤੀਜਾ ਭਾਰਤੀ ਨੌਜਵਾਨ ਅਮਿਤ ਹੈ। ਦੱਖਣੀ ਕੈਲੀਫੋਰਨੀਆ ਵਿਚ ਜੱਜ ਜੈਨਿਸ ਐੱਲ. ਸਾਮਾਰਟਿਨੋ ਨੇ ਅਮਿਤ ਦੀ ਰਿਹਾਈ ਦਾ ਹੁਕਮ ਦਿੱਤਾ। ਅਮਿਤ ਸਤੰਬਰ 2022 'ਚ ਅਮਰੀਕਾ ਦਾਖਲ ਹੋਇਆ ਸੀ। ਅਮਿਤ ਨੂੰ ਸਤੰਬਰ 2025 ਵਿਚ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਉਹ ਆਪਣੇ ਕੰਮ 'ਤੇ ਜਾਣ ਲਈ ਟੈਕਸੀ ਦੀ ਉਡੀਕ ਕਰ ਰਿਹਾ ਸੀ। ਅਦਾਲਤ ਨੇ ਕਿਹਾ ਕਿ ਅਮਿਤ ਕੋਲ ਰੁਜ਼ਗਾਰ ਸੀ ਅਤੇ ਉਹ ਆਪਣੀ ਸ਼ਰਨ ਦੀ ਅਰਜ਼ੀ 'ਤੇ ਕੰਮ ਕਰ ਰਿਹਾ ਸੀ, ਅਜਿਹੇ ਵਿਚ ਉਸਨੂੰ ਬਿਨਾਂ ਨੋਟਿਸ ਹਿਰਾਸਤ ਵਿਚ ਲੈਣਾ ਗਲਤ ਹੈ।

## ਮਿਨੀਆਪੋਲਿਸ ਹਿੰਸਾ ਤੋਂ ਬਾਅਦ ਵ੍ਹਾਈਟ ਹਾਊਸ ਨੇ ICE ਦਾ ਕੀਤਾ ਬਚਾਅ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਮਿਨੀਆਪੋਲਿਸ ਵਿਚ ਹੋਈ ਹਿੰਸਾ ਤੋਂ ਬਾਅਦ ਵ੍ਹਾਈਟ ਹਾਊਸ ਨੇ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਏਜੰਟਾਂ ਦਾ ਬਚਾਅ ਕੀਤਾ ਹੈ। ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਡੈਮੋਕ੍ਰੇਟਿਕ ਨੇਤਾਵਾਂ ਅਤੇ ਮੀਡੀਆ ਵੱਲੋਂ ਭੜਕਾਊ ਬਿਆਨਬਾਜ਼ੀ ਕਾਰਨ ਸੰਘੀ ਅਧਿਕਾਰੀਆਂ ਵਿਰੁੱਧ ਹਿੰਸਾ ਵਧੀ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਇੱਕ ਪ੍ਰੈੱਸ ਬ੍ਰੀਫਿੰਗ ਵਿਚ ਕਿਹਾ ਕਿ ICE ਏਜੰਟ ਇਮੀਗ੍ਰੇਸ਼ਨ ਕਾਨੂੰਨ ਲਾਗੂ ਕਰ ਰਹੇ ਸਨ ਅਤੇ ਇੱਕ ਵਿਸ਼ੇਸ਼ ਕਾਰਵਾਈ ਦੌਰਾਨ ਆਪਣੀ ਸੁਰੱਖਿਆ ਲਈ ਕਾਰਵਾਈ ਕਰਨ ਲਈ ਮਜਬੂਰ ਸਨ। ਉਨ੍ਹਾਂ ਕਿਹਾ ਕਿ ਮਿਨੀਆਪੋਲਿਸ ਵਿਚ ਕਾਰਵਾਈ ਇੱਕ ਅਜਿਹੇ ਵਿਅਕਤੀ ਵਿਰੁੱਧ ਸੀ, ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ।



# ਸਰੀ 'ਚ ਨਾਮਵਰ ਪੰਜਾਬੀ ਕਾਰੋਬਾਰੀ ਦਾ ਅਣਪਛਾਤੇ ਹਮਲਾਵਰਾਂ ਵੱਲੋਂ ਕਤਲ

**ਸਰੀ, (ਗੁਰਪ੍ਰੀਤ ਸਿੰਘ ਸਹੋਤਾ/ਪੰਜਾਬ ਮੇਲ)-** ਸਰੀ ਦੀ 176 ਸਟਰੀਟ ਅਤੇ 35 ਐਵੇਨਿਊ ਦੇ ਕੋਲ ਦਿਨ-ਦਿਹਾੜੇ ਗੋਲੀਆਂ ਮਾਰ ਕੇ ਸਰੀ ਦੇ ਇੱਕ ਨਾਮਵਰ ਕਾਰੋਬਾਰੀ ਨੂੰ ਅਣਪਛਾਤੇ ਹਮਲਾਵਰਾਂ ਨੇ ਮਾਰ ਮੁਕਾਇਆ, ਜਿਸਦੀ ਪਛਾਣ ਸਟੂਡੀਓ-12 ਦੇ ਮਾਲਕ ਬਿੰਦਰ ਗਰਚਾ (48) ਵਜੋਂ ਹੋਈ ਹੈ।



ਵਾਰਦਾਤ ਮੌਕੇ 176 ਸਟਰੀਟ 'ਤੇ ਗੱਡੀਆਂ-ਟਰੱਕਾਂ ਦੀ ਪੂਰੀ ਗਹਿਮਾ-ਗਹਿਮੀ ਸੀ ਕਿਉਂਕਿ ਇਹੀ ਸੜਕ ਅੱਗੇ ਜਾ ਕੇ ਅਮਰੀਕਨ ਸਰਹੱਦ ਨਾਲ ਜੁੜਦੀ ਹੈ। ਇਹ ਵਾਰਦਾਤ ਉਸਦੇ ਫਾਰਮ ਦੇ ਗੇਟ ਲਾਗੇ ਵਾਪਰੀ। ਵੈਸੇ ਉਸਦੀ ਰਿਹਾਇਸ਼ ਸ਼ਹਿਰ ਵਿਚ ਹੈ।

ਪੁਲਿਸ ਨੂੰ ਇੱਕ ਸਾੜੀ ਗਈ ਕਾਰ 189 ਸਟਰੀਟ ਅਤੇ 40 ਐਵੇਨਿਊ ਕੋਲੋਂ ਮਿਲੀ ਹੈ, ਜੋ ਇਸ ਘਟਨਾ ਨਾਲ ਜੁੜੀ ਜਾਪਦੀ ਹੈ।

ਸਰੀ-ਵੈਨਕੂਵਰ ਇਲਾਕੇ 'ਚ ਵਿਆਹਾਂ-ਪਾਰਟੀਆਂ ਦੀ ਵੀਡੀਓਗ੍ਰਾਫੀ-ਫੋਟੋਗ੍ਰਾਫੀ ਵਿਚ ਬਿੰਦਰ ਗਰਚਾ ਬਹੁਤ ਵੱਡਾ ਨਾਮ ਸੀ, ਜੋ ਅਨੇਕ ਸਾਲਾਂ ਤੋਂ ਭਾਈਚਾਰੇ ਨਾਲ ਜੁੜਿਆ ਹੋਇਆ ਬਹੁਤ ਹੀ ਨਿੱਘਾ ਤੇ ਮਿਲਾਪੜਾ ਇਨਸਾਨ ਸੀ। ਅੱਜ ਤੱਕ ਕਦੇ ਵੀ ਕਿਸੇ ਕੋਲੋਂ ਉਸ ਬਾਰੇ ਕਦੇ ਵੀ ਕੁਝ ਮਾੜਾ ਨਹੀਂ ਸੁਣਿਆ।

ਪੰਜਾਬ ਦੇ ਪਿੰਡ ਮੱਲ੍ਹਾ ਬੇਦੀਆਂ (ਸ਼ਹੀਦ ਭਗਤ ਸਿੰਘ ਨਗਰ) ਤੋਂ ਪਰਵਾਸ ਕਰਕੇ ਕੈਨੇਡਾ ਆਇਆ ਬਿੰਦਰ ਗਰਚਾ ਸਥਨਕ ਐਮਪ੍ਰੈੱਸ ਬੈਂਕੁਇਟ ਹਾਲ (ਪਾਇਲ ਬਿਜ਼ਨਸ ਸੈਂਟਰ) ਅਤੇ ਸਟੂਡੀਓ-12 ਲਿਮੋਜ਼ੀਨ ਦਾ ਵੀ ਮਾਲਕ ਸੀ। ਉਹ ਆਪਣੇ ਪਿੱਛੇ ਦੋ ਬੇਟੀਆਂ, ਇੱਕ ਬੇਟਾ, ਸੁਪਤਨੀ ਤੇ ਮਾਂ-ਬਾਪ ਸਮੇਤ ਆਪਣੇ ਦੋਸਤਾਂ ਤੇ ਗਾਹਕਾਂ ਦਾ ਬਹੁਤ ਹੀ ਵੱਡਾ ਘੇਰਾ ਛੱਡ ਗਿਆ ਹੈ। ਪੁਲਿਸ ਨੇ ਹਾਲੇ ਕਤਲ ਦੇ ਕਾਰਨਾਂ ਬਾਰੇ ਕੋਈ ਇਸ਼ਾਰਾ ਨਹੀਂ ਦਿੱਤਾ।

ਇਸ ਕਤਲ ਨੇ ਸਥਾਨਕ ਭਾਈਚਾਰੇ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ ਹੈ। ਸਰਕਾਰਾਂ ਤੇ ਸੁਰੱਖਿਆ ਏਜੰਸੀਆਂ ਤੋਂ ਲੋਕ ਬੁਰੀ ਤਰ੍ਹਾਂ ਅੱਕੇ ਪਏ ਹਨ। ਹਰ ਮਨ ਵਿਚ ਇਹੀ ਸਵਾਲ ਹੈ ਕਿ ਇਹ ਕਾਰਵਾਈਆਂ ਰੁਕ ਕਿਉਂ ਨਹੀਂ ਰਹੀਆਂ ਤੇ ਲੋਕਾਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਕੀ ਕਰਨ!

# ਐੱਫ.ਬੀ.ਆਈ. ਵੱਲੋਂ ਹਥਿਆਰਬੰਦ ਬੈਂਕ ਡਕੈਤੀ ਦੇ ਮਾਮਲੇ ਨੂੰ ਲੈ ਕੇ ਅਪੀਲ ਜਾਰੀ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਨਿਊਯਾਰਕ ਰਾਜ 'ਚ ਐੱਫ.ਬੀ.ਆਈ. ਨੇ 2016 ਦੀ ਇੱਕ ਪੁਰਾਣੀ ਪਰ ਗੰਭੀਰ ਹਥਿਆਰਬੰਦ ਬੈਂਕ ਡਕੈਤੀ ਦੇ ਮਾਮਲੇ ਨੂੰ ਲੈ ਕੇ ਵੱਡੀ ਅਪੀਲ ਜਾਰੀ ਕੀਤੀ ਹੈ। ਟੋਨਾਵਾਂਡਾ ਸ਼ਹਿਰ ਵਿਚ 8 ਜਨਵਰੀ 2016 ਨੂੰ ਹੋਈ ਇਸ ਡਕੈਤੀ ਵਿਚ ਵਕਾਰ ਘੁੰਮਣ ਦੀ ਕਥਿਤ ਸ਼ਮੂਲੀਅਤ ਦੱਸੀ ਜਾ ਰਹੀ ਹੈ। ਐੱਫ.ਬੀ.ਆਈ. ਨੇ ਘੋਸ਼ਣਾ ਕੀਤੀ ਹੈ ਕਿ ਵਕਾਰ ਘੁੰਮਣ ਦੀ ਗ੍ਰਿਫ਼ਤਾਰੀ ਵੱਲ ਲੈ ਜਾਣ ਵਾਲੀ ਭਰੋਸੇਯੋਗ ਜਾਣਕਾਰੀ ਲਈ 15,000 ਡਾਲਰ ਤੱਕ ਦਾ ਇਨਾਮ ਦਿੱਤਾ ਜਾਵੇਗਾ। ਅਧਿਕਾਰੀਆਂ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਵੀ ਇਸ ਮਾਮਲੇ ਨਾਲ ਸਬੰਧਤ ਕੋਈ ਜਾਣਕਾਰੀ ਹੈ, ਤਾਂ ਉਹ ਬਿਨਾਂ ਡਰ ਐੱਫ.ਬੀ.ਆਈ. ਨਾਲ ਸੰਪਰਕ ਕਰੇ। ਕਾਨੂੰਨ ਅਨੁਸਾਰ, ਜੁਰਮੀਆਂ ਤੱਕ ਪਹੁੰਚਣ ਲਈ ਲੋਕਾਂ ਦੀ ਮਦਦ ਬਹੁਤ ਜ਼ਰੂਰੀ ਹੁੰਦੀ ਹੈ।



# ਨੋਬੇਲ ਨਹੀਂ ਮਿਲਿਆ ਤੇ ਹੁਣ ਸ਼ਾਂਤੀ 'ਤੇ ਭਰੋਸਾ ਨਹੀਂ: ਟਰੰਪ

**■ ਅਮਰੀਕੀ ਰਾਸ਼ਟਰਪਤੀ ਨੇ ਸਰਵਉੱਚ ਇਨਾਮ ਨਾ ਮਿਲਣ 'ਤੇ ਨਾਰਵੇ ਦੇ ਪ੍ਰਧਾਨ ਮੰਤਰੀ ਨੂੰ ਲਿਖਿਆ ਪੱਤਰ**



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਾਰਵੇ ਦੇ ਪ੍ਰਧਾਨ ਮੰਤਰੀ ਜੋ ਸਟੋਰ ਨੂੰ ਪੱਤਰ ਲਿਖ ਕੇ ਨੋਬੇਲ ਸ਼ਾਂਤੀ ਪੁਰਸਕਾਰ ਨਾ ਮਿਲਣ ਦੀ ਸ਼ਿਕਾਇਤ ਕੀਤੀ ਹੈ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਅੱਠ ਅਹਿਮ ਜੰਗਾਂ ਰੁਕਵਾਉਣ ਤੋਂ ਬਾਅਦ ਵੀ ਉਨ੍ਹਾਂ ਨੂੰ ਨੋਬੇਲ ਨਹੀਂ ਮਿਲਿਆ, ਇਸ ਲਈ ਉਨ੍ਹਾਂ ਨੇ ਸ਼ਾਂਤੀ ਸਥਾਪਤ ਕਰਨ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਸ਼੍ਰੀ ਟਰੰਪ ਨੇ ਕਿਹਾ ਕਿ ਆਲਮੀ ਰੁਝਾਨਾਂ ਦੇ ਮੱਦੇਨਜ਼ਰ ਵਿਸ਼ਵ ਭਰ 'ਚ ਸ਼ਾਂਤੀ ਰਹਿਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਗਰੀਨਲੈਂਡ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਦਾ ਇਕ ਕਾਰਨ ਇਹ ਵੀ ਹੈ ਕਿ ਹੁਣ ਉਨ੍ਹਾਂ ਸ਼ਾਂਤੀ ਸਥਾਪਤ ਕਰਨ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਦੱਸਣਾ ਬਣਦਾ ਹੈ ਕਿ ਨਾਰਵੇ ਤੇ ਫਿਨਲੈਂਡ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪਹਿਲਾਂ ਪੱਤਰ ਲਿਖ ਕੇ ਯੂਰਪੀ ਦੇਸ਼ਾਂ 'ਤੇ ਟੈਕਸ ਵਧਾਉਣ ਦਾ ਵਿਰੋਧ ਕੀਤਾ ਸੀ। ਇਸ ਦਾ ਜਵਾਬ ਟਰੰਪ ਨੇ ਨੋਬੇਲ ਨਾ ਮਿਲਣ ਬਾਰੇ ਸ਼ਿਕਾਇਤ ਕਰਦਿਆਂ ਦਿੱਤਾ।

ਉਨ੍ਹਾਂ ਨਾਰਵੇ ਦੇ ਪ੍ਰਧਾਨ ਮੰਤਰੀ ਨੂੰ ਇੱਕ ਸਖ਼ਤ ਸੰਦੇਸ਼ ਦਿੰਦਿਆਂ ਨਾਟੋ ਸਹਿਯੋਗੀਆਂ ਨਾਲ ਵੀ ਤਣਾਅ ਪੈਦਾ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਨੇ ਜ਼ੋਰ ਦੇ ਕੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ, ਗ੍ਰੀਨਲੈਂਡ ਨੂੰ ਕੰਟਰੋਲ ਕਰਨਾ ਚਾਹੀਦਾ ਹੈ ਕਿਉਂਕਿ ਡੈਨਮਾਰਕ ਇਸ ਨੂੰ ਰੂਸ ਅਤੇ ਚੀਨ ਤੋਂ ਨਹੀਂ ਬਚਾ ਸਕਦਾ, ਇਸ ਖੇਤਰ 'ਤੇ ਡੈਨਮਾਰਕ ਦੇ ਲੰਬੇ ਸਮੇਂ ਤੋਂ ਦਾਅਵੇ ਦਾ ਉਨ੍ਹਾਂ ਵਿਰੋਧ ਕੀਤਾ।

ਟਰੰਪ ਨੇ ਕਿਹਾ, 'ਮੈਂ ਨਾਟੋ ਦੀ ਸਥਾਪਨਾ ਤੋਂ ਬਾਅਦ ਕਿਸੇ ਵੀ ਹੋਰ ਵਿਅਕਤੀ ਨਾਲੋਂ ਜ਼ਿਆਦਾ ਕੰਮ ਕੀਤਾ ਹੈ ਅਤੇ ਹੁਣ ਨਾਟੋ ਨੂੰ ਸੰਯੁਕਤ ਰਾਜ ਅਮਰੀਕਾ ਲਈ ਕੁਝ ਕਰਨਾ ਚਾਹੀਦਾ ਹੈ। ਦੁਨੀਆਂ ਉਦੋਂ ਤੱਕ ਸੁਰੱਖਿਅਤ ਨਹੀਂ ਹੈ, ਜਦੋਂ ਤੱਕ ਅਮਰੀਕਾ ਦਾ ਗਰੀਨਲੈਂਡ 'ਤੇ ਪੂਰਾ ਕਬਜ਼ਾ ਨਹੀਂ ਹੋ ਜਾਂਦਾ।

ਇਸ ਤੋਂ ਕੁੱਝ ਦਿਨ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਸੀ ਕਿ ਜਦੋਂ ਤੱਕ ਅਮਰੀਕਾ ਨੂੰ ਗਰੀਨਲੈਂਡ ਖਰੀਦਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਉਹ ਆਪਣੇ ਯੂਰਪੀਅਨ ਸਹਿਯੋਗੀ ਦੇਸ਼ਾਂ 'ਤੇ ਨਵਾਂ ਟੈਕਸ ਲਾਉਣਗੇ।

ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਦੱਸਿਆ ਕਿ 1 ਫਰਵਰੀ ਤੋਂ ਡੈਨਮਾਰਕ, ਨਾਰਵੇ, ਸਵੀਡਨ, ਫਰਾਂਸ, ਜਰਮਨੀ, ਨੀਦਰਲੈਂਡ, ਫਿਨਲੈਂਡ ਅਤੇ ਬ੍ਰਿਟੇਨ ਤੋਂ ਆਉਣ ਵਾਲੀਆਂ ਵਸਤੂਆਂ 'ਤੇ ਵਾਧੂ 10 ਫੀਸਦੀ ਟੈਰਿਫ ਲਾਗੂ ਹੋਵੇਗਾ, ਜੋ 1 ਜੂਨ ਤੱਕ ਵਧ ਕੇ 25 ਫੀਸਦੀ ਹੋ ਜਾਵੇਗਾ। ਟਰੰਪ ਨੇ ਗਰੀਨਲੈਂਡ ਨੂੰ ਅਮਰੀਕੀ ਸੁਰੱਖਿਆ ਅਤੇ ਖਣਿਜ ਭੰਡਾਰਾਂ ਲਈ ਅਹਿਮ ਦੱਸਿਆ, ਜਦਕਿ ਡੈਨਮਾਰਕ ਅਤੇ ਗਰੀਨਲੈਂਡ ਦੇ ਨੇਤਾਵਾਂ ਨੇ ਸਪੱਸ਼ਟ ਕੀਤਾ ਸੀ ਕਿ ਇਹ ਟਾਪੂ ਵਿਕਾਊ ਨਹੀਂ ਹੈ।

# ਅਮਰੀਕਾ 'ਚ ਇਮੀਗ੍ਰੇਸ਼ਨ ਸਬੰਧੀ ਕਾਰਵਾਈ ਦੌਰਾਨ 935 ਸਮਰਥਕਾਂ ਤੇ ਵਿਰੋਧੀਆਂ ਵਿਚਾਲੇ ਝੜਪ



ਮਿਨੀਆਪੋਲਿਸ, (ਪੰਜਾਬ ਮੇਲ) - ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਇਨਫੋਰਸਮੈਂਟ ਸਬੰਧੀ ਸਖ਼ਤੀ ਕਾਰਨ ਸਮਰਥਕਾਂ ਅਤੇ ਵਿਰੋਧੀ ਪ੍ਰਦਰਸ਼ਨਕਾਰੀਆਂ ਵਿਚਾਲੇ ਸ਼ਨੀਵਾਰ ਨੂੰ ਮਿਨੀਆਪੋਲਿਸ 'ਚ ਝੜਪਾਂ ਹੋਈਆਂ।

ਇਸ ਦੌਰਾਨ, ਗਵਰਨਰ ਦਫ਼ਤਰ ਨੇ ਐਲਾਨ ਕੀਤਾ ਕਿ 'ਨੈਸ਼ਨਲ ਗਾਰਡ' ਦੇ ਜਵਾਨਾਂ ਨੂੰ ਤਾਇਨਾਤੀ ਲਈ ਬੁਲਾਇਆ ਗਿਆ ਹੈ ਅਤੇ ਉਹ ਸੂਬੇ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਮਦਦ ਲਈ ਤਿਆਰ ਹਨ ਪਰ ਉਨ੍ਹਾਂ ਨੂੰ ਅਜੇ ਸ਼ਹਿਰ ਦੀਆਂ ਸੜਕਾਂ 'ਤੇ ਤਾਇਨਾਤ ਨਹੀਂ ਕੀਤਾ ਗਿਆ ਹੈ। ਅਮਰੀਕੀ ਗ੍ਰਹਿ ਮੰਤਰਾਲੇ ਵੱਲੋਂ ਮਿਨੀਆਪੋਲਿਸ ਅਤੇ ਸੇਂਟ ਪਾਲ ਵਿਚ 2,000 ਤੋਂ ਵੱਧ ਸੰਘੀ ਅਧਿਕਾਰੀਆਂ ਨੂੰ ਲਿਆ ਕੇ ਇਮੀਗ੍ਰੇਸ਼ਨ ਕਾਰਵਾਈ ਸਖ਼ਤ ਕਰਨ ਤੋਂ ਬਾਅਦ ਰੋਜ਼ਾਨਾ ਪ੍ਰਦਰਸ਼ਨ ਹੋ ਰਹੇ ਹਨ।

ਮਿਨੀਆਪੋਲਿਸ ਵਿਚ ਪ੍ਰਦਰਸ਼ਨਕਾਰੀਆਂ ਦੇ ਇਕ ਵੱਡੇ ਸਮੂਹ ਅਤੇ ਸੋਮਾਲੀ ਵਿਰੋਧੀ ਅਤੇ 'ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ' (ਆਈ.ਸੀ.ਈ.) ਸਮਰਥਕਾਂ ਦੀ ਰੈਲੀ 'ਚ ਸ਼ਾਮਲ ਲੋਕਾਂ ਵਿਚਾਲੇ ਸ਼ਨੀਵਾਰ ਨੂੰ ਹਿੰਸਕ ਝੜਪਾਂ ਹੋਈਆਂ। ਪ੍ਰਦਰਸ਼ਨਕਾਰੀ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਘਰਾਂ ਅਤੇ ਕਾਰਾਂ 'ਚੋਂ ਬਾਹਰ ਖਿੱਚਣ ਅਤੇ ਉਨ੍ਹਾਂ ਦੇ ਹੋਰ ਹਮਲਾਵਰ ਤਰੀਕਿਆਂ ਦਾ ਵਿਰੋਧ ਕਰ ਰਹੇ ਹਨ।

ਅਧਿਕਾਰੀਆਂ ਦੀ ਇਸ ਮੁਹਿੰਮ ਵਿਚ ਹੁਣ ਤੱਕ ਘੱਟੋ-ਘੱਟ ਇਕ ਵਿਅਕਤੀ ਦੀ ਮੌਤ ਹੋ ਚੁੱਕੀ ਹੈ। ਮਿਨੀਸੋਟਾ ਦੀ ਇਕ ਜੱਜ ਨੇ ਸ਼ੁੱਕਰਵਾਰ ਨੂੰ ਫੈਸਲਾ ਸੁਣਾਇਆ ਸੀ ਕਿ ਮਿਨੀਆਪੋਲਿਸ ਖੇਤਰ ਵਿਚ ਹਾਲ ਹੀ ਵਿਚ ਹੋਏ ਅਮਰੀਕਾ ਦੇ ਸਭ ਤੋਂ ਵੱਡੇ ਇਮੀਗ੍ਰੇਸ਼ਨ ਅਭਿਆਨ 'ਚ ਸ਼ਾਮਲ ਸੰਘੀ ਅਧਿਕਾਰੀ ਸ਼ਾਂਤੀਪੂਰਵਕ ਪ੍ਰਦਰਸ਼ਨ ਕਰ ਰਹੇ ਲੋਕਾਂ ਨੂੰ ਹਿਰਾਸਤ ਵਿਚ ਨਹੀਂ ਲੈ ਸਕਦੇ ਅਤੇ ਨਾ ਹੀ ਉਨ੍ਹਾਂ 'ਤੇ ਅੱਥਰੂ ਗੈਸ ਛੱਡ ਸਕਦੇ ਹਨ।

# ਅਮਰੀਕਾ 'ਚ ਕਾਂਗਰਸਮੈਨ ਸ਼੍ਰੀ ਥਾਨੇਦਾਰ ਵੱਲੋਂ ICE ਨੂੰ ਖਤਮ ਕਰਨ ਲਈ ਬਿੱਲ ਪੇਸ਼



ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਡੈਮੋਕ੍ਰੇਟਿਕ ਪਾਰਟੀ ਦੇ ਕਾਂਗਰਸਮੈਨ ਸ਼੍ਰੀ ਥਾਨੇਦਾਰ ਨੇ 15 ਜਨਵਰੀ ਨੂੰ ਅਮਰੀਕੀ ਕਾਂਗਰਸ ਵਿਚ 'Abolish ICE ਐਕਟ' ਪੇਸ਼ ਕੀਤਾ। ਇਸ ਬਿੱਲ ਰਾਹੀਂ, ਉਹ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE ) ਏਜੰਸੀ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਮੰਗ ਕਰਦੇ ਹਨ। ਥਾਨੇਦਾਰ ਨੇ ਦੋਸ਼ ਲਗਾਇਆ ਕਿ 2003 ਵਿਚ ਇਸਦੇ ਗਠਨ ਤੋਂ ਬਾਅਦ, ICE ਨੇ ਨਿਯਤ ਪ੍ਰਕਿਰਿਆ ਨਾਲੋਂ ਹਮਲਾਵਰ ਕਾਰਵਾਈ ਅਤੇ ਹਿੰਸਾ ਨੂੰ ਤਰਜੀਹ ਦਿੱਤੀ ਹੈ ਅਤੇ ਅਮਰੀਕੀ ਨਾਗਰਿਕਾਂ ਨੂੰ ਡਰਾਇਆ ਹੈ।

ਇੱਕ ਬਿਆਨ ਵਿਚ, ਥਾਨੇਦਾਰ ਨੇ ਕਿਹਾ, "2003 ਤੋਂ, ICE ਨੇ ਨਿਯਤ ਪ੍ਰਕਿਰਿਆ ਨਾਲੋਂ ਹਮਲਾਵਰ ਲਾਗੂਕਰਨ ਅਤੇ ਹਿੰਸਾ ਨੂੰ ਤਰਜੀਹ ਦਿੱਤੀ ਹੈ। ਅਮਰੀਕੀ ਨਾਗਰਿਕਾਂ ਨੂੰ ਡਰਾਇਆ ਜਾ ਰਿਹਾ ਹੈ।"

ਉਨ੍ਹਾਂ ਅੱਗੇ ਕਿਹਾ ਕਿ ਪਿਛਲੇ ਸਾਲ ਉਨ੍ਹਾਂ ਨੇ ICE ਏਜੰਟਾਂ ਲਈ ਯੋਗ ਛੋਟ ਨੂੰ ਖਤਮ ਕਰਨ ਲਈ ਇੱਕ ਬਿੱਲ ਪੇਸ਼ ਕੀਤਾ ਸੀ, ਜਿਸ ਨਾਲ ਉਨ੍ਹਾਂ ਨੂੰ ਕਾਨੂੰਨ ਤੋੜਨ ਲਈ ਜਵਾਬਦੇਹ ਠਹਿਰਾਇਆ ਜਾ ਸਕਦਾ ਸੀ। ਪਰ ਰੇਨੀ ਨਿਕੋਲ ਗੁੱਡ ਦੇ ਕਤਲ ਨੇ ਸਾਬਤ ਕਰ ਦਿੱਤਾ ਕਿ ICE ਕੰਟਰੋਲ ਤੋਂ ਬਾਹਰ ਹੈ ਅਤੇ ਸੁਧਾਰ ਤੋਂ ਪਰੇ ਹੈ। "ਜਿਸ ਤਰੀਕੇ ਨਾਲ ਅਸੀਂ ਇਮੀਗ੍ਰੇਸ਼ਨ ਨੂੰ ਦੇਖਦੇ ਹਾਂ ਉਹੀ ਬਦਲਣਾ ਚਾਹੀਦਾ ਹੈ - ਇਹ ICE ਨੂੰ ਖਤਮ ਕਰਨ ਦਾ ਸਮਾਂ ਹੈ।"

ਬਿੱਲ ਦਲੀਲ ਦਿੰਦਾ ਹੈ ਕਿ ਹੋਰ ਸੰਘੀ ਏਜੰਸੀਆਂ ਇਮੀਗ੍ਰੇਸ਼ਨ ਲਾਗੂ ਕਰਨ ਨੂੰ ਬਿਹਤਰ ਢੰਗ ਨਾਲ ਸੰਭਾਲ ਸਕਦੀਆਂ ਹਨ। ICE ਨੂੰ ਉਚਿਤ ਪ੍ਰਕਿਰਿਆ ਨਾਲੋਂ ਹਮਲਾਵਰ ਕਾਰਵਾਈ ਨੂੰ ਤਰਜੀਹ ਦੇਣ ਲਈ ਤਿਆਰ ਕੀਤਾ ਗਿਆ ਹੈ। ਜੇਕਰ ਬਿੱਲ ਪਾਸ ਹੋ ਜਾਂਦਾ ਹੈ ਅਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਪ੍ਰਾਪਤ ਹੋ ਜਾਂਦੀ ਹੈ, ਤਾਂ ICE ਫੰਡਿੰਗ ਤੁਰੰਤ ਰੋਕ ਦਿੱਤੀ ਜਾਵੇਗੀ ਅਤੇ ਏਜੰਸੀ ਨੂੰ 90 ਦਿਨਾਂ ਦੇ ਅੰਦਰ ਖਤਮ ਕਰ ਦਿੱਤਾ ਜਾਵੇਗਾ।

# ਗਰੀਨਲੈਂਡ 'ਤੇ ਕੰਟਰੋਲ ਤੋਂ ਬਿਨਾਂ ਕੁਝ ਵੀ ਪ੍ਰਵਾਨ ਨਹੀਂ : ਟਰੰਪ

**■ ਮਾਮਲੇ ਦੇ ਹੱਲ ਲਈ ਸਾਂਝਾ ਕਾਰਜਕਾਰੀ ਸਮੂਹ ਬਣਾਉਣ 'ਤੇ ਸਹਿਮਤੀ ਬਣੀ**

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਨੂੰ ਗਰੀਨਲੈਂਡ ਉਪਰ ਕੰਟਰੋਲ ਤੋਂ ਘੱਟ ਕੁਝ ਵੀ ਪ੍ਰਵਾਨ ਨਹੀਂ ਹੈ ਕਿਉਂਕਿ ਕੌਮੀ ਸੁਰੱਖਿਆ ਲਈ ਇਸ ਖੇਤਰ ਦੀ ਲੋੜ ਹੈ ਤੇ ਇਸ ਨਾਲ ਨਾਟੋ ਵੀ ਮਜ਼ਬੂਤ ਹੋ ਸਕਦਾ ਹੈ। ਟਰੰਪ ਨੇ ਟਰੁੱਥ ਸ਼ੋਸਲ ਮੀਡੀਆ ਉਪਰ ਲਿਖਿਆ ਕਿ ਗਰੀਨਲੈਂਡ ਅਮਰੀਕਾ ਦੇ ਹੱਥਾਂ ਵਿਚ ਆਉਣ 'ਤੇ ਨਾਟੋ ਵਧੇਰੇ ਪ੍ਰਭਾਵੀ ਬਣ ਜਾਵੇਗਾ। ਰਾਸ਼ਟਰਪਤੀ ਦਾ ਇਹ ਬਿਆਨ ਵਾਈਟ ਹਾਊਸ ਵਿਚ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਤੇ ਡੈਨਿਸ਼ ਵਿਦੇਸ਼ ਮੰਤਰੀ ਲਾਰਸ ਲੋਕੇ ਰਸਮੂਸੇਨ ਵਿਚਾਲੇ ਹੋਈ ਮੀਟਿੰਗ ਤੋਂ ਪਹਿਲਾਂ ਆਇਆ, ਜੋ ਮੀਟਿੰਗ ਬਿਨਾਂ ਕਿਸੇ ਠੋਸ ਸਿੱਟੇ ਦੇ ਖਤਮ ਹੋ ਗਈ। ਇਸ ਮੀਟਿੰਗ ਵਿਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੁਬੀਓ ਵੀ ਮੌਜੂਦ ਰਹੇ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਡੈਨਿਸ਼ ਵਿਦੇਸ਼ ਮੰਤਰੀ ਰਸਮੂਸੇਨ ਨੇ ਕਿਹਾ ਕਿ ਉਹ ਤੇ ਉਸ ਦੇ ਗਰੀਨਲੈਂਡ ਸਾਥੀ ਦੀ ਰੁਬੀਓ ਤੇ ਵੈਂਸ ਨਾਲ ਉਸਾਰੂ ਗੱਲਬਾਤ ਹੋਈ ਪਰੰਤੂ ਦੋਨੋਂ ਧਿਰਾਂ ਆਪਣੀ-ਆਪਣੀ ਗੱਲ 'ਤੇ ਅੜੀਆਂ ਰਹੀਆਂ ਤੇ ਮਤਭੇਦ ਕਾਇਮ ਰਹੇ। ਉਨ੍ਹਾਂ ਕਿਹਾ ਕਿ ਦੋਨੋਂ ਧਿਰਾਂ ਇਕ ਉੱਚ ਪੱਧਰੀ ਕਾਰਜਕਾਰੀ ਗਰੁੱਪ ਬਣਾਉਣ ਲਈ ਰਾਜੀ ਹੋਈਆਂ ਹਨ, ਜੋ ਇਹ ਜਾਣਨ ਦੀ ਕੋਸ਼ਿਸ਼ ਕਰੇਗਾ ਕਿ ਕੀ ਅੱਗੇ ਵਧਣ ਲਈ ਸਾਂਝਾ ਰਾਹ ਕੱਢਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਦੀ ਚਿੰਤਾ ਦੇ ਮੱਦੇਨਜ਼ਰ ਕੋਈ ਵਿਚਕਾਰਲਾ ਰਸਤਾ ਕੱਢਣ ਲਈ ਉੱਚ ਪੱਧਰੀ ਵਿਚਾਰ-ਵਟਾਂਦਰੇ ਵਾਸਤੇ ਸਹਿਮਤੀ ਬਣੀ ਹੈ। ਇਸ ਦੇ ਨਾਲ ਹੀ ਇਹ ਵੀ ਵਿਸ਼ਵਾਸ ਪ੍ਰਗਟਾਇਆ ਗਿਆ ਕਿ ਡੈਨਮਾਰਕ ਦੀਆਂ ਹੱਦਾਂ ਦਾ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਡੈਨਮਾਰਕ ਦਾ ਵਿਸ਼ਵਾਸ ਹੈ ਕਿ ਲੰਬੇ ਸਮੇਂ ਲਈ ਸੁਰੱਖਿਆ ਮੌਜੂਦਾ ਢਾਂਚੇ ਵਿਚ ਯਕੀਨੀ ਬਣਾਈ ਜਾ ਸਕਦੀ ਹੈ।

## ਸੰਘੀ ਅਦਾਲਤ ਵੱਲੋਂ ਇਮੀਗ੍ਰੇਸ਼ਨ ਦੁਆਰਾ ਭਾਰਤੀ ਦੀ ਗ੍ਰਿਫਤਾਰੀ ਗੈਰ ਕਾਨੂੰਨੀ ਕਰਾਰ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਇਕ ਸੰਘੀ ਅਦਾਲਤ ਨੇ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੁਆਰਾ ਇਕ ਭਾਰਤੀ ਨਾਗਰਿਕ ਦੀ ਗ੍ਰਿਫਤਾਰੀ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਹੈ। ਕੈਲੀਫੋਰਨੀਆ ਦੇ ਦੱਖਣੀ ਜ਼ਿਲ੍ਹੇ ਦੀ ਡਿਸਟ੍ਰਿਕਟ ਕੋਰਟ ਨੇ ਵਿਕਾਸ ਕੁਮਾਰ ਦੀ ਹੈਬੀਅਸ ਕਾਰਪਸ ਰਿਟ ਸਵਿਕਾਰ ਕਰਦਿਆਂ ਕਿਹਾ ਕਿ ਸਰਕਾਰ ਉਸ ਨੂੰ ਦੁਬਾਰਾ ਹਿਰਾਸਤ ਵਿਚ ਲੈਣ ਲਈ ਬੁਨਿਆਦੀ ਸੰਵਿਧਾਨਕ ਲੋੜਾਂ ਪੂਰੀਆਂ ਕਰਨ ਵਿਚ ਨਾਕਾਮ ਰਹੀ ਹੈ। ਵਿਕਾਸ ਕੁਮਾਰ ਨੂੰ ਓਟੇ ਮੇਸਾ ਡੀਟੈਨਸ਼ਨ ਸੈਂਟਰ 'ਚ ਰੱਖਿਆ ਗਿਆ ਹੈ। ਅਦਾਲਤ ਨੇ 6 ਜਨਵਰੀ ਨੂੰ ਕੁਮਾਰ ਨੂੰ ਤੁਰੰਤ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਉਸ ਨੂੰ 24 ਦਸੰਬਰ 2025 ਨੂੰ ਉਸ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਸੀ, ਜਦੋਂ ਉਹ ਮੈਰੀਨ ਕਾਰਪਸ ਕੈਂਪ ਪੈਂਡਲਟਨ ਵਿਖੇ ਇਕ ਗਾਹਕ ਨੂੰ ਭੋਜਨ ਦੇਣ ਗਿਆ ਸੀ।

# ਅਮਰੀਕਾ 'ਚ 58 ਸਾਲਾ ਭਾਰਤੀ ਨਾਗਰਿਕ ਨੂੰ 30 ਮਹੀਨਿਆਂ ਦੀ ਜੇਲ੍ਹ ਦੀ ਸਜ਼ਾ

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਵਿਚ ਇੱਕ 58 ਸਾਲਾ ਭਾਰਤੀ ਨਾਗਰਿਕ ਨੂੰ ਓਰੇਗਨ ਤੋਂ ਰੂਸ ਤੱਕ ਜਹਾਜ਼ਾਂ ਦੇ ਨਿਯੰਤਰਿਤ ਪੁਰਜ਼ਿਆਂ ਦੀ ਗੈਰ-ਕਾਨੂੰਨੀ ਬਰਾਮਦ (ਐਕਸਪੋਰਟ) ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਢਾਈ ਸਾਲ (30 ਮਹੀਨੇ) ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ।

ਸਜ਼ਾ ਪਾਉਣ ਵਾਲੇ ਵਿਅਕਤੀ ਦੀ ਪਛਾਣ ਦਿੱਲੀ ਨਿਵਾਸੀ ਸੰਜੇ ਕੌਸ਼ਿਕ ਵਜੋਂ ਹੋਈ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਕੌਸ਼ਿਕ ਨੇ ਸਤੰਬਰ 2023 ਦੀ ਸ਼ੁਰੂਆਤ ਵਿਚ ਰੂਸੀ ਸੰਸਥਾਵਾਂ ਲਈ ਅਮਰੀਕਾ ਤੋਂ ਐਰੋਸਪੇਸ ਸਾਮਾਨ ਅਤੇ ਤਕਨਾਲੋਜੀ ਗੈਰ-ਕਾਨੂੰਨੀ ਤਰੀਕੇ ਨਾਲ ਹਾਸਲ ਕਰਨ ਲਈ ਦੂਜਿਆਂ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ। ਨਿਆਂ ਵਿਭਾਗ ਨੇ ਦੱਸਿਆ ਕਿ ਇਹ ਵਸਤੂਆਂ ਇਸ ਬਹਾਨੇ ਖਰੀਦੀਆਂ ਗਈਆਂ ਸਨ ਕਿ ਉਹ ਕੌਸ਼ਿਕ ਅਤੇ ਉਸ ਦੀ ਭਾਰਤੀ ਕੰਪਨੀ ਲਈ ਹਨ, ਜਦੋਂਕਿ ਅਸਲ ਵਿਚ ਉਹ ਰੂਸ ਵਿਚ ਅੰਤਿਮ ਉਪਭੋਗਤਾਵਾਂ ਨੂੰ ਭੇਜੀਆਂ ਜਾਣੀਆਂ ਸਨ।

ਓਰੇਗਨ ਦੇ ਅਮਰੀਕੀ ਅਟਾਰਨੀ ਸਕੌਟ ਬ੍ਰੈਡਫੋਰਡ ਨੇ ਕਿਹਾ ਕਿ ਸੰਜੇ ਕੌਸ਼ਿਕ ਦੀਆਂ ਇਹ ਹਰਕਤਾਂ ਜਾਣਬੁੱਝ ਕੇ ਕੀਤੀਆਂ ਗਈਆਂ ਸਨ ਅਤੇ ਕੇਵਲ ਭਾਰੀ ਮੁਨਾਫ਼ਾ ਕਮਾਉਣ ਦੇ ਉਦੇਸ਼ ਨਾਲ ਪ੍ਰੇਰਿਤ ਸਨ। ਉਨ੍ਹਾਂ ਅਨੁਸਾਰ, ਇਹ ਇੱਕ ਚੰਗੀ ਤਰ੍ਹਾਂ ਯੋਜਨਾਬੱਧ ਯੋਜਨਾ ਸੀ, ਜਿਸ ਵਿਚ ਵਾਰ-ਵਾਰ ਲੈਣ-ਦੇਣ ਅਤੇ ਪਾਬੰਦੀਸ਼ੁਦਾ ਰੂਸੀ ਸੰਸਥਾਵਾਂ ਸਮੇਤ ਵਿਦੇਸ਼ੀ ਸਹਿ-ਸਾਜ਼ਿਸ਼ਕਾਰਾਂ ਨਾਲ ਤਾਲਮੇਲ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਕੌਸ਼ਿਕ ਨੇ ਆਪਣੇ ਨਿੱਜੀ ਲਾਭ ਲਈ ਅਮਰੀਕੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਨਾਲ ਜੁੜੇ ਅਹਿਮ ਸੁਰੱਖਿਆ ਨਿਯਮਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ।

ਕੌਸ਼ਿਕ ਨੇ ਪਿਛਲੇ ਸਾਲ ਅਕਤੂਬਰ 'ਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ ਕਿ ਉਸ ਨੇ ਰੂਸ ਵਿਚ ਅੰਤਿਮ ਉਪਭੋਗਤਾਵਾਂ ਨੂੰ ਨਾਗਰਿਕ ਅਤੇ ਫੌਜੀ ਦੋਵਾਂ ਵਰਤੋਂ ਵਾਲੇ ਐਕਸਪੋਰਟ-ਨਿਯੰਤਰਿਤ ਹਵਾਬਾਜ਼ੀ ਪੁਰਜ਼ੇ ਵੇਚਣ ਦੀ ਸਾਜ਼ਿਸ਼ ਰਚੀ ਸੀ।

ਓਰੇਗਨ ਦੀ ਅਦਾਲਤ ਨੇ ਐਕਸਪੋਰਟ ਕੰਟਰੋਲ ਰਿਫਾਰਮ ਐਕਟ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਕੌਸ਼ਿਕ ਨੂੰ 30 ਮਹੀਨਿਆਂ ਦੀ ਸੰਘੀ ਜੇਲ੍ਹ ਅਤੇ ਸਜ਼ਾ ਪੂਰੀ ਹੋਣ ਤੋਂ ਬਾਅਦ 36 ਮਹੀਨਿਆਂ ਦੀ ਨਜ਼ਰਬੰਦੀ ਦੀ ਸਜ਼ਾ ਸੁਣਾਈ ਹੈ। ਰਾਸ਼ਟਰੀ ਸੁਰੱਖਿਆ ਲਈ ਸਹਾਇਕ ਅਟਾਰਨੀ ਜਨਰਲ ਜੌਨ ਆਇਜ਼ਨਬਰਗ ਨੇ ਸਪੱਸ਼ਟ ਕੀਤਾ ਕਿ ਜੋ ਕੋਈ ਵੀ ਅਮਰੀਕੀ ਐਕਸਪੋਰਟ ਕੰਟਰੋਲ ਕਾਨੂੰਨਾਂ ਦੀ ਉਲੰਘਣਾ ਕਰੇਗਾ, ਖਾਸ ਕਰਕੇ ਫੌਜੀ ਤਕਨਾਲੋਜੀ ਦੇ ਮਾਮਲੇ ਵਿਚ, ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਟ੍ਰੈਫਿਕ ਉਲੰਘਣਾ ਦੇ ਦੋਸ਼ ਹੇਠ ਟਰੱਕ ਡਰਾਈਵਰ ਸੁਖਦੀਪ ਨੂੰ ਕੀਤਾ ਜਾਵੇਗਾ ਡਿਪੋਰਟ





ਕੈਲੀਫੋਰਨੀਆ, (ਪੰਜਾਬ ਮੇਲ)- ਟਰੱਕ ਚਾਲਕ ਸੁਖਦੀਪ ਸਿੰਘ ਨੂੰ ਟ੍ਰੈਫਿਕ ਉਲੰਘਣਾ ਲਈ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪਵੇਗਾ। ਸੁਖਦੀਪ ਸਿੰਘ ਕੋਲ ਕੈਲੀਫੋਰਨੀਆ ਦਾ ਡਰਾਈਵਿੰਗ ਲਾਇਸੈਂਸ ਹੈ ਅਤੇ ਉਹ ਕਥਿਤ ਤੌਰ 'ਤੇ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਹੈ।

ਐਰੀਜ਼ੋਨਾ ਵਿਚ ਇੱਕ ਨਿਯਮਿਤ ਟ੍ਰੈਫਿਕ ਸਟਾਪ ਟਰੱਕ-ਡਰਾਈਵਰ ਸੁਖਦੀਪ ਸਿੰਘ ਲਈ ਆਫ਼ਤ ਦਾ ਕਾਰਨ ਬਣਿਆ ਹੈ, ਬਾਰਡਰ ਸਕਿਓਰਿਟੀ ਹੁਣ ਉਸਦੀ ਦੇਸ਼ ਨਿਕਾਲੇ ਦੀ ਪ੍ਰਕਿਰਿਆ ਕਰ ਰਹੀ ਹੈ।

ਯੂਨਾਈਟਿਡ ਸਟੇਟਸ ਬਾਰਡਰ ਪੈਟਰੋਲ, ਯੂਮਾ ਸੈਕਟਰ ਵੱਲੋਂ ਜਾਰੀ ਰਿਪੋਰਟ ਅਨੁਸਾਰ ਕੁਆਰਟਜ਼ਸਾਈਟ ਪੁਲਿਸ ਨੇ ਲਾਲ ਬੱਤੀ ਅਤੇ ਸਟਾਪ ਸਾਈਨ ਚਲਾਉਣ ਦੇ ਦੋਸ਼ ਵਿਚ ਸੁਖਦੀਪ ਸਿੰਘ ਨੂੰ ਰੋਕਿਆ। ਜਿਵੇਂ ਹੀ ਪੁਲਿਸ ਨੇ ਉਸਦੇ ਕਾਗਜ਼ਾਤ ਦੀ ਜਾਂਚ ਕੀਤੀ, ਤਾਂ ਇਹ ਪਤਾ ਲੱਗਾ ਕਿ ਸੁਖਦੀਪ ਸਿੰਘ ਇੱਕ ਭਾਰਤੀ ਨਾਗਰਿਕ ਸੀ ਅਤੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਤੌਰ 'ਤੇ ਸੰਯੁਕਤ ਰਾਜ ਅਮਰੀਕਾ ਵਿਚ ਸੀ।

ਪੁਲਿਸ ਨੇ ਉਸਦੀ ਇਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਕਰਨ ਲਈ ਬਲਾਈਥ ਸਟੇਸ਼ਨ 'ਤੇ ਯੂ.ਐੱਸ. ਬਾਰਡਰ ਪੈਟਰੋਲ ਦੇ ਏਜੰਟਾਂ ਨਾਲ ਸੰਪਰਕ ਕੀਤਾ ਅਤੇ ਬਾਰਡਰ ਪੈਟਰੋਲ ਨੇ ਦੇਸ਼ ਨਿਕਾਲੇ ਦੀਆਂ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ



# ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ

## ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 26ਵਾਂ ਮਹਾਨ ਨਗਰ ਕੀਰਤਨ

## 8 ਮਾਰਚ 2026, ਦਿਨ ਐਤਵਾਰ

ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।



### ਪ੍ਰੋਗਰਾਮ

- ਸੁਕਰਵਾਰ 6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
- ਸਨੀਵਾਰ 7 ਮਾਰਚ ਨੂੰ ਸਵੇਰ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ। ਇਸੇ ਦੌਰਾਨ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
- ਐਤਵਾਰ 8 ਮਾਰਚ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 26ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿਚ ਸਜਾਇਆ ਜਾਵੇਗਾ।
- ਪੰਥ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਕਰਨਜੀਤ ਸਿੰਘ ਖ਼ਾਲਸਾ (ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭਤੀਜਾ), ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੋਂ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ

6221 16th Street Rio Linda, CA 95673

ਗੁਰੂਘਰ ਦਾ ਫੋਨ : 916-992-1710

Designed by : Punjab Mail USA

# ਅਮਰੀਕਾ ’ਚ ਪੰਜਾਬੀ ਟਰੱਕ ਡਰਾਈਵਰ ਗ੍ਰਿਫ਼ਤਾਰ

## ■ ਕਰਨਾ ਪੈ ਰਿਹਾ ਕਈ ਅਪਰਾਧਿਕ ਦੋਸ਼ਾਂ ਦਾ ਸਾਹਮਣਾ



ਵਾਸ਼ਿੰਗਟਨ, (ਪੰਜਾਬ ਮੇਲ)- ਇੰਡੀਆਨਾਪੋਲਿਸ-ਆਧਾਰਿਤ ਇੱਕ ਪੰਜਾਬੀ ਟਰੱਕ ਡਰਾਈਵਰ ਕਈ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਇਹ ਘਟਨਾ ਇੱਕ ਕਥਿਤ ਨਸ਼ੇ ਵਾਲੀ ਬੌਬਟੇਲ ਟੱਕਰ ਨਾਲ ਸ਼ੁਰੂ ਹੋਈ ਸੀ ਅਤੇ ਘਰ ਵਿਚ ਭੰਨਤੋੜ ਦੀ ਕੋਸ਼ਿਸ਼ ਅਤੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ’ਤੇ ਹਮਲਿਆਂ ਤੱਕ ਵਧ ਗਈ ਸੀ।

ਇਹ ਘਟਨਾ 9 ਜਨਵਰੀ ਨੂੰ ਈਸਟ 21ਵੀਂ ਸਟਰੀਟ ਅਤੇ ਨੌਰਥ ਰਿਟਰ ਐਵੇਨਿਊ ਦੇ ਨੇੜੇ ਨੌਰਥ ਲੇਮੈਨ ਐਵੇਨਿਊ ਖੇਤਰ ਵਿਚ ਵਾਪਰੀ। ਅਧਿਕਾਰੀਆਂ ਨੂੰ ਇੱਕ ਸੈਮੀ ਟਰੱਕ ਇੱਕ ਰਿਹਾਇਸ਼ ਦੇ ਵਿਹੜੇ ’ਚ ਵੜਨ ਦੀ ਸੂਚਨਾ ਮਿਲੀ ਸੀ। ਜਦੋਂ ਪੁਲਿਸ ਘਟਨਾ ਸਥਾਨ ’ਤੇ ਪਹੁੰਚੀ ਤਾਂ ਅਧਿਕਾਰੀਆਂ ਨੇ ਦੇਖਿਆ ਕਿ ਇੱਕ ਚਿੱਟਾ ਮੈਕ ਬੌਬਟੇਲ ਸੈਮੀ ਮਿਲਿਆ, ਜਿਸਦੇ ਪਿਛਲੇ ਟਾਇਰਾਂ ਦੇ ਹੇਠਾਂ ਇੱਕ ਮੇਲਬਾਕਸ ਫਸਿਆ ਹੋਇਆ ਸੀ।

ਪੁਲਿਸ ਨੇ ਡਰਾਈਵਰ ਦੀ ਪਛਾਣ ਗੁਰਸੇਵਕ ਸਿੰਘ ਵਜੋਂ ਕੀਤੀ ਹੈ। ਅਧਿਕਾਰੀਆਂ ਨੇ ਜਦੋਂ ਕੈਬ ਦਾ ਦਰਵਾਜ਼ਾ ਖੜਕਾਇਆ, ਤਾਂ ਉਹ ਬਾਹਰ ਨਿਕਲਿਆ। ਅਧਿਕਾਰੀਆਂ ਨੇ ਦੱਸਿਆ ਕਿ ਉਸ ਕੋਲੋਂ ਸ਼ਰਾਬ ਦੀ ਤੇਜ਼ ਬਦਬੂ ਆ ਰਹੀ ਸੀ ਅਤੇ ਉਹ ਆਪਣੇ ਪੈਰਾਂ ’ਤੇ ਅਸਥਿਰ ਦਿਖਾਈ ਦੇ ਰਿਹਾ ਸੀ। ਪੁਲਿਸ ਨੇ ਗੁਰਸੇਵਕ ਸਿੰਘ ਨੂੰ ਹੱਥਕੜੀਆਂ ਲਗਾ ਕੇ ਮੌਕੇ ’ਤੇ ਹਿਰਾਸਤ ਵਿਚ ਲੈ ਲਿਆ।

ਜਦੋਂ ਗੁਰਸੇਵਕ ਸਿੰਘ ਨੂੰ ਇੱਕ ਗਸ਼ਤ ਵਾਹਨ ਵਿਚ ਲਿਜਾਇਆ ਜਾ ਰਿਹਾ ਸੀ, ਤਾਂ ਉਸਨੇ ਕਥਿਤ ਤੌਰ ’ਤੇ ਦਾਅਵਾ ਕੀਤਾ ਕਿ ਟਰੱਕ ਦੇ ਅੰਦਰ ਇੱਕ ਹੋਰ ਵਿਅਕਤੀ ਸੀ, ਹਾਲਾਂਕਿ ਅਧਿਕਾਰੀਆਂ ਨੇ ਬਾਅਦ ਵਿਚ ਪੁਸ਼ਟੀ ਕੀਤੀ ਕਿ ਕੋਈ ਹੋਰ ਵਿਅਕਤੀ ਨਹੀਂ ਮਿਲਿਆ। ਇੱਕ ਚਸ਼ਮਦੀਦ ਗਵਾਹ ਨੇ ਪੁਲਿਸ ਨੂੰ ਦੱਸਿਆ ਕਿ ਹਾਦਸੇ ਤੋਂ ਬਾਅਦ, ਗੁਰਸੇਵਕ ਸਿੰਘ ਇੱਕ ਨੇੜਲੇ ਘਰ ਵੱਲ ਭੱਜਿਆ, ਜਿੱਥੇ ਉਸਨੇ ਕਥਿਤ ਤੌਰ ’ਤੇ ਜ਼ਬਰਦਸਤੀ ਅੰਦਰ ਜਾਣ ਵੜਨ ਦੀ ਕੋਸ਼ਿਸ਼ ਕੀਤੀ।

ਅਧਿਕਾਰੀਆਂ ਨੇ ਕਿਹਾ ਕਿ ਗੁਰਸੇਵਕ ਸਿੰਘ ਗ੍ਰਿਫ਼ਤਾਰੀ ਦਾ ਵਿਰੋਧ ਕਰਦਾ ਰਿਹਾ, ਚੀਕਦਾ ਰਿਹਾ ਅਤੇ ਅਧਿਕਾਰੀਆਂ ਨਾਲ ਸੰਘਰਸ਼ ਕਰਦਾ ਰਿਹਾ। ਸ਼ੱਕੀ ਨਸ਼ੇ ਨਾਲ ਸਬੰਧਤ ਖੂਨ ਦੇ ਟੈਸਟ ਲਈ ਹਸਪਤਾਲ ਲਿਜਾਣ ਦੌਰਾਨ, ਗੁਰਸੇਵਕ ਸਿੰਘ ਨੇ ਕਥਿਤ ਤੌਰ ’ਤੇ ਇੱਕ ਅਧਿਕਾਰੀ ’ਤੇ ਥੁੱਕਿਆ ਅਤੇ ਲੱਤ ਮਾਰੀ ਅਤੇ ਬਾਅਦ ਵਿਚ ਇੱਕ ਹੋਰ ਅਧਿਕਾਰੀ ਦੇ ਪੱਟ ’ਤੇ ਕੱਟਿਆ, ਜਿਸ ਕਾਰਨ ਉਸਨੂੰ ਸੱਟ ਲੱਗੀ। ਪੁਲਿਸ ਨੇ ਇਹ ਵੀ ਕਿਹਾ ਕਿ ਉਸਨੇ ਵਾਹਨ ਤੋਂ ਉਤਾਰਨ ਤੋਂ ਬਾਅਦ ਜ਼ਮੀਨ ’ਤੇ ਰਹਿਣ ਦੇ ਹੁਕਮਾਂ ਤੋਂ ਇਨਕਾਰ ਕਰ ਦਿੱਤਾ।

ਗੁਰਸੇਵਕ ਸਿੰਘ ਇਸ ਘਟਨਾ ਦੇ ਸਬੰਧ ਵਿਚ ਕਈ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਅਧਿਕਾਰੀਆਂ ਨੇ ਦੋਸ਼ਾਂ ਦੀ ਪੂਰੀ ਸੂਚੀ ਜਾਰੀ ਨਹੀਂ ਕੀਤੀ ਹੈ ਕਿਉਂਕਿ ਜਾਂਚ ਅਜੇ ਜਾਰੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ’ਚ ਟਰੱਕਾਂ ਵਾਲਿਆਂ ਦੀ ਲੜਾਈ ਦੇ ਮਾਮਲੇ ’ਚ 5 ਪੰਜਾਬੀ ਵੱਖ-ਵੱਖ ਦੋਸ਼ਾਂ ਤਹਿਤ ਗ੍ਰਿਫਤਾਰ

## ਢਾਈ ਕੁ ਮਹੀਨੇ ਬਰੈਂਪਟਨ ’ਚ ਲੋਹੇ ਦੀਆਂ ਰਾਡਾਂ ਨਾਲ ਹੋਈ ਸੀ ਲੜਾਈ

ਵੈਨਕੂਵਰ, (ਪੰਜਾਬ ਮੇਲ)- ਪੀਲ ਪੁਲਿਸ ਨੇ ਢਾਈ ਮਹੀਨੇ ਪਹਿਲਾਂ ਬਰੈਂਪਟਨ ਦੇ ਕੈਨੇਡੀ ਰੋਡ ਅਤੇ ਅਰੈਂਡਾ ਰੋਡ ਦੀ ਕਰਾਸਿੰਗ ਨੇੜੇ ਟੋਅ ਟਰੱਕਾਂ ਵਾਲਿਆਂ ਦੀ ਹੋਈ ਲੜਾਈ ਦੇ ਮਾਮਲੇ ’ਚ ਪੰਜਾਬੀ ਮੂਲ ਦੇ ਪੰਜ ਮੁਲਜ਼ਮਾਂ ਨੂੰ ਵੱਖ-ਵੱਖ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ। ਉਸ ਦਿਨ ਡੇਢ ਕੁ ਦਰਜਨ ਟੋਅ ਟਰੱਕਾਂ ਵਾਲਿਆਂ ਨੇ ਇੱਕ ਦੂਜੇ ਉੱਤੇ ਮੁਕਾਬਲੇਬਾਜ਼ੀ ਦੇ ਦੋਸ਼ ਲਾ ਕੇ ਪਹਿਲਾਂ ਹੰਗਾਮਾ ਕੀਤਾ ਤੇ ਫਿਰ ਮਾਰ ਧਾੜ ’ਤੇ ਉੱਤਰ ਆਏ ਸਨ। ਉਨ੍ਹਾਂ ਵਲੋਂ ਲੋਹੇ ਦੀਆਂ ਰਾਡਾਂ ਨਾਲ ਕੀਤੇ ਹਮਲੇ ਵਿਚ ਕਈਆਂ ਦੇ ਸਿਰ ਪਾਟੇ ਸਨ।

ਪੁਲਿਸ ਨੇ ਲੰਮੀ ਜਾਂਚ ਤੋਂ ਬਾਅਦ ਮੁੱਖ ਮੁਲਜ਼ਮਾਂ ਦੀ ਪਛਾਣ ਕੀਤੀ ਤੇ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਮੁਲਜ਼ਮਾਂ ਦੀ ਪਛਾਣ ਰਿਸ਼ਵ ਚੋਪੜਾ (27), ਜਸ਼ਨਦੀਪ ਸਿੰਘ (34), ਹਰਮਨਦੀਪ (27), ਤੇਜਿੰਦਰ ਚੋਪੜਾ (22) ਤੇ ਵਰੁਣ ਔਲ ਵਜੋਂ ਦੱਸੀ ਗਈ ਹੈ। ਪੁਲਿਸ ਨੇ ਇਸ ਮਾਮਲੇ ’ਚ ਆਮ ਲੋਕਾਂ ਨੂੰ ਅੱਗੇ ਆ ਕੇ ਉਕਤ ਲੋਕਾਂ ਖਿਲਾਫ ਹੋਰ ਸਬੂਤ ਦੇਣ ਦੀ ਅਪੀਲ ਕੀਤੀ ਹੈ। ਮੁਲਜ਼ਮਾਂ ਨੂੰ ਅਗਲੇ ਦਿਨੀਂ ਅਦਾਲਤ ਵਿਚ ਪੇਸ਼ ਕੀਤਾ ਜਾਏਗਾ।

# ਅਦਾਲਤ ਵੱਲੋਂ ਸੰਘੀ ਫੰਡਾਂ ਦਾ ਰਾਜਸੀਕਰਨ ਕਰਨ ਲਈ ਟਰੰਪ ਪ੍ਰਸ਼ਾਸਨ ਨੂੰ ਝਾੜ



ਜੱਜ ਅਮਿਤ ਪੀ ਮਹਿਤਾ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਯੂ.ਐੱਸ. ਡਿਸਟ੍ਰਿਕਟ ਜੱਜ ਅਮਿਤ ਪੀ ਮਹਿਤਾ ਨੇ ਅਰਬਾਂ ਡਾਲਰਾਂ ਦੀਆਂ ਸੰਘੀ ਊਰਜਾ ਗਰਾਂਟਾਂ ਰੱਦ ਕਰਨ ਦੇ ਮਾਮਲੇ ’ਤੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਦਿੰਦਿਆਂ ਆਪਣੇ ਨਿਰਣੇ ਵਿਚ ਕਿਹਾ ਹੈ ਕਿ ਅਜਿਹਾ ਕਰਕੇ ਉਸ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ, ਜੋ ਸੰਵਿਧਾਨ ਸਾਰੇ ਅਮਰੀਕੀਆਂ ਦੀ ਭਲਾਈ ਦੀ ਗੱਲ ਕਰਦਾ ਹੈ। ਜੱਜ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ ਸੰਘੀ ਫੰਡਾਂ ਦਾ ਰਾਜਸੀਕਰਨ ਕਰਨਾ ਅਣਉਚਿੱਤ ਹੈ। ਆਪਣੇ 17 ਸਫਿਆਂ ਦੇ ਨਿਰਣੇ ਵਿਚ ਜੱਜ ਨੇ ਕਿਹਾ ਕਿ ਊਰਜਾ ਵਿਭਾਗ ਨੇ ਮੋਟੇ ਤੌਰ ’ਤੇ ਊਰਜਾ ਤੇ ਵਾਤਾਵਰਣ ਨਾਲ ਸਬੰਧਤ 8 ਅਰਬ ਡਾਲਰ ਦੀਆਂ ਗਰਾਂਟਾਂ ਰਾਜਸੀ ਆਧਾਰ ’ਤੇ ਰੱਦ ਕੀਤੀਆਂ ਹਨ, ਜੋ ਪੰਜਵੀਂ ਸੋਧ ਦੀ ਉਲੰਘਣਾ ਹੈ। ਜੋ ਸੋਧ ਸਾਰੇ ਰਾਜਾਂ ਨੂੰ ਬਰਾਬਰ ਹਿਫਾਜ਼ਤ ਦੀ ਗਾਰੰਟੀ ਦਿੰਦੀ ਹੈ। ਜੱਜ ਨੇ ਵਿਭਾਗ ਨੂੰ ਆਦੇਸ਼ ਦਿੱਤਾ ਕਿ ਉਹ 27.60 ਕਰੋੜ ਡਾਲਰ ਦੀਆਂ ਵਿਸ਼ੇਸ਼ ਗਰਾਂਟਾਂ ਬਹਾਲ ਕਰੇ। ਜੱਜ ਨੇ ਆਪਣੇ ਨਿਰਣੇ ਵਿਚ ਸਪੱਸ਼ਟ ਕੀਤਾ ਕਿ ਸੰਘੀ ਸਰਕਾਰ ਆਪਣੀ ਵਿੱਤੀ ਸ਼ਕਤੀ ਨੂੰ ਰਾਜਸੀ ਹਥਿਆਰ ਦੇ ਤੌਰ ’ਤੇ ਨਹੀਂ ਵਰਤ ਸਕਦੀ। ਉਨ੍ਹਾਂ ਕਿਹਾ ਕਿ ਸੰਵਿਧਾਨ ਵਿਚ ਅਜਿਹੀ ਕੋਈ ਛੋਟ ਨਹੀਂ ਹੈ, ਜਿਸ ਤਹਿਤ ਸਰਕਾਰ ਦਾ ਸਮਰਥਨ ਨਾ ਕਰਨ ਵਾਲੇ ਰਾਜਾਂ ਦੇ ਫੰਡਾਂ ਨੂੰ ਰੋਕਿਆ ਜਾ ਸਕਦਾ ਹੋਵੇ। ਜੱਜ ਨੇ ਸਬੂਤਾਂ ਦਾ ਹਵਾਲਾ ਵੀ ਦਿੱਤਾ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ 2024 ਦੀਆਂ ਚੋਣਾਂ ਵਿਚ ਡੋਨਲਡ ਟਰੰਪ ਦਾ ਸਮਰਥਨ ਨਾ ਕਰਨ ਵਾਲੇ ਰਾਜਾਂ ਦੀਆਂ ਗਰਾਂਟਾਂ ਖਤਮ ਕੀਤੀਆਂ ਗਈਆਂ ਹਨ। ਜੱਜ ਨੇ ਇਹ ਫੈਸਲਾ ਸੇਂਟ ਪਾਲ, ਮਿਨੀਸੋਟਾ ਸਮੇਤ ਵਾਤਾਵਰਣ ਨਾਲ ਸਬੰਧਤ ਕਈ ਸੰਗਠਨਾਂ ਦੁਆਰਾ ਦਾਇਰ ਪਟੀਸ਼ਨ ’ਤੇ ਸੁਣਾਇਆ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com



# ਟਰੰਪ ਪ੍ਰਸ਼ਾਸਨ ਵੱਲੋਂ ਸਟੂਡੈਂਟ ਲੋਨ ਦੀਆਂ ਕਿਸ਼ਤਾਂ ਭਰਨ ’ਚ ਅਸਫਲ ਰਹਿਣ ਵਾਲਿਆਂ ਨੂੰ ਰਾਹਤ ਦਾ ਐਲਾਨ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਉਨ੍ਹਾਂ ਲੱਖਾਂ ਅਮਰੀਕੀਆਂ ਨੂੰ ਵੱਡੀ ਰਾਹਤ ਦਿੱਤੀ ਹੈ, ਜੋ ਆਪਣੇ ਸਟੂਡੈਂਟ ਲੋਨ (ਵਿਦਿਆਰਥੀ ਕਰਜ਼ੇ) ਦੀਆਂ ਕਿਸ਼ਤਾਂ ਭਰਨ ਵਿਚ ਅਸਫਲ ਰਹੇ ਸਨ। ਪ੍ਰਸ਼ਾਸਨ ਨੇ ਡਿਫਾਲਟਰਾਂ ਦੀਆਂ ਤਨਖਾਹਾਂ ਵਿਚੋਂ ਪੈਸੇ ਕੱਟਣ ਦੀ ਆਪਣੀ ਯੋਜਨਾ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਹੈ।

ਸਿੱਖਿਆ ਵਿਭਾਗ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਸੰਘੀ ਵਿਦਿਆਰਥੀ ਕਰਜ਼ਿਆਂ ਦੀ ਜਬਰੀ ਵਸੂਲੀ ’ਤੇ ਉਦੋਂ ਤੱਕ ਰੋਕ ਰਹੇਗੀ, ਜਦੋਂ ਤੱਕ ਏਜੰਸੀ ਨਵੀਂ ਅਦਾਇਗੀ ਯੋਜਨਾਵਾਂ ਨੂੰ ਅੰਤਿਮ ਰੂਪ ਨਹੀਂ ਦੇ ਦਿੰਦੀ। ਇਹ ਫੈਸਲਾ ਉਸ ਪੁਰਾਣੀ ਯੋਜਨਾ ਨੂੰ ਉਲਟਾਉਂਦਾ ਹੈ, ਜਿਸ ਤਹਿਤ ਇਸ ਮਹੀਨੇ ਤੋਂ ਤਨਖਾਹਾਂ ਵਿਚੋਂ ਕਟੌਤੀ ਸ਼ੁਰੂ ਕੀਤੀ ਜਾਣੀ ਸੀ।

ਵਿਭਾਗ ਦੇ ਉੱਚ ਸਿੱਖਿਆ ਮੁਖੀ ਨਿਕੋਲਸ ਕੈਂਟ ਨੇ ਕਿਹਾ ਕਿ ਪ੍ਰਸ਼ਾਸਨ ਵਿਦਿਆਰਥੀਆਂ ਅਤੇ ਮਾਪਿਆਂ ਦੀ ਮਦਦ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜਬਰੀ ਵਸੂਲੀ ਵਰਗੇ ਕਦਮ ਉਦੋਂ ਹੀ ਪ੍ਰਭਾਵਸ਼ਾਲੀ ਹੋਣਗੇ, ਜਦੋਂ ਮੌਜੂਦਾ ਸਟੂਡੈਂਟ ਲੋਨ ਸਿਸਟਮ ਵਿਚ ਸੁਧਾਰ ਕਰਕੇ ਇਸਨੂੰ ਹੋਰ ਪਾਰਦਰਸ਼ੀ ਅਤੇ ਕਿਫਾਇਤੀ ਬਣਾਇਆ ਜਾਵੇਗਾ।

**■ ਡਿਫਾਲਟਰਾਂ ਦੀਆਂ ਤਨਖਾਹਾਂ ਵਿਚੋਂ ਪੈਸੇ ਕੱਟਣ ਵਾਲੀ ਯੋਜਨਾ ਫਿਲਹਾਲ ਮੁਲਤਵੀ**

ਨਿਯਮਾਂ ਅਨੁਸਾਰ, ਜੇਕਰ ਕੋਈ ਕਰਜ਼ਦਾਰ 270 ਦਿਨਾਂ ਤੱਕ ਕਿਸ਼ਤ ਨਹੀਂ ਭਰਦਾ, ਤਾਂ ਉਸਨੂੰ ‘ਡਿਫਾਲਟਰ’ ਮੰਨਿਆ ਜਾਂਦਾ ਹੈ। ਅਜਿਹੀ ਸਥਿਤੀ ਵਿਚ ਸਰਕਾਰ ਕੋਲ ਉਸਦੀ ਤਨਖਾਹ ਰੋਕਣ ਅਤੇ ਟੈਕਸ ਰਿਫੰਡ ਜ਼ਬਤ ਕਰਨ ਦਾ ਅਧਿਕਾਰ ਹੁੰਦਾ ਹੈ। ਕੋਰੋਨਾ ਕਾਲ ਦੌਰਾਨ ਇਸ ’ਤੇ ਰੋਕ ਲਗਾਈ ਗਈ ਸੀ, ਜਿਸਨੂੰ ਹੁਣ ਦੁਬਾਰਾ ਸ਼ੁਰੂ ਕਰਨ ਦੀ ਤਿਆਰੀ ਸੀ, ਪਰ ਹੁਣ ਇਸਨੂੰ ਫਿਲਹਾਲ ਟਾਲ ਦਿੱਤਾ ਗਿਆ ਹੈ।

ਵਿਭਾਗ ਦੇ ਅੰਕੜਿਆਂ ਅਨੁਸਾਰ ਸਤੰਬਰ ਤੱਕ 50 ਲੱਖ ਤੋਂ ਵੱਧ ਅਮਰੀਕੀ ਆਪਣੇ ਸਟੂਡੈਂਟ ਲੋਨ ਵਿਚ ਡਿਫਾਲਟਰ ਪਾਏ ਗਏ ਸਨ। ਲੱਖਾਂ ਹੋਰ ਅਜਿਹੇ ਲੋਕ ਹਨ, ਜੋ ਕਰਜ਼ਾ ਮੋੜਨ ਵਿਚ ਪਿੱਛੇ ਹਨ ਅਤੇ ਇਸ ਸਾਲ ਡਿਫਾਲਟਰ ਹੋਣ ਦੀ ਕਗਾਰ ’ਤੇ ਹਨ। ਸਿੱਖਿਆ ਮਾਹਿਰਾਂ ਅਤੇ ਐਡਵੋਕੇਟਾਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ‘ਪ੍ਰੋਟੈਕਟ ਬੋਰੋਅਰਜ਼’ ਸੰਸਥਾ ਦੀ ਪਾਲਿਸੀ ਡਾਇਰੈਕਟਰ ਆਇਸਾ ਕੈਂਚੋਲਾ ਬਾਨੇਜ਼ ਨੇ ਕਿਹਾ ਕਿ ਤਨਖਾਹਾਂ ਦੀ ਕਟੌਤੀ ਨਾਲ ਲਗਭਗ 90 ਲੱਖ ਡਿਫਾਲਟਰਾਂ ਦੀ ਆਰਥਿਕ ਹਾਲਤ ਹੋਰ ਵੀ ਖਰਾਬ ਹੋ ਸਕਦੀ ਸੀ।

ਵਿਭਾਗ ਨੇ ਕਿਹਾ ਹੈ ਕਿ ਕਰਜ਼ਦਾਰਾਂ ਨੂੰ ਨਵੀਂ ਰੀ-ਪੇਮੈਂਟ ਯੋਜਨਾਵਾਂ ਦਾ ਮੁਲਾਂਕਣ ਕਰਨ ਲਈ ਸਮਾਂ ਦਿੱਤਾ ਜਾਵੇਗਾ, ਜੋ 1 ਜੁਲਾਈ ਤੋਂ ਉਪਲਬਧ ਹੋਣਗੀਆਂ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਵਿਭਾਗ ਨੇ ਬਾਇਡਨ ਪ੍ਰਸ਼ਾਸਨ ਦੀ ‘SAVE’ ਯੋਜਨਾ ਨੂੰ ਰੱਦ ਕਰ ਦਿੱਤਾ ਸੀ, ਜਿਸ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ ’ਤੇ ਕਲਿੱਕ ਕਰੋ : www.punjabmailusa.com

MARS ONE SERVICES INC
MARS ONE TAXES
Michael S. Bathla
CPA*, EA, MBA
President
Michael@MarsOneCPA.com
* Licensed in Nevada and California
3650 Auburn Blvd. Suite B
Sacramento, CA 95821
Mobile : (916) 300-8887
Office : (916) 696-7800, Fax: (916) 333-1717
• MarsOneTaxes@gmail.com




Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ
ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ
Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444



## ਗੁਰੂ ਸਾਹਿਬਾਨ ਬਾਰੇ ਇਤਰਾਜ਼ਯੋਗ ਟਿੱਪਣੀ ਦਾ ਮਾਮਲਾ

# ਸ਼੍ਰੋਮਣੀ ਕਮੇਟੀ ਵੱਲੋਂ ਆਤਿਸ਼ੀ ਖਿਲਾਫ ਕਾਨੂੰਨੀ ਕਾਰਵਾਈ ਦਾ ਫੈਸਲਾ



ਅੰਮ੍ਰਿਤਸਰ, (ਪੰਜਾਬ ਮੇਲ)- ਗੁਰੂ ਸਾਹਿਬਾਨ ਬਾਰੇ ਇਤਰਾਜ਼ਯੋਗ ਟਿੱਪਣੀ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਬਕਾ ਮੁੱਖ ਮੰਤਰੀ ਅਤੇ 'ਆਪ' ਆਗੂ ਆਤਿਸ਼ੀ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਹ ਫੈਸਲਾ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ, ਜਿੱਥੇ ਉਸ ਖਿਲਾਫ ਇੱਕ ਨਿੰਦਾ ਮਤਾ ਵੀ ਪਾਸ ਕੀਤਾ ਗਿਆ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਤੀ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਚ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਹੋਈ

**■ ਗੁਰੂ ਸਾਹਿਬਾਨ ਬਾਰੇ ਕੀਤੀ ਟਿੱਪਣੀ ਲਈ ਅੰਤ੍ਰਿੰਗ ਕਮੇਟੀ ਦੀ ਬੈਠਕ 'ਚ ਨਿੰਦਾ ਮਤਾ ਪਾਸ**

ਹੈ। ਮੀਟਿੰਗ ਵਿਚ ਬੀਤੇ ਦਿਨੀਂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਵੱਲੋਂ ਸਿੱਖ ਗੁਰੂ ਸਾਹਿਬਾਨ ਬਾਰੇ ਕੀਤੀ ਅਪਮਾਨਜਨਕ ਟਿੱਪਣੀ ਬਾਰੇ ਨਿੰਦਾ ਮਤਾ ਪਾਸ ਕਰਦਿਆਂ ਉਸ ਖਿਲਾਫ਼ ਸਖ਼ਤ ਕਾਰਵਾਈ ਦਾ ਫੈਸਲਾ ਕੀਤਾ ਗਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਦਿੱਲੀ ਦੀ ਵਿਧਾਨ ਸਭਾ ਅੰਦਰ ਚੱਲਦੇ ਸੈਸ਼ਨ ਵਿਚ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦੇ ਵੱਲੋਂ ਗੁਰੂ ਸਾਹਿਬਾਨ ਬਾਰੇ ਅਪਮਾਨਜਨਕ ਸ਼ਬਦਾਵਲੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹਾ ਕਰਕੇ ਆਮ ਆਦਮੀ ਪਾਰਟੀ ਦੀ ਆਗੂ ਵੱਲੋਂ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ, ਜਿਸ ਕਰਕੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਮੂਸੇਵਾਲਾ ਕਤਲ ਮਾਮਲਾ: ਅਦਾਲਤ 'ਚ ਅਹਿਮ ਗਵਾਹ ਦੇ ਅੰਸ਼ਕ ਰੂਪ 'ਚ ਬਿਆਨ ਹੋਏ ਦਰਜ

**■ ਅਗਲੀ ਸੁਣਵਾਈ 6 ਫਰਵਰੀ ਨੂੰ**

ਮਾਨਸਾ, (ਪੰਜਾਬ ਮੇਲ)- ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਕਤਲ ਕੇਸ ਦੀ ਸੁਣਵਾਈ ਮਾਨਸਾ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਵਿਚ ਹੋਈ, ਜਿਸ ਵਿਚ ਇੱਕ ਅਹਿਮ ਗਵਾਹ ਦੇ ਬਿਆਨ ਅੰਸ਼ਕ ਰੂਪ ਵਿਚ ਦਰਜ ਕੀਤੇ ਗਏ।

ਅਧਿਕਾਰਤ ਗਵਾਹ ਕਾਂਸਟੇਬਲ ਬਲਕਰਨ ਸਿੰਘ ਅਦਾਲਤ ਵਿਚ ਪੇਸ਼ ਹੋਏ ਅਤੇ ਉਨ੍ਹਾਂ ਨੇ ਆਪਣੀ ਮੁੱਖ ਗਵਾਹੀ ਦਰਜ ਕਰਵਾਈ। ਹਾਲਾਂਕਿ, ਮੁਲਜ਼ਮ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦੇ ਵਕੀਲਾਂ ਦੇ ਸਿਹਤ ਠੀਕ ਨਾ ਹੋਣ ਕਾਰਨ ਅਦਾਲਤ ਵਿਚ ਹਾਜ਼ਰ ਨਾ ਹੋਣ ਕਰਕੇ ਗਵਾਹ ਤੋਂ ਸਵਾਲ ਨਹੀਂ ਪੁੱਛੇ ਜਾ ਸਕੇ। ਇਸ ਕਾਰਨ ਅਦਾਲਤੀ ਕਾਰਵਾਈ ਨੂੰ ਅੱਗੇ ਪਾਉਣਾ ਪਿਆ।

ਦੂਜੇ ਪਾਸੇ, ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ, ਜੋ ਕਿ ਇਸ ਕੇਸ ਵਿਚ ਅਹਿਮ ਗਵਾਹ ਹਨ, ਉਹ ਵੀ ਸਿਹਤ ਖ਼ਰਾਬ ਹੋਣ ਕਾਰਨ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇ।

ਉਨ੍ਹਾਂ ਦੇ ਵਕੀਲ ਸਤਿੰਦਰ ਪਾਲ ਸਿੰਘ ਮਿੱਤਲ ਨੇ ਅਦਾਲਤ ਨੂੰ ਬਲਕੌਰ ਸਿੰਘ ਦੀ ਗੈਰ-ਹਾਜ਼ਰੀ ਦਾ ਕਾਰਨ ਦੱਸਿਆ ਅਤੇ ਭਰੋਸਾ ਦਿੱਤਾ ਕਿ ਉਹ ਅਗਲੀ ਤਰੀਕ 'ਤੇ ਪੇਸ਼ ਹੋਣ ਦੀ ਕੋਸ਼ਿਸ਼ ਕਰਨਗੇ।

## ਪੀ.ਯੂ. ਸੈਨੇਟ ਚੋਣਾਂ: ਗ੍ਰੈਜੂਏਟ ਕਾਂਸਟੀਚੁਐਂਸੀ ਲਈ ਸ਼ਡਿਊਲ ਜਾਰੀ; ਵੋਟਾਂ 20 ਸਤੰਬਰ ਨੂੰ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਯੂਨੀਵਰਸਿਟੀ ਨੇ ਗਵਰਨਿੰਗ ਬਾਡੀ ਸੈਨੇਟ ਚੋਣਾਂ-2026 ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਜਿਸ ਤਹਿਤ ਰਜਿਸਟਰਡ ਗ੍ਰੈਜੂਏਟ ਕਾਂਸਟੀਚੁਐਂਸੀ ਤੋਂ 15 ਸਾਧਾਰਨ ਫੈਲੋਜ਼ ਦੀ ਚੋਣ ਲਈ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਪ੍ਰਸ਼ਾਸਨ ਮੁਤਾਬਕ ਵੋਟਿੰਗ 20 ਸਤੰਬਰ ਨੂੰ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਇਨ੍ਹਾਂ ਸੈਨੇਟ ਚੋਣਾਂ ਲਈ ਤਰੀਕ ਤੇ ਨੋਟੀਫਿਕੇਸ਼ਨ ਭਾਵੇਂ ਪਹਿਲਾਂ ਐਲਾਨ ਦਿੱਤਾ ਗਿਆ ਸੀ ਪਰ ਪੰਜਾਬ ਯੂਨੀਵਰਸਿਟੀ ਨੇ ਅੱਜ ਸ਼ਡਿਊਲ ਜਾਰੀ ਕੀਤਾ ਹੈ। ਇਨ੍ਹਾਂ ਚੋਣਾਂ ਲਈ ਵਿਦਿਆਰਥੀਆਂ ਤੇ ਰਾਜਸੀ ਧਿਰਾਂ ਨੇ ਵੱਡਾ ਸੰਘਰਸ਼ ਕੀਤਾ ਸੀ।

'ਵਰਸਿਟੀ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਰਜਿਸਟਰਡ ਗ੍ਰੈਜੂਏਟ ਵਜੋਂ ਨਵੀਂ ਨਾਮਜ਼ਦਗੀ ਲਈ ਅਰਜ਼ੀਆਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 23 ਫਰਵਰੀ ਤੈਅ ਕੀਤੀ ਗਈ ਹੈ। ਇਸ ਲਈ 15 ਰੁਪਏ ਦੀ ਨਿਰਧਾਰਤ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ। ਅਰਜ਼ੀ ਨਿਰਧਾਰਿਤ ਤਰੀਕ ਤੱਕ ਰਜਿਸਟਰਾਰ ਦਫ਼ਤਰ ਵਿਚ ਪਹੁੰਚ ਜਾਣੀ ਚਾਹੀਦੀ ਹੈ। ਵੋਟਰ ਬਣਨ ਦੇ ਇੱਛੁਕ ਪੁਰਾਣੇ ਰਜਿਸਟਰਡ

**■ ਵੋਟਾਂ ਲਈ ਤਿਆਰੀਆਂ ਸ਼ੁਰੂ**



ਗ੍ਰੈਜੂਏਟ, ਜਿਨ੍ਹਾਂ ਉੱਤੇ ਕੋਈ ਬਕਾਇਆ ਰਕਮ ਹੈ, ਉਹ 23 ਫਰਵਰੀ ਤੱਕ ਆਪਣੀ ਬਕਾਇਆ ਰਕਮ ਅਦਾ ਕਰਨਗੇ। ਡਿਫਾਲਟਰ ਰਜਿਸਟਰਡ ਗ੍ਰੈਜੂਏਟਸ ਦੀ ਸੂਚੀ ਜਲਦੀ ਹੀ ਪੰਜਾਬ ਯੂਨੀਵਰਸਿਟੀ ਦੀ ਵੈੱਬਸਾਈਟ ਅਤੇ ਸਹਾਇਕ ਰਜਿਸਟਰਾਰ, ਚੋਣ ਦਫ਼ਤਰ ਵਿਚ ਮੁਹੱਈਆ ਕਰਵਾ ਦਿੱਤੀ ਜਾਵੇਗੀ।

ਯੂਨੀਵਰਸਿਟੀ ਅਨੁਸਾਰ ਰਜਿਸਟਰਡ ਗ੍ਰੈਜੂਏਟਸ ਦੀ ਸਪਲੀਮੈਂਟਰੀ ਸੂਚੀ 24 ਮਾਰਚ ਨੂੰ ਪ੍ਰਕਾਸ਼ਤ ਕੀਤੀ ਜਾਵੇਗੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਹਰਿਆਣਾ ਸਰਕਾਰ ਵੱਲੋਂ ਪ੍ਰੀਖਿਆਵਾਂ ਦੌਰਾਨ ਵਿਦਿਆਰਥੀਆਂ ਨੂੰ ਕ੍ਰਿਪਾਨ ਤੇ ਮੰਗਲਸੂਤਰ ਪਹਿਨਣ ਦੀ ਇਜਾਜ਼ਤ

**ਚੰਡੀਗੜ੍ਹ, (ਪੰਜਾਬ ਮੇਲ)**- ਹਰਿਆਣਾ ਸਰਕਾਰ ਨੇ ਸੂਬੇ ਵਿਚ ਹੋਣ ਵਾਲੀਆਂ ਵੱਖ-ਵੱਖ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਨੂੰ ਸਖ਼ਤ ਦਿਸ਼ਾ-ਨਿਰਦੇਸ਼ਾਂ ਤਹਿਤ ਕ੍ਰਿਪਾਨ ਅਤੇ ਮੰਗਲਸੂਤਰ ਪਹਿਨਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਸਬੰਧੀ ਸਿੱਖ ਵਿਦਿਆਰਥੀਆਂ ਅਤੇ ਵਿਆਹੁਤਾ ਮਹਿਲਾ ਉਮੀਦਵਾਰਾਂ ਨੂੰ ਪ੍ਰੀਖਿਆਵਾਂ ਦੌਰਾਨ ਕਈ ਸਮੱਸਿਆਵਾਂ ਆਉਂਦੀਆਂ ਸਨ। ਹਰਿਆਣਾ ਸਰਕਾਰ ਨੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਭਰਤੀ ਏਜੰਸੀਆਂ ਰਾਹੀਂ ਲਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਲਈ ਵਿਸਤ੍ਰਿਤ ਨਿਰਦੇਸ਼ ਜਾਰੀ ਕੀਤੇ। ਇਹ ਨਿਰਦੇਸ਼ ਅਦਾਲਤਾਂ ਦੇ ਦਖਲ ਤੋਂ ਬਾਅਦ ਜਾਰੀ ਕੀਤੇ ਗਏ ਹਨ ਕਿਉਂਕਿ ਕਈ ਸਿੱਖ ਵਿਦਿਆਰਥੀਆਂ ਤੇ ਵਿਆਹੁਤਾ ਔਰਤਾਂ ਨੂੰ ਕ੍ਰਮਵਾਰ ਕ੍ਰਿਪਾਨ ਤੇ ਮੰਗਲਸੂਤਰ ਕਾਰਨ ਪ੍ਰੀਖਿਆ ਕੇਂਦਰਾਂ ਵਿਚ ਦਾਖਲ ਹੋਣ 'ਤੇ ਰੋਕਿਆ ਗਿਆ ਸੀ।

ਮੁੱਖ ਸਕੱਤਰ ਦਫ਼ਤਰ ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪ੍ਰੀਖਿਆਵਾਂ 'ਚ ਸ਼ਾਮਲ ਹੋਣ ਵਾਲੇ ਸਿੱਖ ਵਿਦਿਆਰਥੀਆਂ ਅਤੇ ਉਮੀਦਵਾਰਾਂ ਨੂੰ ਨਿਰਧਾਰਤ ਮਾਪਦੰਡਾਂ ਤਹਿਤ ਕ੍ਰਿਪਾਨ ਪਹਿਨਣ ਅਤੇ ਲਿਜਾਣ ਦੀ



ਇਜਾਜ਼ਤ ਹੋਵੇਗੀ। ਕ੍ਰਿਪਾਨ ਦੀ ਕੁੱਲ ਲੰਬਾਈ 9 ਇੰਚ (22.86 ਸੈਂਟੀਮੀਟਰ) ਤੋਂ ਵੱਧ ਨਹੀਂ ਹੋਣੀ ਚਾਹੀਦੀ ਤੇ ਇਸ ਦੇ ਬਲੇਡ ਦੀ ਲੰਬਾਈ 6 ਇੰਚ (15.24 ਸੈਂਟੀਮੀਟਰ) ਤੋਂ ਵੱਧ ਨਹੀਂ ਹੋਣੀ ਚਾਹੀਦੀ। ਅਜਿਹੇ ਉਮੀਦਵਾਰਾਂ ਨੂੰ ਨਿਰਧਾਰਤ ਸਮੇਂ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ ਵਿਚ ਰਿਪੋਰਟ ਕਰਨ ਦੀ ਸਲਾਹ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਪ੍ਰੀਖਿਆਰਥੀ ਨੂੰ ਨਿਰਧਾਰਤ ਸਮੇਂ ਤੋਂ ਘੱਟੋ-ਘੱਟ 30 ਮਿੰਟ ਪਹਿਲਾਂ ਪ੍ਰੀਖਿਆ ਕੇਂਦਰ ਵਿਚ ਰਿਪੋਰਟ ਕਰਨਾ ਵੀ ਜ਼ਰੂਰੀ ਹੈ।

ਇਹ ਫੈਸਲਾ ਦਿੱਲੀ ਹਾਈ ਕੋਰਟ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵੱਖ-ਵੱਖ ਫੈਸਲਿਆਂ ਦੇ ਮੱਦੇਨਜ਼ਰ ਲਿਆ ਗਿਆ ਹੈ, ਜਿਨ੍ਹਾਂ ਨੇ ਪ੍ਰੀਖਿਆਵਾਂ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਂਦੇ ਹੋਏ ਧਾਰਮਿਕ ਅਤੇ ਸੱਭਿਆਚਾਰਕ ਹੱਕਾਂ ਦੀ ਰਾਖੀ 'ਤੇ ਜ਼ੋਰ ਦਿੱਤਾ ਸੀ।

ਸਾਰੇ ਪ੍ਰਸ਼ਾਸਕੀ ਸਕੱਤਰਾਂ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਗਏ ਹਨ ਕਿ ਉਨ੍ਹਾਂ ਦੇ ਨਿਯੰਤਰਣ ਅਧੀਨ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਯੂਨੀਵਰਸਿਟੀਆਂ ਅਤੇ ਭਰਤੀ ਏਜੰਸੀਆਂ ਦੇ ਮੁਖੀ ਇਸ ਸਬੰਧੀ ਜ਼ਰੂਰੀ ਨਿਰਦੇਸ਼ ਜਾਰੀ ਕਰਨ ਤਾਂ ਕਿ ਪ੍ਰੀਖਿਆ ਸਟਾਫ, ਨਿਗਰਾਨਾਂ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਸਹੀ ਢੰਗ ਨਾਲ ਦੱਸਿਆ ਜਾ ਸਕੇ ਤੇ ਪ੍ਰੀਖਿਆਰਥੀ ਪ੍ਰੇਸ਼ਾਨ ਨਾ ਹੋਣ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਬਿਕਰਮ ਮਜੀਠੀਆ ਦੀ ਨਿਆਇਕ ਹਿਰਾਸਤ 'ਚ 14 ਦਿਨਾਂ ਦਾ ਵਾਧਾ

**ਐੱਸ.ਏ.ਐੱਸ. ਨਗਰ (ਮੋਹਾਲੀ), (ਪੰਜਾਬ ਮੇਲ)**-ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਨਾਭਾ ਦੀ ਨਿਊ ਜੇਲ੍ਹ ਵਿਚ ਬੰਦ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਬੀਤੇ ਦਿਨੀਂ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ੀ ਭੁਗਤੀ। ਮੋਹਾਲੀ ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਨੇ ਉਨ੍ਹਾਂ ਦੀ ਨਿਆਂਇਕ ਹਿਰਾਸਤ ਵਿਚ 14 ਦਿਨਾਂ ਦਾ ਵਾਧਾ ਕਰਦਿਆਂ 31 ਜਨਵਰੀ ਨੂੰ ਅਗਲੀ ਪੇਸ਼ੀ ਤੈਅ ਕੀਤੀ ਹੈ। ਇਸ ਮੌਕੇ ਸਰਕਾਰੀ ਅਤੇ ਬਚਾਅ ਪੱਖ ਦੇ ਵਕੀਲ ਹਾਜ਼ਰ ਸਨ। ਵਿਜੀਲੈਂਸ ਵੱਲੋਂ ਮਜੀਠੀਆ ਖ਼ਿਲਾਫ਼ ਚਲਾਨ ਪੇਸ਼ ਕੀਤਾ ਹੋਇਆ ਹੈ ਪਰ ਹਾਲੇ ਤੱਕ ਅਦਾਲਤ ਵਿਚ ਉਨ੍ਹਾਂ ਖ਼ਿਲਾਫ਼ ਦੋਸ਼ ਆਇਦ ਨਹੀਂ ਹੋ ਸਕੇ। ਮਜੀਠੀਆ ਦੇ ਵਕੀਲਾਂ ਵੱਲੋਂ ਕੇਸ ਦੀ ਸੁਣਵਾਈ ਖੁੱਲ੍ਹੀ ਅਦਾਲਤ ਵਿਚ ਅਤੇ ਲਾਈਵ ਸਟਰੀਮਿੰਗ ਚਲਾਉਣ ਲਈ ਵੀ ਦਰਖਾਸਤ ਦਿੱਤੀ ਗਈ ਹੈ।

ਇਸੇ ਦੌਰਾਨ ਮਜੀਠੀਆ ਦੇ ਨਜ਼ਦੀਕੀ ਹਰਪ੍ਰੀਤ ਸਿੰਘ ਗੁਲਾਟੀ ਨੇ ਵੀ ਇਸੇ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਅਦਾਲਤ ਵੱਲੋਂ ਉਨ੍ਹਾਂ ਦੀ ਨਿਆਇਕ ਹਿਰਾਸਤ ਵਿਚ ਵੀ 14 ਦਿਨਾਂ ਦਾ ਵਾਧਾ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਦੀ ਅਗਲੀ ਪੇਸ਼ੀ ਵੀ 31 ਜਨਵਰੀ ਨੂੰ ਤੈਅ ਹੋਈ ਹੈ।

# ਹਾਈ ਕੋਰਟ ਵੱਲੋਂ ਬਿਕਰਮ ਮਜੀਠੀਆ ਦੀ ਸੁਰੱਖਿਆ ਸੰਬੰਧੀ ਪੰਜਾਬ ਸਰਕਾਰ ਨੂੰ ਸਖਤ ਨਿਰਦੇਸ਼ ਜਾਰੀ

**ਕਿਸੇ ਵੀ ਸੁਰੱਖਿਆ ਕੁਤਾਹੀ ਲਈ ਏ.ਡੀ.ਜੀ.ਪੀ. ਜੇਲ੍ਹ ਅਤੇ ਨਾਭਾ ਜੇਲ੍ਹ ਸੁਪਰਡੈਂਟ ਹੋਣਗੇ ਜ਼ਿੰਮੇਵਾਰ**

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ



ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਸੰਬੰਧੀ ਪੰਜਾਬ ਸਰਕਾਰ ਨੂੰ ਸਖ਼ਤ ਅਤੇ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਹਨ। ਅਦਾਲਤ ਨੇ ਕਿਹਾ ਕਿ ਮਜੀਠੀਆ ਦੀ ਸੁਰੱਖਿਆ ਯਕੀਨੀ ਬਣਾਉਣਾ ਸੂਬਾ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ ਅਤੇ ਇਸ ਸੰਬੰਧ 'ਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸੁਣਵਾਈ ਦੌਰਾਨ ਹਾਈ ਕੋਰਟ ਨੇ ਸਪੱਸ਼ਟ ਤੌਰ 'ਤੇ ਚਿਤਾਵਨੀ ਦਿੱਤੀ ਕਿ ਜੇਕਰ ਮਜੀਠੀਆ ਦੇ ਸੁਰੱਖਿਆ ਪ੍ਰਬੰਧਾਂ 'ਚ ਕੋਈ ਵੀ ਕੋਤਾਹੀ ਪਾਈ ਜਾਂਦੀ ਹੈ, ਤਾਂ ਏ.ਡੀ.ਜੀ.ਪੀ (ਜੇਲ੍ਹਾਂ) ਅਤੇ ਨਾਭਾ ਜੇਲ੍ਹ ਦੇ ਸੁਪਰਡੈਂਟ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਜਿਹੀ ਸਥਿਤੀ 'ਚ ਸੰਬੰਧਿਤ ਅਧਿਕਾਰੀਆਂ ਵਿਰੁੱਧ ਨਿੱਜੀ ਤੌਰ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ। ਅਦਾਲਤ ਨੇ ਕਿਹਾ ਕਿ ਹਿਰਾਸਤ 'ਚ ਬੰਦ ਕਿਸੇ ਵੀ ਵਿਅਕਤੀ ਦੀ ਸੁਰੱਖਿਆ ਸਿਰਫ਼ ਇਕ ਰਸਮੀ ਜ਼ਿੰਮੇਵਾਰੀ ਨਹੀਂ ਹੈ, ਬਲਕਿ ਕਾਨੂੰਨ ਦੇ ਸ਼ਾਸਨ ਦਾ ਬੁਨਿਆਦੀ ਤੱਤ ਹੈ। ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਸੁਰੱਖਿਆ 'ਚ ਲਾਪ੍ਰਵਾਹੀ ਨਾ ਸਿਰਫ਼ ਇਕ ਪ੍ਰਸ਼ਾਸਕੀ ਅਸਫਲਤਾ ਮੰਨੀ ਜਾਵੇਗੀ, ਬਲਕਿ ਇਹ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਦੀ ਸ਼੍ਰੇਣੀ 'ਚ ਵੀ ਆ ਸਕਦੀ ਹੈ।

ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਮਜੀਠੀਆ ਦੀ ਸੁਰੱਖਿਆ ਲਈ ਕੀਤੇ ਗਏ ਸਾਰੇ ਪ੍ਰਬੰਧਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਖ਼ਤਰਾ ਨਾ ਹੋਵੇ। ਅਦਾਲਤ ਨੇ ਸੂਬਾ ਸਰਕਾਰ ਤੋਂ ਆਸ ਪ੍ਰਗਟਾਈ ਕਿ ਉਹ ਇਸ ਹੁਕਮ ਨੂੰ ਗੰਭੀਰਤਾ ਨਾਲ ਲਵੇਗੀ ਤੇ ਭਵਿੱਖ 'ਚ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਗੁੰਜਾਇਸ਼ ਨਹੀਂ ਛੱਡੇਗੀ। ਅਦਾਲਤ ਨੂੰ ਜਾਣਕਾਰੀ ਦਿੰਦਿਆਂ ਮਜੀਠੀਆ ਦੇ ਵਕੀਲ ਨੇ ਏ.ਡੀ.ਜੀ.ਪੀ. ਇੰਟੈਲੀਜੈਂਸ ਦੇ ਇਕ ਤਾਜ਼ਾ ਪੱਤਰ ਦਾ ਹਵਾਲਾ ਦਿੱਤਾ, ਜਿਸ 'ਚ ਖੁਲਾਸਾ ਕੀਤਾ ਗਿਆ ਹੈ




# ਹਾਈਕੋਰਟ ਵੱਲੋਂ ਮੁਅੱਤਲ ਡੀ.ਆਈ.ਜੀ. ਭੁੱਲਰ ਦੀ ਜ਼ਮਾਨਤ ਅਰਜ਼ੀ ’ਤੇ ਸੀ.ਬੀ.ਆਈ. ਨੂੰ ਨੋਟਿਸ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਪੰਜਾਬ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੀ ਨਿਯਮਤ ਜ਼ਮਾਨਤ ਦੀ ਮੰਗ ਵਾਲੀ ਪਟੀਸ਼ਨ ’ਤੇ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਮਾਮਲੇ ਦੀ ਸੁਣਵਾਈ ਕਰਦਿਆਂ ਜਸਟਿਸ ਸੁਮੀਤ ਗੋਇਲ ਨੇ ਕੇਸ ਦੀ ਅਗਲੀ ਸੁਣਵਾਈ ਲਈ 9 ਫਰਵਰੀ ਦੀ ਤਾਰੀਖ਼ ਤੈਅ ਕੀਤੀ ਹੈ।

ਭੁੱਲਰ ਨੇ ਅਦਾਲਤ ਨੂੰ ਦੱਸਿਆ ਕਿ ਮਾਮਲੇ ਦੀ ਜਾਂਚ ਮੁਕੰਮਲ ਹੋ ਚੁੱਕੀ ਹੈ ਅਤੇ ਪਿਛਲੇ ਸਾਲ 3 ਦਸੰਬਰ ਨੂੰ ਅੰਤਿਮ ਜਾਂਚ ਰਿਪੋਰਟ (ਚਲਾਨ) ਪਹਿਲਾਂ ਹੀ ਦਾਇਰ ਕੀਤੀ ਜਾ ਚੁੱਕੀ ਹੈ, ਜਿਸ ਕਾਰਨ ਹੁਣ ਹੋਰ ਹਿਰਾਸਤੀ ਪੁੱਛਗਿੱਛ ਦੀ ਲੋੜ ਨਹੀਂ ਰਹੀ। ਐਡਵੋਕੇਟ ਨਿਖਿਲ ਘਈ ਰਾਹੀਂ



ਦਾਇਰ ਅਤੇ ਸੀਨੀਅਰ ਐਡਵੋਕੇਟ ਬਿਪਿਨ ਘਈ ਦੁਆਰਾ ਪੇਸ਼ ਕੀਤੀ ਗਈ ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਸ ਕੇਸ ਵਿਚ ਜ਼ਿਆਦਾਤਰ ਸਰਕਾਰੀ ਗਵਾਹ ਹਨ ਅਤੇ ਕਿਉਂਕਿ ਪਟੀਸ਼ਨਰ ਨੂੰ ਸੇਵਾ ਤੋਂ ਮੁਅੱਤਲ ਕੀਤਾ ਜਾ ਚੁੱਕਾ ਹੈ, ਇਸ ਲਈ ਗਵਾਹਾਂ ਨੂੰ ਪ੍ਰਭਾਵਿਤ ਕਰਨ ਜਾਂ ਸਬੂਤਾਂ ਨਾਲ ਛੇੜਛਾੜ ਕਰਨ ਦਾ ਕੋਈ ਖ਼ਦਸ਼ਾ ਨਹੀਂ ਰਹਿੰਦਾ।

ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਕਥਿਤ ਟਰੈਪ ਸਹਿ-ਮੁਲਜ਼ਮ ਨਾਲ ਸਬੰਧਤ ਸੀ ਅਤੇ ਪਟੀਸ਼ਨਰ ਤੋਂ ਸਿੱਧੇ ਤੌਰ ’ਤੇ ਕੋਈ ਵਸੂਲੀ ਨਹੀਂ ਹੋਈ। ਇਸ ਤੋਂ ਇਲਾਵਾ ਹਿਰਾਸਤ ਵਿਚ ਲਏ ਜਾਣ ਤੋਂ 24 ਘੰਟੇ ਤੋਂ ਵੱਧ ਸਮੇਂ ਬਾਅਦ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤੇ ਜਾਣ ਨੂੰ ਪ੍ਰਕਿਰਿਆਤਮਕ ਗੈਰ-ਕਾਨੂੰਨੀ ਦੱਸਿਆ ਗਿਆ ਹੈ।

ਵਕੀਲ ਘਈ ਨੇ ਦਲੀਲ ਦਿੱਤੀ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵੱਧ ਤੋਂ ਵੱਧ ਸੱਤ ਸਾਲ ਦੀ ਸਜ਼ਾ ਹੈ ਅਤੇ ਭੁੱਲਰ 17 ਅਕਤੂਬਰ 2025 ਤੋਂ ਕਾਫੀ ਸਮਾਂ ਹਿਰਾਸਤ ਵਿਚ ਬਿਤਾ ਚੁੱਕੇ ਹਨ। ਅਜਿਹੀ ਸਥਿਤੀ ਵਿਚ ਹੋਰ ਜੇਲ੍ਹ ਵਿਚ ਰੱਖਣਾ ਮੁਕੱਦਮੇ ਤੋਂ ਪਹਿਲਾਂ ਸਜ਼ਾ ਦੇਣ ਵਾਂਗ ਹੋਵੇਗਾ, ਜਦੋਂਕਿ ਪਟੀਸ਼ਨਰ ਅਦਾਲਤ ਦੀਆਂ ਸਾਰੀਆਂ ਸ਼ਰਤਾਂ ਮੰਨਣ ਲਈ ਤਿਆਰ ਹੈ।

## ਕੈਨੇਡਾ ਵੱਲੋਂ ਭਾਰਤੀ ਡਾਕਟਰਾਂ ਨੂੰ ‘ਐਕਸਪ੍ਰੈੱਸ ਵੀਜ਼ਾ ਐਂਟਰੀ’ ਦੇਣ ਦਾ ਫੈਸਲਾ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਵਿਚ ਇਸ ਵੇਲੇ ਡਾਕਟਰਾਂ ਦੀ ਭਾਰੀ ਕਮੀ ਹੈ। ਇੱਕ ਰਿਪੋਰਟ ਅਨੁਸਾਰ, ਉੱਥੇ ਸਿਰਫ਼ 37% ਮਰੀਜ਼ਾਂ ਨੂੰ ਹੀ 24 ਘੰਟਿਆਂ ਦੇ ਅੰਦਰ ਐਮਰਜੈਂਸੀ ਅਪੁਆਇੰਟਮੈਂਟ ਮਿਲ ਪਾ ਰਹੀ ਹੈ। ਹਾਲ ਹੀ ਵਿਚ ਇਲਾਜ ਵਿਚ ਦੇਰੀ ਕਾਰਨ ਇੱਕ ਭਾਰਤਵੰਸ਼ੀ ਦੀ ਮੌਤ ਦਾ ਮਾਮਲਾ ਵੀ ਕਾਫੀ ਸੁਰਖ਼ੀਆਂ ਵਿਚ ਰਿਹਾ ਸੀ, ਜਿਸ ਤੋਂ ਬਾਅਦ ਸਰਕਾਰ ਨੇ ਮੈਡੀਕਲ ਸੇਵਾਵਾਂ ਸੁਧਾਰਨ ਲਈ ਲਈ ਭਾਰਤੀ ਡਾਕਟਰਾਂ ਲਈ ਪਲਕਾਂ ਵਿਛਾ ਦਿੱਤੀਆਂ ਹਨ। ਦਰਅਸਲ ਕੈਨੇਡਾ ਨੇ ਭਾਰਤੀ ਡਾਕਟਰਾਂ ਨੂੰ ਵੱਡਾ ਆਫ਼ਰ ਦਿੰਦੇ ਹੋਏ ‘ਐਕਸਪ੍ਰੈਸ ਵੀਜ਼ਾ ਐਂਟਰੀ’ ਦੇਣ ਦਾ ਫੈਸਲਾ ਕੀਤਾ ਹੈ। ਇਸ ਸਕੀਮ ਦੇ ਪਹਿਲੇ ਪੜਾਅ ਵਿਚ 6,000 ਭਾਰਤੀ ਡਾਕਟਰਾਂ ਨੂੰ ਕੈਨੇਡਾ ਵਿਚ ਦਾਖ਼ਲਾ ਮਿਲੇਗਾ। ਪਹਿਲੇ ਪੜਾਅ ਵਿਚ ਫੈਡਰਲ ਸਰਵਿਸਿਜ਼ ਲਈ 1,000 ਅਤੇ ਸੂਬਾਈ ਸਰਕਾਰਾਂ ਲਈ ਕਰੀਬ 5,000 ਡਾਕਟਰਾਂ ਨੂੰ ਵੀਜ਼ਾ ਜਾਰੀ ਕਰਨ ਦੀ ਯੋਜਨਾ ਹੈ, ਜੋ ਕਿ ਇਸ ਮਹੀਨੇ ਦੇ ਅਖੀਰ ਤੱਕ ਲਾਗੂ ਹੋ ਸਕਦੀ ਹੈ। ਇਹ ਇੱਕ ਪੁਆਇੰਟ ਬੇਸ ਸਲੈਕਸ਼ਨ ਸਕੀਮ ਹੈ, ਜਿਸ ਵਿਚ ਬਿਨੈਕਾਰ ਦੀ ਉਮਰ, ਸਿੱਖਿਆ ਅਤੇ ਤਜ਼ਰਬੇ ਦੇ ਅਧਾਰ ’ਤੇ ਚੋਣ ਕੀਤੀ ਜਾਂਦੀ ਹੈ। ਕੈਨੇਡਾ ਸਰਕਾਰ ਦਾ ਮੰਨਣਾ ਹੈ ਕਿ ਨੌਜਵਾਨ ਡਾਕਟਰਾਂ ਨੂੰ ਇਸ ਦਾ ਸਭ ਤੋਂ ਵੱਧ ਫਾਇਦਾ ਮਿਲੇਗਾ ਕਿਉਂਕਿ ਉਹ ਲੰਬੇ ਸਮੇਂ ਤੱਕ ਦੇਸ਼ ਲਈ ਸੰਪਤੀ ਬਣ ਕੇ ਕੰਮ ਕਰ ਸਕਣਗੇ। ਐਕਸਪ੍ਰੈੱਸ ਐਂਟਰੀ ਰਾਹੀਂ ਜਾਣ ਵਾਲੇ ਡਾਕਟਰਾਂ ਲਈ ਪਰਮਾਨੈਂਟ ਰੈਜ਼ੀਡੈਂਸੀ ਮਿਲਣ ਦੇ ਮੌਕੇ ਵਧ ਜਾਣਗੇ। 5 ਸਾਲ ਕੈਨੇਡਾ ਵਿਚ ਰਹਿਣ ਤੋਂ ਬਾਅਦ ਉਹ ਉੱਥੋਂ ਦੀ ਨਾਗਰਿਕਤਾ ਲਈ ਵੀ ਆਸਾਨੀ ਨਾਲ ਅਪਲਾਈ ਕਰ ਸਕਣਗੇ।

## ‘ਆਪ’ ਦੇ ਪ੍ਰਵੀਨ ਸ਼ਰਮਾ ਮੋਗਾ ਨਗਰ ਨਿਗਮ ਦੇ ਨਵੇਂ ਮੇਅਰ ਚੁਣੇ ਗਏ

**ਮੋਗਾ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਪ੍ਰਵੀਨ ਸ਼ਰਮਾ ਮੋਗਾ ਨਗਰ ਨਿਗਮ ਦੇ ਨਵੇਂ ਮੇਅਰ ਚੁਣੇ ਗਏ ਹਨ। ਚੋਣਾਂ ਵਿਚ ਸ਼ਰਮਾ ਨੇ 50 ਵਿਚੋਂ 31 ਕੌਂਸਲਰਾਂ ਦੇ ਸਮਰਥਨ ਨਾਲ ਜਿੱਤ ਹਾਸਲ ਕੀਤੀ। ਹਾਲਾਂਕਿ, ਇਹ ਚੋਣ ਪ੍ਰਕਿਰਿਆ ਸ਼ਾਂਤੀਪੂਰਨ ਨਹੀਂ ਰਹੀ। ਜ਼ਿਲ੍ਹਾ ਪ੍ਰਸ਼ਾਸਨ ਦੇ ਮੀਟਿੰਗ ਹਾਲ ਵਿਚ ‘ਆਪ’ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰਾਂ ਵਿਚਾਲੇ ਤਿੱਖੀ ਬਹਿਸ ਹੋਈ, ਜੋ ਹੱਥੋਪਾਈ ਤੱਕ ਪਹੁੰਚ ਗਈ।



ਅਕਾਲੀ ਦਲ ਅਤੇ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਨੇ ਸੱਤਾਧਾਰੀ ‘ਆਪ’ ਸਰਕਾਰ ’ਤੇ ਧੱਕੇਸ਼ਾਹੀ ਕਰਨ ਅਤੇ ਵਿਰੋਧੀ ਕੌਂਸਲਰਾਂ ਨੂੰ ਡਰਾਉਣ-ਧਮਕਾਉਣ ਦੇ ਦੋਸ਼ ਲਾਏ ਹਨ।

ਇਨ੍ਹਾਂ ‘ਗੈਰ-ਲੋਕਤੰਤਰੀ ਤਰੀਕਿਆਂ’ ਦੇ ਵਿਰੋਧ ਵਿਚ ਅਕਾਲੀ ਦਲ ਅਤੇ ਕਾਂਗਰਸ ਦੇ ਸਾਰੇ ਕੌਂਸਲਰ ਸਦਨ ਵਿਚੋਂ ਵਾਕਆਊਟ ਕਰ ਗਏ। ਵਿਰੋਧੀ ਧਿਰ ਦੇ ਬਾਈਕਾਟ ਦੇ ਬਾਵਜੂਦ ਚੋਣ ਪ੍ਰਕਿਰਿਆ ਜਾਰੀ ਰਹੀ ਅਤੇ ਪ੍ਰਵੀਨ ਸ਼ਰਮਾ ਨੂੰ ਮੇਅਰ ਐਲਾਨ ਦਿੱਤਾ ਗਿਆ।

ਦੱਸ ਦਈਏ ਕਿ ਮੋਗਾ ਦੇ ਮੇਅਰ ਦੀ ਸੀਟ 27 ਨਵੰਬਰ 2025 ਨੂੰ ਬਲਜੀਤ ਸਿੰਘ ਚੰਨੀ ਦੀ ਬਰਖਾਸਤਗੀ ਤੋਂ ਬਾਅਦ ਖਾਲੀ ਹੋਈ ਸੀ। ਚੰਨੀ, ਜੋ ਅਗਸਤ 2023 ਵਿਚ ਪੰਜਾਬ ਦੇ ਪਹਿਲੇ ‘ਆਪ’ ਮੇਅਰ ਬਣ ਕੇ ਇਤਿਹਾਸ ਰਚ ਚੁੱਕੇ ਸਨ, ਨੂੰ ਪਾਰਟੀ ਹਾਈਕਮਾਂਡ ਨੇ ਨਸ਼ਾ ਤਸਕਰਾਂ ਨਾਲ ਕਥਿਤ ਸਬੰਧਾਂ ਦੇ ਦੋਸ਼ ਵਿਚ ਬਾਹਰ ਕੱਢ ਦਿੱਤਾ ਸੀ। ਉਨ੍ਹਾਂ ’ਤੇ ਇੱਕ ਨਸ਼ਾ ਤਸਕਰ ਨੂੰ ਪੁਲਿਸ ਤੋਂ ਬਚਾਉਣ ਅਤੇ ਪੈਸੇ ਮੰਗਣ ਦੇ ਇਲਜ਼ਾਮ ਲੱਗੇ ਸਨ।

ਹਾਲਾਂਕਿ ਬਲਜੀਤ ਸਿੰਘ ਚੰਨੀ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਇਸ ਨੂੰ ਆਪਣੀ ਹੀ ਪਾਰਟੀ ਦੇ ਕੁਝ ਸਥਾਨਕ ਆਗੂਆਂ ਦੀ ਸਾਜ਼ਿਸ਼ ਕਰਾਰ ਦਿੱਤਾ ਸੀ। ਚੰਨੀ, ਜੋ 300 ਤੋਂ ਵੱਧ ਲਾਵਾਰਿਸ ਲਾਸ਼ਾਂ ਦਾ ਸਸਕਾਰ ਕਰਨ ਲਈ ਸਮਾਜ ਸੇਵੀ ਵਜੋਂ ਜਾਣੇ ਜਾਂਦੇ ਹਨ, ਨੇ ਕਿਹਾ ਸੀ ਕਿ ਉਨ੍ਹਾਂ ਦਾ ਅਕਸ ਖਰਾਬ ਕਰਨ ਲਈ ਇਹ ਸਭ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ 2025 ਦੇ ਅਖੀਰ ਤੱਕ ਉਨ੍ਹਾਂ ਖਿਲਾਫ ਕੋਈ ਰਸਮੀ ਅਪਰਾਧਿਕ ਮਾਮਲਾ ਦਰਜ ਨਹੀਂ ਸੀ ਹੋਇਆ। ਇਹ ਚੋਣ ਹਾਈਕੋਰਟ ਦੇ ਦਖਲ ਤੋਂ ਬਾਅਦ ਸੰਭਵ ਹੋ ਸਕੀ ਹੈ।

## ਵਾਸ਼ਿੰਗਟਨ ਸਟੇਟ ਪੈਟਰੋਲ ਪੁਲਿਸ ’ਚ ਬਤੌਰ ਅਫ਼ਸਰ ਪਹਿਲਾ ਦਸਤਾਰਧਾਰੀ ਸਿੱਖ ਤਾਇਨਾਤ

**ਸਿਆਟਲ, (ਪੰਜਾਬ ਮੇਲ)-**ਸਿਆਟਲ ਅਤੇ ਪੂਰੀ ਵਾਸ਼ਿੰਗਟਨ ਸਟੇਟ ਦੇ ਸਿੱਖ ਭਾਈਚਾਰੇ ਲਈ ਇਕ ਵੱਡੀ ਖੁਸ਼ਖ਼ਬਰੀ ਸਾਹਮਣੇ ਆਈ, ਜਦੋਂ ਇਕ ਪਹਿਲੇ ਦਸਤਾਰਧਾਰੀ ਸਿੱਖ ਸਤਨਾਮ ਸਿੰਘ ਨੇ ਵਾਸ਼ਿੰਗਟਨ ਸਟੇਟ ਪੈਟਰੋਲ ਪੁਲਿਸ ਵਿਚ ਆਪਣੀ ਨੌਕਰੀ ਜੁਆਇਨ ਕੀਤੀ। ਸਤਨਾਮ ਸਿੰਘ ਜੋ ਕਿ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਆਦਮਪੁਰ ਇਲਾਕੇ ਦੇ ਕਾਲੜਾ ਪਿੰਡ ਨਾਲ ਸੰਬੰਧਿਤ ਹੈ।



ਉਨ੍ਹਾਂ ਦੱਸਿਆ ਕਿ ਉਸ ਨੂੰ ਮਾਣ ਤੇ ਫ਼ਖ਼ਰ ਮਹਿਸੂਸ ਹੋ ਰਿਹਾ ਹੈ ਕਿ ਮੈਂ 24 ਹਫ਼ਤਿਆਂ ਦੀ ਸਖ਼ਤ ਟ੍ਰੇਨਿੰਗ ਤੋਂ ਬਾਅਦ ਆਪਣੀ ਡਿਊਟੀ ਜੁਆਇਨ ਕੀਤੀ ਹੈ। ਸਤਨਾਮ ਸਿੰਘ ਨੇ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹੁੰਦਿਆਂ ਕਿਹਾ ਕਿ ਉਹ ਪੂਰੀ ਵਾਸ਼ਿੰਗਟਨ ਸਟੇਟ ਵਿਚ ਸਟੇਟ ਪੈਟਰੋਲ ’ਚ ਪਹਿਲਾ ਦਸਤਾਰਧਾਰੀ ਸਿੱਖ ਅਫ਼ਸਰ ਬਣਿਆ ਹੈ। ਸਤਨਾਮ ਸਿੰਘ ਨੇ ਹੋਰ ਵੀ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸੁਰੱਖਿਆ ਏਜੰਸੀਆਂ ਵਿਚ ਸ਼ਾਮਲ ਹੋਣ ਲਈ ਕੋਸ਼ਿਸ਼ ਕਰਨ। ਸਤਨਾਮ ਸਿੰਘ ਦੀ ਨਿਯੁਕਤੀ ਦੀ ਖ਼ਬਰ ਨਾਲ ਇਥੇ ਪੰਜਾਬੀ ਸਿੱਖ ਭਾਈਚਾਰੇ ’ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਅਨਿੰਦਿਤਾ ਮਿੱਤਰਾ ਨੇ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਵਜੋਂ ਅਹੁਦਾ ਸੰਭਾਲਿਆ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਦੀ ਸਾਲ 2007 ਬੈਚ ਦੀ ਆਈ.ਏ.ਐੱਸ. ਅਧਿਕਾਰੀ ਅਨਿੰਦਿਤਾ ਮਿੱਤਰਾ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਹ ਪੰਜਾਬ ਸਰਕਾਰ ਵਿੱਚ ਸਕੂਲ ਸਿੱਖਿਆ ਵਿਭਾਗ, ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ ਵਿਚ ਪ੍ਰਸ਼ਾਸਕੀ ਸਕੱਤਰ ਵਜੋਂ ਸੇਵਾ ਨਿਭਾਅ ਰਹੇ ਸਨ। ਅਨਿੰਦਿਤਾ ਮਿੱਤਰਾ ਨੇ ਸੀ.ਈ.ਓ. ਦਾ ਅਹੁਦਾ ਸੰਭਾਲਣ ਤੋਂ ਬਾਅਦ ਕਿਹਾ ਕਿ ਉਨ੍ਹਾਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਨੂੰ ਪੰਜਾਬ ਰਾਜ ਵਿਚ ਸੰਵਿਧਾਨਕ ਅਤੇ ਜਮਹੂਰੀ ਸੰਸਥਾ



ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ 70 ਸਾਲਾਂ ਦੌਰਾਨ ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਨੇ ਵੋਟਰ ਸੂਚੀਆਂ ਦੀ ਸੁਧਾਈ ਅਤੇ ਸਮਾਵੇਸ਼ ਵਿਚ ਲਗਾਤਾਰ ਸੁਧਾਰ ਕਰਨ ਦੇ ਨਾਲ-ਨਾਲ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਵਾਉਣਾ ਯਕੀਨੀ ਬਣਾਇਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਮੁੱਖ ਚੋਣ ਅਧਿਕਾਰੀ ਦਫ਼ਤਰ, ਪੰਜਾਬ ਜਮਹੂਰੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਅਤੇ ਵੋਟਰ ਰਜਿਸਟਰੇਸ਼ਨ ਤੋਂ ਲੈ ਕੇ ਪੋਲਿੰਗ ਵਾਲੇ ਦਿਨ ਤੱਕ ਚੋਣ ਪ੍ਰਕਿਰਿਆ ਤੱਕ ਵੋਟਰ-ਪੱਖੀ ਪਹੁੰਚ ਯਕੀਨੀ ਬਣਾਉਣ ਲਈ ਦ੍ਰਿੜ੍ਹ ਵਚਨਬੱਧਤਾ ਨਾਲ ਕੰਮ ਕਰੇਗਾ। ਮਿੱਤਰਾ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਦੁਆਰਾ ਨਿਰਧਾਰਤ ਉੱਚਤਮ ਮਿਆਰਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇਗਾ।

## ਭਾਰਤੀ-ਅਮਰੀਕੀ ਸੰਜੇ ਟੇਲਰ ਬਣੇ ਇਲੀਨੋਇਸ ਸੁਪਰੀਮ ਕੋਰਟ ਦੇ ਜੱਜ

ਵਾਸ਼ਿੰਗਟਨ, (ਪੰਜਾਬ ਮੇਲ)- ਭਾਰਤੀ ਮੂਲ ਦੇ ਸੰਜੇ ਟੀ ਟੇਲਰ ਨੂੰ ਇਲੀਨੋਇਸ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ ਗਿਆ ਹੈ। ਉਹ 30 ਜਨਵਰੀ ਨੂੰ ਅਹੁਦਾ ਸੰਭਾਲਣਗੇ। ਉਹ ਭਾਰਤੀ ਮੂਲ ਦੇ ਪਹਿਲੇ ਜੱਜ ਹਨ, ਜਿਨ੍ਹਾਂ ਦੀ ਰਾਜ ਦੀ ਚੋਟੀ ਦੀ ਅਦਾਲਤ 'ਚ ਨਿਯੁਕਤੀ ਹੋਈ ਹੈ। ਉਹ ਸੇਵਾਮੁਕਤ ਹੋਏ ਜੱਜ ਮੈਰੀ ਜੇਨ ਥੀਸ ਦੀ ਜਗਾ ਲੈਣਗੇ। ਟੇਲਰ ਦੀ ਚੋਣ ਇਲੀਨੋਇਸ ਦੀ ਸੰਵਿਧਾਨਕ ਪ੍ਰਕਿਰਿਆ ਦੁਆਰਾ ਹੋਈ ਹੈ, ਜਿਸ ਤਹਿਤ ਜਦੋਂ ਕੋਈ ਜੱਜ ਆਪਣੇ ਕਾਰਜਕਾਲ ਤੋਂ ਪਹਿਲਾਂ ਸੇਵਾਮੁਕਤ ਹੋ ਜਾਂਦਾ ਹੈ, ਤਾਂ ਉਸ ਦੀ ਜਗਾ 'ਤੇ ਅੰਤ੍ਰਿਮ ਨਿਯੁਕਤੀ ਕੀਤੀ ਜਾਂਦੀ ਹੈ। ਉਹ 4 ਦਸੰਬਰ 2028 ਤੱਕ ਇਸ ਅਹੁਦੇ 'ਤੇ ਰਹਿਣਗੇ।

# ਮਜੀਠਾ ਹਲਕੇ ਤੋਂ ਆਗਾਮੀ ਵਿਧਾਨ ਸਭਾ ਚੋਣਾਂ ਲਈ ਤਲਬੀਰ ਗਿੱਲ ਹੋਣਗੇ 'ਆਪ' ਦੇ ਉਮੀਦਵਾਰ

**ਚੰਡੀਗੜ੍ਹ, (ਪੰਜਾਬ ਮੇਲ)**-ਆਮ ਆਦਮੀ ਪਾਰਟੀ ਦੇ ਤਲਬੀਰ ਸਿੰਘ ਗਿੱਲ ਅਗਾਮੀ ਵਿਧਾਨ ਸਭਾ ਚੋਣਾਂ ਲਈ ਹਲਕਾ ਮਜੀਠਾ ਤੋਂ 'ਆਪ' ਦੇ ਉਮੀਦਵਾਰ ਹੋਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਮਜੀਠਾ 'ਚ ਸਮਾਗਮਾਂ ਦੌਰਾਨ ਅਸਿੱਧੇ ਤਰੀਕੇ ਨਾਲ ਤਲਬੀਰ ਸਿੰਘ ਗਿੱਲ ਨੂੰ ਪਾਰਟੀ ਦਾ ਅਗਾਮੀ ਅਸੈਂਬਲੀ ਚੋਣਾਂ ਲਈ ਉਮੀਦਵਾਰ ਐਲਾਨਿਆ। ਆਮ ਆਦਮੀ ਪਾਰਟੀ ਨੇ ਜੁਲਾਈ 2025 'ਚ ਤਲਬੀਰ ਸਿੰਘ ਗਿੱਲ ਨੂੰ ਹਲਕਾ ਮਜੀਠਾ ਦਾ ਇੰਚਾਰਜ ਲਗਾਇਆ ਸੀ। ਤਲਬੀਰ ਸਿੰਘ ਗਿੱਲ ਸਾਬਕਾ ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਦੇ ਕਰੀਬੀ ਰਹੇ ਹਨ ਅਤੇ ਗਿੱਲ ਨੇ ਅੰਮ੍ਰਿਤਸਰ ਦੱਖਣੀ ਤੋਂ ਸਾਲ 2022 'ਚ ਚੋਣ ਲੜੀ ਸੀ। ਤਲਬੀਰ ਗਿੱਲ ਨੇ 4 ਮਾਰਚ 2024 ਨੂੰ ਭਗਵੰਤ ਮਾਨ ਦੀ ਅਗਵਾਈ 'ਚ 'ਆਪ' ਦਾ ਪੱਲਾ ਫੜ ਲਿਆ ਸੀ। ਆਮ ਆਦਮੀ ਪਾਰਟੀ ਨੇ ਮਜੀਠਾ 'ਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ 'ਚ ਵੱਡੀ ਜਿੱਤ ਹਾਸਲ ਕੀਤੀ ਸੀ। ਅਗਲੀ ਵਿਧਾਨ ਸਭਾ ਚੋਣ 'ਚ ਹੁਣ 'ਆਪ' ਦੇ ਤਲਬੀਰ ਸਿੰਘ ਗਿੱਲ ਵਿਰੋਧੀ ਉਮੀਦਵਾਰਾਂ ਨੂੰ ਟੱਕਰ ਦੇਣਗੇ।



# ਪਾਵਨ ਸਰੂਪ ਮਾਮਲੇ 'ਚ ਸੰਗਤ ਦੇ ਵਿਰੋਧ ਮਗਰੋਂ 'ਆਪ' ਸਰਕਾਰ ਦਾ 'ਯੂ-ਟਰਨ'

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸਰਕਾਰ ਇੱਕ ਵਾਰ ਫਿਰ ਆਪਣੇ 'ਯੂ-ਟਰਨ' ਨੂੰ ਲੈ ਕੇ ਵੱਡੇ ਵਿਵਾਦਾਂ ਵਿਚ ਘਿਰ ਗਈ ਹੈ। ਇਸ ਵਾਰ ਮਾਮਲਾ ਬੇਹੱਦ ਸੰਵੇਦਨਸ਼ੀਲ ਅਤੇ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਪਾਵਨ ਸਰੂਪਾਂ ਦੇ ਮਾਮਲੇ ਵਿਚ ਸਰਕਾਰ ਦੇ ਦੋ ਵੱਡੇ ਚਿਹਰਿਆਂ ਦੇ ਆਪਸ ਵਿਚ ਵਿਰੋਧੀ ਬਿਆਨਾਂ ਨੇ ਸਿਆਸੀ ਹਲਚਲ ਤੇਜ਼ ਕਰ ਦਿੱਤੀ ਹੈ।

**■ ਵਿਵਾਦਾਂ 'ਚ ਘਿਰੀ ਪੰਜਾਬ ਦੀ 'ਆਪ' ਸਰਕਾਰ**

ਜਾਣਕਾਰੀ ਅਨੁਸਾਰ, ਮੁੱਖ ਮੰਤਰੀ ਭਗਵੰਤ ਮਾਨ ਨੇ ਮਾਘੀ ਮੇਲੇ ਦੇ ਮੌਕੇ 'ਤੇ ਸੰਗਤ ਨੂੰ ਸੰਬੋਧਨ ਕਰਦਿਆਂ ਵੱਡਾ ਦਾਅਵਾ ਕੀਤਾ ਸੀ ਕਿ ਕੁਝ ਪਾਵਨ ਸਰੂਪ 'ਰਾਜਾ ਸਾਹਿਬ' ਤੋਂ ਮਿਲ ਗਏ ਹਨ ਪਰ ਦੂਜੇ ਪਾਸੇ ਸਰਕਾਰ ਦੇ ਹੀ ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਇਸ ਮਾਮਲੇ ਵਿਚ ਸਾਰਿਆਂ ਨੂੰ 'ਕਲੀਨ ਚਿੱਟ' ਦੇ ਦਿੱਤੀ ਗਈ ਹੈ। ਸਰਕਾਰ ਦੇ ਇਸ ਦੋਹਰੇ ਰਵੱਈਏ ਨੇ ਜਨਤਾ ਅਤੇ ਸਿਆਸੀ ਪਾਰਟੀਆਂ ਵਿਚ ਕਈ ਸ਼ੰਕੇ ਪੈਦਾ ਕਰ ਦਿੱਤੇ ਹਨ।

ਇਸ ਘਟਨਾਕ੍ਰਮ ਤੋਂ ਬਾਅਦ ਹੁਣ ਕਈ ਤਿੱਖੇ ਸਵਾਲ ਉੱਠ ਰਹੇ ਹਨ। ਕੀ ਸਰਕਾਰ ਵੱਲੋਂ ਬਣਾਈ ਗਈ ਐੱਸ.ਆਈ.ਟੀ. ਮੁੱਖ ਮੰਤਰੀ ਨੂੰ ਗਲਤ ਜਾਣਕਾਰੀ ਦੇ ਰਹੀ ਸੀ ਜਾਂ ਫਿਰ ਮੁੱਖ ਮੰਤਰੀ ਮਾਨ ਮਾਘੀ ਮੇਲੇ ਦੇ ਪਵਿੱਤਰ ਮੌਕੇ 'ਤੇ ਸੰਗਤ ਸਾਹਮਣੇ ਗਲਤ ਤੱਥ ਪੇਸ਼ ਕਰ ਰਹੇ ਸਨ? ਇਹ ਵੀ ਚਰਚਾ ਹੈ ਕਿ ਕੀ ਰਾਜਾ ਸਾਹਿਬ ਵਿਖੇ ਹੋਏ ਸੰਗਤ ਦੇ ਵਿਰੋਧ ਤੋਂ ਬਾਅਦ ਮਾਨ ਸਰਕਾਰ ਨੇ ਆਪਣਾ ਸਟੈਂਡ ਬਦਲ ਲਿਆ ਹੈ।

ਵਿਰੋਧੀਆਂ ਵੱਲੋਂ ਸਰਕਾਰ 'ਤੇ ਧਰਮ ਦੀ ਸਿਆਸਤ ਖੇਡਣ ਦੇ ਦੋਸ਼ ਲਗਾਏ ਜਾ ਰਹੇ ਹਨ। ਦੱਸ ਦੇਈਏ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ 'ਆਪ' ਸਰਕਾਰ ਨੇ ਆਪਣੇ ਦਾਅਵਿਆਂ ਤੋਂ ਪਲਟੀ ਮਾਰੀ ਹੋਵੇ। ਇਸ ਤੋਂ ਪਹਿਲਾਂ ਵੀ ਗੈਂਗਸਟਰ ਗੋਲਡੀ ਬਰਾੜ ਦੀ ਗ੍ਰਿਫਤਾਰੀ ਅਤੇ ਪੰਜਾਬ ਵਿਚ ਬੀ.ਐੱਮ.ਡਬਲਯੂ. ਪਲਾਂਟ ਲਗਾਉਣ ਦੇ ਮਾਮਲਿਆਂ ਵਿਚ ਸਰਕਾਰ ਨੇ ਯੂ-ਟਰਨ ਲਿਆ ਸੀ। ਹੁਣ ਪਾਵਨ ਸਰੂਪਾਂ ਦੇ ਮਾਮਲੇ ਵਿਚ ਆਏ ਇਸ ਨਵੇਂ ਮੋੜ ਨੇ ਸਰਕਾਰ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ। ਜਨਤਾ ਹੁਣ ਸਰਕਾਰ ਪਾਸੋਂ ਇਸ ਦੋਹਰੇ ਰਵੱਈਏ 'ਤੇ ਜਵਾਬ ਮੰਗ ਰਹੀ ਹੈ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮੇਲਾ ਮਾਘੀ 'ਤੇ ਲਗਾਏ ਕਿਤਾਬਾਂ ਦੇ ਲੰਗਰ ਦਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਲੋਕਾਂ ਨੂੰ ਗਿਆਨ ਦਾ ਪ੍ਰਕਾਸ਼ ਕਰਵਾਉਣ ਲਈ ਵੱਡੀ ਗਿਣਤੀ ਵਿਚ ਲਾਇਬ੍ਰੇਰੀਆ ਰਾਹੀਂ ਸਕੂਲਾਂ ਵਿਚ ਅਤੇ ਗੁਰਦੁਆਰਾ ਸਾਹਿਬ ਵਿਚ ਕਿਤਾਬਾਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਿਤ ਸ੍ਰੀ ਮੁਕਤਸਰ ਸਾਹਿਬ ਵਿਖੇ ਲੱਗੇ ਮਾਘੀ ਮੇਲੇ ਵਿਚ ਨਤਮਸਤਕ ਹੋਣ ਆਈਆਂ ਸੰਗਤਾਂ ਲਈ ਮੁਫ਼ਤ ਕਿਤਾਬਾਂ ਦਾ ਲੰਗਰ ਲਗਾਇਆ ਗਿਆ, ਜਿਸ ਦਾ ਉਦਘਾਟਨ ਬਿਜੈ ਸਿੰਘ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਅਪਣੇ ਕਰ ਕਮਲਾਂ ਨਾਲ ਕੀਤਾ ਗਿਆ ਅਤੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੁੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਨਿਵੇਕਲੇ ਕਿਤਾਬਾਂ ਦੇ ਲੰਗਰ ਵਿਚ ਲੋਕਾਂ ਵੱਲੋਂ ਬਹੁਤ ਦਿਲਚਸਪੀ ਲਈ ਅਤੇ ਕਿਤਾਬਾਂ ਪੜ੍ਹਨ ਲਈ ਘਰਾਂ ਨੂੰ ਲੈ ਕੇ ਗਏ। ਨਿਰਮਲ ਜੀਤ ਸਿੰਘ ਮੈਨੇਜਰ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵੱਲੋਂ ਵੀ ਇਸ ਕਿਤਾਬਾਂ ਦੇ ਲੰਗਰ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਗੁਰਪਾਲ ਸਿੰਘ ਪਾਲੀ, ਬਲਵਿੰਦਰ ਸਿੰਘ ਬਰਾੜ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਾਹਿਬ, ਰਣਧੀਰ ਸਿੰਘ ਸਾਗੂ ਮੀਡੀਆ ਇੰਚਾਰਜ, ਗੁਰਚਰਨ ਸਿੰਘ ਭੋਣ, ਮਾਸਟਰ ਰਾਜਿੰਦਰ ਸਿੰਘ ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

## ਅਜੈ ਬੰਗਾ ਗਾਜ਼ਾ ਦੇ ਪੁਨਰ ਨਿਰਮਾਣ ਲਈ ਟਰੰਪ ਦੀ ਯੋਜਨਾ 'ਬੋਰਡ ਆਫ਼ ਪੀਸ' 'ਚ ਨਾਮਜ਼ਦ



ਨਿਊਯਾਰਕ/ਵਾਸ਼ਿੰਗਟਨ, (ਪੰਜਾਬ ਮੇਲ)- ਵਿਸ਼ਵ ਬੈਂਕ ਸਮੂਹ ਦੇ ਭਾਰਤੀ-ਅਮਰੀਕੀ ਪ੍ਰਧਾਨ ਅਜੈ ਬੰਗਾ ਅਤੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਉਨ੍ਹਾਂ ਨੇਤਾਵਾਂ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਦੀ ਟਕਰਾਅ ਖ਼ਤਮ ਕਰਨ ਦੀ ਵਿਆਪਕ ਯੋਜਨਾ ਤਹਿਤ ਗਾਜ਼ਾ ਦੇ ਪੁਨਰ ਨਿਰਮਾਣ ਲਈ ਬਣਾਏ ਗਏ 'ਬੋਰਡ ਆਫ਼ ਪੀਸ' ਵਿਚ ਨਾਮਜ਼ਦ ਕੀਤਾ ਗਿਆ ਹੈ।

ਵ੍ਹਾਈਟ ਹਾਊਸ ਨੇ ਸ਼ੁੱਕਰਵਾਰ ਨੂੰ 'ਬੋਰਡ ਆਫ਼ ਪੀਸ' ਦੇ ਸੰਸਥਾਪਕ ਕਾਰਜਕਾਰੀ ਬੋਰਡ ਲਈ ਨਿਯੁਕਤ ਮੈਂਬਰਾਂ ਦੀ ਸੂਚੀ ਜਾਰੀ ਕੀਤੀ। ਵਾਈਟ ਹਾਊਸ ਅਨੁਸਾਰ ਇਸ ਵਿਚ ਉਹ ਆਗੂ ਸ਼ਾਮਲ ਹਨ, ਜਿਨ੍ਹਾਂ ਕੋਲ ਕੂਟਨੀਤੀ, ਵਿਕਾਸ, ਬੁਨਿਆਦੀ ਢਾਂਚੇ ਅਤੇ ਆਰਥਿਕ ਰਣਨੀਤੀ ਵਿਚ ਵਿਆਪਕ ਤਜ਼ਰਬਾ ਹੈ। ਬੰਗਾ ਅਤੇ ਰੂਬੀਓ ਤੋਂ ਇਲਾਵਾ, ਕਾਰਜਕਾਰੀ ਬੋਰਡ ਵਿਚ ਮੱਧ ਪੂਰਬ ਲਈ ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ, ਟਰੰਪ ਦੇ ਜਵਾਈ ਜੇਰਡ ਕੁਸ਼ਨਰ, ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ, ਪ੍ਰਾਈਵੇਟ ਇਕੁਇਟੀ ਫਰਮ ਅਪੋਲੋ ਗਲੋਬਲ ਮੈਨੇਜਮੈਂਟ ਦੇ ਸੀ.ਈ.ਓ. ਮਾਰਕ ਰੋਵਨ ਅਤੇ ਅਮਰੀਕਾ ਦੇ ਉਪ ਕੌਮੀ ਸੁਰੱਖਿਆ ਸਲਾਹਕਾਰ ਰੋਬਰਟ ਗੈਬਰੀਅਲ ਸ਼ਾਮਲ ਹਨ।

# ਮਾਣਹਾਨੀ ਮਾਮਲਾ : ਚੰਡੀਗੜ੍ਹ ਅਦਾਲਤ ਵੱਲੋਂ ਸੁਖਬੀਰ ਬਾਦਲ ਨੂੰ ਜ਼ਮਾਨਤ



**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਦੀ ਇੱਕ ਸਥਾਨਕ ਅਦਾਲਤ ਨੇ ਸ਼ਨੀਵਾਰ ਨੂੰ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮਾਣਹਾਨੀ ਦੇ ਇੱਕ ਮਾਮਲੇ ਵਿਚ ਜ਼ਮਾਨਤ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪਿਛਲੀ ਸੁਣਵਾਈ ਦੌਰਾਨ ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਅਦਾਲਤ ਨੇ ਬਾਦਲ ਦੇ ਜ਼ਮਾਨਤੀ ਬਾਂਡ ਰੱਦ ਕਰ ਦਿੱਤੇ ਸਨ ਅਤੇ ਉਨ੍ਹਾਂ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ।

ਸ਼ਨੀਵਾਰ ਨੂੰ ਵਧੀਕ ਮੁੱਖ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਵਿਚ ਹੋਈ ਸੁਣਵਾਈ ਦੌਰਾਨ ਬਾਦਲ ਦੇ ਵਕੀਲਾਂ, ਦਮਨਬੀਰ ਸਿੰਘ ਸੋਬਤੀ ਅਤੇ ਅਰਸ਼ਦੀਪ ਸਿੰਘ ਕਲੇਰ ਨੇ ਦਲੀਲ ਦਿੱਤੀ ਕਿ ਅਦਾਲਤ ਵਿਚ ਪੇਸ਼ ਨਾ ਹੋਣਾ ਜਾਣਬੁੱਝ ਕੇ ਨਹੀਂ ਸੀ ਅਤੇ ਇਹ ਕੇਸ ਸਿਆਸੀ ਰੰਜਿਸ਼ ਤਹਿਤ ਦਰਜ ਕੀਤਾ ਗਿਆ ਹੈ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਸੁਖਬੀਰ ਬਾਦਲ ਦੀ ਜ਼ਮਾਨਤ ਮਨਜ਼ੂਰ ਕਰ ਲਈ।

ਇਹ ਮਾਮਲਾ ਜਨਵਰੀ 2017 ਦਾ ਹੈ, ਜਦੋਂ ਧਾਰਮਿਕ ਜਥੇਬੰਦੀ 'ਅਖੰਡ ਕੀਰਤਨੀ ਜਥਾ' ਦੇ ਬੁਲਾਰੇ ਰਾਜਿੰਦਰ ਪਾਲ ਸਿੰਘ ਨੇ ਸੁਖਬੀਰ ਬਾਦਲ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤਕਰਤਾ ਅਨੁਸਾਰ ਬਾਦਲ ਨੇ ਕਥਿਤ ਤੌਰ 'ਤੇ ਇਸ ਜਥੇਬੰਦੀ ਨੂੰ ਇੱਕ ਅੱਤਵਾਦੀ ਸਮੂਹ ਦਾ ਸਿਆਸੀ ਚਿਹਰਾ ਦੱਸਿਆ ਸੀ, ਜੋ ਕਿ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਮਾਣਹਾਨੀ ਵਾਲਾ ਬਿਆਨ ਸੀ।

ਇਹ ਇਲਜ਼ਾਮ ਲਗਾਇਆ ਗਿਆ ਸੀ ਕਿ ਬਾਦਲ ਨੇ ਇਹ ਬਿਆਨ ਰਾਜਿੰਦਰ ਪਾਲ ਸਿੰਘ ਦੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਹੋਈ ਮੁਲਾਕਾਤ ਤੋਂ ਬਾਅਦ ਦਿੱਤਾ ਸੀ। ਚੰਡੀਗੜ੍ਹ ਪੁਲਿਸ ਦੀ ਜਾਂਚ ਰਿਪੋਰਟ ਦੇ ਆਧਾਰ 'ਤੇ ਇਹ ਅਪਰਾਧਿਕ ਮਾਣਹਾਨੀ ਦਾ ਕੇਸ ਚੱਲ ਰਿਹਾ ਹੈ, ਜਿਸ ਵਿਚ ਹੁਣ ਸੁਖਬੀਰ ਬਾਦਲ ਨੂੰ ਅਦਾਲਤੀ ਕਾਰਵਾਈ ਵਿਚ ਸ਼ਾਮਲ ਹੋਣ ਲਈ ਜ਼ਮਾਨਤ ਮਿਲ ਗਈ ਹੈ।

**ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**



# ਸਿਆਟਲ ਵਿਖੇ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਦੀ ਪੁਸਤਕ 'ਅਕਲ ਨੂੰ ਸਜ਼ਾ' ਦਾ ਲੋਕ ਅਰਪਣ ਸਮਾਗਮ

**ਸਰੀ, (ਹਰਦਮ ਮਾਨ)-** ਪੰਜਾਬੀ ਲਿਖ਼ਾਰੀ ਸਭਾ ਸਿਆਟਲ (ਅਮਰੀਕਾ) ਵੱਲੋਂ ਕੈਂਟ ਸਿਟੀ ਸਥਿਤ ਰੰਧਾਵਾ ਫਾਊਂਡੇਸ਼ਨ ਦੇ ਹਾਲ ਵਿਚ ਇਕੱਤੀ ਪੁਸਤਕਾਂ ਦੇ ਰਚੇਤਾ, ਪ੍ਰਸਿੱਧ ਗੀਤਕਾਰ ਅਤੇ ਸਮਾਜਿਕ ਚੇਤਨਾ ਦੀ ਮਜ਼ਬੂਤ ਆਵਾਜ਼ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਦੀ ਨਵੀਂ ਕਹਾਣੀ ਪੁਸਤਕ 'ਅਕਲ ਨੂੰ ਸਜ਼ਾ' ਲੇਖਕਾਂ ਅਤੇ ਸਾਹਿਤ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਵਿਚ ਲੋਕ ਅਰਪਣ ਕੀਤੀ ਗਈ।



ਸਮਾਗਮ ਦੀ ਸ਼ੁਰੂਆਤ ਸਭਾ ਦੇ ਮੋਢੀ ਅਵਤਾਰ ਸਿੰਘ ਆਦਮਪੁਰੀ ਦੇ ਵਿਚਾਰਾਂ ਨਾਲ ਹੋਈ। ਉਨ੍ਹਾਂ ਕਿਹਾ ਕਿ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਸਿਰਫ਼ ਆਪਣੇ ਪਿੰਡ ਵਹਿਣੀਵਾਲ ਜਾਂ ਸਿਆਟਲ ਤੱਕ ਸੀਮਤ ਨਹੀਂ, ਸਗੋਂ ਸੰਸਾਰ ਭਰ ਵਿਚ ਵਸਦੇ ਪੰਜਾਬੀਆਂ ਲਈ ਮਾਣ ਅਤੇ ਪ੍ਰੇਰਣਾ ਹਨ। ਉਨ੍ਹਾਂ ਦੀ ਲੇਖਣੀ ਮਨੁੱਖੀ ਜੀਵਨ ਦੀਆਂ ਨਾਜ਼ੁਕ ਪਰਤਾਂ ਨੂੰ ਖੋਲ੍ਹਦੀ ਹੈ ਅਤੇ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਵਿਰੁੱਧ ਨਿਧੱੜਕ ਹੋ ਕੇ ਸੱਚ ਬੋਲਦੀ ਹੈ। ਉਨ੍ਹਾਂ ਦੱਸਿਆ ਕਿ ਸਕੂਲੀ ਦਿਨਾਂ ਵਿਚ ਚੁੱਕੀ ਕਲਮ ਅੱਜ ਸੱਤਰਵੇਂ ਵਰ੍ਹਿਆਂ ਵਿਚ ਵੀ ਓਨੀ ਹੀ ਸੱਚਾਈ ਨਾਲ ਚੱਲ ਰਹੀ ਹੈ। ਚੀਮਾ ਸਾਹਿਬ ਦੇ ਅਨੇਕਾਂ ਗੀਤ ਰਿਕਾਰਡ ਹੋ ਚੁੱਕੇ ਹਨ, ਸਿੱਖ ਇਤਿਹਾਸ ਸਬੰਧੀ ਪੈਂਤੀ ਅੱਖਰੀ ਵੱਡਾ ਪੋਸਟਰ ਸਕੂਲਾਂ ਵਿਚ ਲੱਗਿਆ ਮਿਲਦਾ ਹੈ ਅਤੇ ਬੱਚਿਆਂ ਲਈ ਚਾਰ ਪੁਸਤਕਾਂ ਵੀ ਉਨ੍ਹਾਂ ਦੀ ਰਚਨਾਤਮਕ ਯਾਤਰਾ ਦਾ ਹਿੱਸਾ ਹਨ।

ਕਿਤਾਬ 'ਅਕਲ ਨੂੰ ਸਜ਼ਾ' ਉੱਤੇ ਅਮਰਜੀਤ ਸਿੰਘ ਤਰਸਿੱਕਾ, ਕਰਨੈਲ ਕੈਲ, ਅਵਤਾਰ ਸਿੰਘ ਆਦਮਪੁਰੀ ਅਤੇ ਡਾ. ਸੁਖਵੀਰ ਸਿੰਘ ਬੀਹਲਾ ਵੱਲੋਂ ਵਿਸਥਾਰਿਤ ਪਰਚੇ ਪੜ੍ਹੇ ਗਏ। ਇਨ੍ਹਾਂ ਬੁਲਾਰਿਆਂ ਨੇ ਪੁਸਤਕ ਵਿਚਲੀਆਂ ਕਹਾਣੀਆਂ ਦੀ ਸਮਾਜਿਕ ਸੰਵੇਦਨਾ, ਵਿਚਾਰਧਾਰਕ ਗਹਿਰਾਈ ਅਤੇ ਕਲਾਤਮਿਕ ਪਰਪੱਕਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਪੁਸਤਕ ਆਮ ਮਨੁੱਖ ਦੀ ਸੋਚ, ਸੰਘਰਸ਼ ਅਤੇ ਅੰਦਰੂਨੀ ਟਕਰਾਅ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ।

ਸਾਹਿਤਕ ਸਮਾਰੋਹ ਨੂੰ ਹੋਰ ਰੰਗੀਨ ਬਣਾਉਂਦੇ ਹੋਏ ਸ਼ਿੰਗਾਰ ਸਿੰਘ ਸਿੱਧੂ, ਹਰਿੰਦਰਪਾਲ ਸਿੰਘ ਬੈਂਸ, ਮਨਜੀਤ ਕੌਰ ਗਿੱਲ, ਯਸ਼ ਸਾਥੀ ਲੁਧਿਆਣਵੀ, ਹਰਪਾਲ ਸਿੱਧੂ, ਗੁਰਪ੍ਰੀਤ ਸੋਹਲ, ਸੁਖਦੀਪ ਸਿੰਘ ਔਲਖ, ਮਨਜੀਤ ਚਾਹਲ, ਹਰਜਿੰਦਰ ਸਿੰਘ ਨਾਗੋਕੇ, ਜਸਬੀਰ ਸਿੰਘ ਸਹੋਤਾ, ਈਸ਼ਰ ਸਿੰਘ ਗਰਚਾ, ਨਵੀਨ ਰਾਏ, ਸਰਬਜੀਤ ਸਿੰਘ, ਅਨਮੋਲ ਚੀਮਾ, ਦਵਿੰਦਰ ਸਿੰਘ ਹੀਰਾ, ਸਾਹਿਬ ਥਿੰਦ (ਕੈਨੇਡਾ), ਰਮਿੰਦਰਜੀਤ ਸਿੰਘ ਧਾਮੀ ਅਤੇ ਪ੍ਰੋ. ਡੀ.ਐੱਸ. ਪੰਨੂੰ (ਰਿਟਾਇਰਡ, ਖਾਲਸਾ ਕਾਲਜ ਅੰਮ੍ਰਿਤਸਰ) ਨੇ ਆਪਣੀਆਂ ਰਚਨਾਵਾਂ ਅਤੇ ਵਿਚਾਰਾਂ ਰਾਹੀਂ ਚੀਮਾ ਸਾਹਿਬ ਨੂੰ ਵਧਾਈ ਦਿੱਤੀ।

ਸਰੋਤਿਆਂ ਵਿਚ ਅੰਮ੍ਰਿਤਪਾਲ ਸਿੰਘ ਸਹੋਤਾ, ਰਾਮ ਸਿੰਘ ਧਾਲੀਵਾਲ, ਬਲਜਿੰਦਰ ਸਿੰਘ, ਬਰਿੰਦਰ ਢਿੱਲੋਂ, ਸਰਬਜੀਤ ਸਿੰਘ ਲੋਸ਼ਮ, ਰਜਿੰਦਰ ਸਿੰਘ ਦਿਓਲ, ਹਰਵਿੰਦਰ ਸਿੰਘ ਮੱਟੂ, ਭੁਪਿੰਦਰ ਸਿੰਘ, ਸਰਬਜੀਤ ਸਿੰਘ ਭੰਡਾਲ, ਅਜੀਤ ਕੌਰ, ਸੁਰਿੰਦਰ ਕੌਰ, ਮਨਵੀਰ ਕੌਰ, ਮਲਕੀਤ ਕੌਰ, ਦਲਜੀਤ ਕੌਰ ਚੀਮਾ, ਕਾਨ੍ਹ ਸਿੰਘ, ਸੁਖਰਾਜ ਕੌਰ, ਬਘੇਲ ਸਿੰਘ, ਲਾਲੀ ਸੰਧੂ, ਪੁਨਰਜੋਤ ਸਿੰਘ, ਅਵਨੀਤ ਕੌਰ, ਮਿਸਿਜ਼ ਗਰਚਾ, ਰੀਟਾ, ਮਸਕੀਨ ਕੌਰ ਅਤੇ ਰਾਜਵਿੰਦਰ ਕੌਰ ਸਮੇਤ ਵੱਡੀ ਗਿਣਤੀ ਵਿਚ ਸਾਹਿਤ-ਪ੍ਰੇਮੀ ਮੌਜੂਦ ਸਨ।

ਆਖ਼ਿਰ ਵਿਚ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਨੇ ਆਪਣੇ ਸੰਬੋਧਨ ਵਿਚ ਕਿਤਾਬ ਦੀਆਂ ਕਹਾਣੀਆਂ ਦੇ ਪਿੱਛੇ ਲੁਕੇ ਮੰਤਵਾਂ, ਜੀਵਨ ਦੇ ਅਣਛੋਹੇ ਪਹਿਲੂਆਂ ਅਤੇ ਸਮਾਜਿਕ ਸੱਚਾਈਆਂ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੇ ਹਾਸ-ਵਿਅੰਗ ਭਰੇ ਅੰਦਾਜ਼ ਨੇ ਮਾਹੌਲ ਨੂੰ ਰੌਣਕਮਈ ਬਣਾ ਦਿੱਤਾ। ਉਨ੍ਹਾਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਪੰਜਾਬੀ ਲਿਖ਼ਾਰੀ ਸਭਾ ਸਿਆਟਲ ਦੇ ਸਾਹਿਤਕ ਉਪਰਾਲਿਆਂ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਸਮਾਗਮ ਦਾ ਸੰਚਾਲਨ ਗੁਰਪ੍ਰੀਤ ਸੋਹਲ ਅਤੇ ਡਾ. ਸੁਖਵੀਰ ਸਿੰਘ ਬੀਹਲਾ ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

# 'ਬੜ੍ਹਾ ਕਰਾਰਾ ਪੂਦਨਾ' ਗੀਤ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਵਾਲੀ 'ਬਿੱਲੀ ਕੌਰ' ਪ੍ਰੋਡਿਊਸਰ

**ਜਲੰਧਰ, (ਬਲਦੇਵ ਰਾਹੀ/ਪੰਜਾਬ ਮੇਲ)-** ਪੰਜਾਬੀ ਮਿਊਜ਼ਿਕ ਇੰਡਸਟਰੀ ਦੀਆਂ ਨਾਮਵਰ ਸਟਾਰ ਡਿਊਟ ਜੋੜੀਆਂ 'ਚੋਂ ਨੰਬਰ ਵੰਨ ਜਨਾਬ ਕੇ. ਦੀਪ ਅਤੇ ਜਗਮੋਹਣ ਕੌਰ ਵਿਸ਼ਵ ਪੱਧਰ ਪ੍ਰਸਿੱਧ ਹੋਏ। ਉਨ੍ਹਾਂ ਭਲੇ ਸਮੇਂ ਵਿਚ ਹੀ ਅਬਰੋਡ ਦੇ ਅਨੇਕਾਂ ਟੂਰ ਲਗਾਏ। ਪੰਜਾਬੀ ਦੀਆਂ ਸੁਪਰਹਿੱਟ ਫ਼ਿਲਮਾਂ ਵਿਚ ਗਾਇਆ ਤੇ ਅਦਾਕਾਰੀ ਦੇ ਜੌਹਰ ਦਿਖਾਏ। ਉਨ੍ਹਾਂ ਦੇ ਲਾਡਲੇ ਬੱਚਿਆਂ ਪੁੱਤਰ ਰਾਜਾ ਕੰਗ ਤੇ ਧੀ ਰਾਣੀ ਗਰਪ੍ਰੀਤ ਕੌਰ ਉਰਫ਼ ਬਿੱਲੀ ਨੂੰ ਵੀ ਸੰਗੀਤ ਦੇ ਪ੍ਰਮੋਟਰਾਂ ਅਤੇ ਸਰੋਤਿਆਂ ਨੇ ਪਲੋਸਿਆ ਅਤੇ ਪਿਆਰ ਦਿੱਤਾ। ਇੱਥੇ ਗੱਲ ਅਸੀਂ ਬਿੱਲੀ ਕੌਰ ਦੀ ਕਰਾਂਗੇ, ਜੋ ਇਸ ਵੇਲੇ ਬੀ.ਸੀ. ਵੈਨਕੂਵਰ, ਕੈਨੇਡਾ ਵਿਚ ਆਪਣੇ ਪਤੀ, ਬੱਚਿਆਂ ਨਾਲ ਮਹਿਲਨੁਮਾ ਘਰ ਵਿਚ ਰਹਿੰਦੀ ਹੈ। ਇੱਥੇ ਲੁਧਿਆਣਾ ਸ਼ਹਿਰ ਵੀ ਉਸ ਦਾ ਰੈਸਟੋਰੈਂਟ ਅਤੇ ਹੋਟਲ ਹੈ। ਵਰਨਣਯੋਗ ਹੈ ਕਿ ਉਸ ਨੂੰ, ਉਸ ਦੀ ਲਿਆਕਤ, ਖ਼ੂਬਸੂਰਤੀ, ਸੁਹੱਪਣ ਅਤੇ ਟੈਲੈਂਟ ਦੇਖਦਿਆਂ, ਮਾਪਿਆਂ ਦੀ ਮੌਜੂਦਗੀ ਵਿਚ ਹੀ ਕਈ ਪ੍ਰੋਡਿਊਸਰਾਂ ਅਤੇ ਡਾਇਰੈਕਟਰਾਂ ਦੀਆਂ ਆਫਰਾਂ ਆਈਆਂ, ਜੋ ਬਤੌਰ ਹੀਰੋਇਨ ਦੇ ਰੂਪ ਵਿਚ ਲਾਂਚ ਕਰਨਾ ਚਾਹੁੰਦੇ ਸੀ। ਪਰ ਜਨਾਬ ਕੇ. ਦੀਪ ਅਤੇ ਬੀਬਾ ਜਗਮੋਹਣ ਕੌਰ ਨੂੰ ਫ਼ਿਲਮ ਲਾਈਨ ਆਉਣਾ ਪਸੰਦ ਨਹੀਂ ਸੀ, ਜਦਕਿ ਖ਼ੁਦ ਬਿੱਲੀ ਕੌਰ ਦਾ ਸੁਪਨਾ ਵੀ ਸੀ। ਪਰ ਆਪਣੇ ਮਾਪਿਆਂ ਦੇ ਪਿਆਰ ਅਤੇ ਸਤਿਕਾਰ ਨੂੰ ਬਰਕਰਾਰ ਰੱਖਦੇ ਹੋਏ ਇਹ ਆਫਰਸ ਨੂੰ ਠੁਕਰਾਉਂਦੇ ਹੋਏ, ਇੱਕ ਸਫਲ ਅਤੇ ਕਾਮਯਾਬ ਨਿਰਮਾਤਾ ਬਣਨ ਦਾ ਮੰਨ ਬਣਾਇਆ। ਵਰਨਣਯੋਗ ਹੈ ਕਿ ਬਿੱਲੀ ਕੌਰ ਨੇ ਆਪਣੇ ਮਾਪਿਆਂ ਦੀ ਸੋਚ 'ਤੇ ਪਹਿਰਾ ਦਿੰਦਿਆਂ ਸ਼ਿਮਲਾ ਬੋਰਡਿੰਗ ਕਾਲਜ ਤੋਂ ਪੜ੍ਹਾਈ ਕਰਨ ਉਪਰੰਤ ਉਸ ਨੇ Psychology ਕੀਤੀ। ਫਿਰ ADA ਦਾ ਡਿਪਲੋਮਾ ਹਾਸਲ ਕੀਤਾ। ਬਾਅਦ ਵਿਚ ਉਹ ਨਾਨ ਪ੍ਰੋਫ਼ਿਟ ਆਰਗੇਨਾਈਜ਼ੇਸ਼ਨ ਨਾਲ ਵੀ ਕਾਫ਼ੀ ਸਮਾਂ ਜੁੜੀ ਰਹੀ। ਅੱਜਕੱਲ੍ਹ ਉਹ ਆਪਣੀ ਪ੍ਰੋਡੈਕਸ਼ਨ ਦੇ ਬੈਨਰ ਹੇਠ ਮਿਹਨਤ ਨਾਲ, ਹੁਣ ਤੱਕ ਬੇਹੱਦ ਸ਼ਾਨਦਾਰ ਮੱਲ੍ਹਾਂ ਮਾਰ ਚੁੱਕੀ ਹੈ। ਆਉਣ ਵਾਲੇ ਸਮੇਂ ਵਿਚ ਵੀ ਇਹ ਸੂਝਵਾਨ ਅਤੇ ਬਰੇਵ ਗਰਲ, ਸਫਲਤਾ ਦੀਆਂ ਬੁਲੰਦੀਆਂ ਨੂੰ ਹੋਰ ਵੀ ਛੂਹੇਗੀ।



# ਆਸਟ੍ਰੇਲੀਆ 'ਚ ਟਰੱਕ ਚਾਲਕਾਂ ਵਿਰੁੱਧ ਨਸਲਵਾਦ ਦੀਆਂ ਘਟਨਾਵਾਂ 'ਚ ਤੇਜ਼ੀ ਨਾਲ ਹੋ ਰਿਹੈ ਵਾਧਾ

**ਮੈਲਬੌਰਨ, (ਪੰਜਾਬ ਮੇਲ)-** ਆਸਟ੍ਰੇਲੀਆ ਦੇ ਟਰਾਂਸਪੋਰਟ ਖੇਤਰ 'ਚ ਭਾਰਤੀ ਖ਼ਾਸ ਕਰਕੇ ਸਿੱਖ ਪ੍ਰਵਾਸੀ ਟਰੱਕ ਚਾਲਕਾਂ ਵਿਰੁੱਧ ਨਸਲਵਾਦ ਦੀਆਂ ਘਟਨਾਵਾਂ 'ਚ ਅਜੋਕੇ ਸਮੇਂ ਦੌਰਾਨ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। 2026 ਤੱਕ ਦੇ ਤਾਜ਼ਾ ਅੰਕੜਿਆਂ ਮੁਤਾਬਕ, ਢੁੱਕਵੇਂ ਨਿਯਮਾਂ ਤੇ ਸਖ਼ਤ ਕਾਰਵਾਈ ਦੀ ਕਮੀ ਕਾਰਨ ਚਾਲਕਾਂ ਨੂੰ ਸੜਕਾਂ ਤੇ ਰੇਡੀਓ ਸੰਚਾਰ ਦੌਰਾਨ ਬਦਸਲੂਕੀ ਅਤੇ ਅਪਮਾਨਜਨਕ ਵਿਵਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਰਿਪੋਰਟਾਂ ਅਨੁਸਾਰ ਸਿੱਖ ਟਰੱਕ ਚਾਲਕਾਂ ਦੀ ਦਸਤਾਰ ਦਾ ਅਕਸਰ ਮਜ਼ਾਕ ਉਡਾਇਆ ਜਾਂਦਾ ਹੈ ਤੇ ਉਨ੍ਹਾਂ ਵਿਰੁੱਧ ਨਸਲੀ ਟਿੱਪਣੀਆਂ ਤੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੇ ਨਸਲੀ ਵਿਤਕਰੇ ਕਾਰਨ ਕਈ ਚਾਲਕ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ ਤੇ ਬਹੁਤ ਸਾਰੇ ਲੋਕ ਇਸ ਕਿੱਤੇ ਨੂੰ ਛੱਡਣ ਲਈ ਮਜਬੂਰ ਹੋ ਰਹੇ ਹਨ।

# ਡਰੱਗ ਤੇ ਦੇਹ ਵਪਾਰ ਦਾ ਧੰਦਾ ਕਰਨ ਦੇ ਮਾਮਲੇ ਵਿਚ ਭਾਰਤੀ ਪਤੀ-ਪਤਨੀ ਸਮੇਤ 5 ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਡਮਫਰਾਈਸ ਵਿਚ ਪਟੇ 'ਤੇ ਲਏ ਮੋਟਲ ਵਿਚ ਡਰੱਗ ਤੇ ਦੇਹ ਵਪਾਰ ਦਾ ਧੰਦਾ ਕਰਨ ਦੇ ਮਾਮਲੇ ਵਿਚ ਭਾਰਤੀ ਪਤੀ-ਪਤਨੀ ਸਮੇਤ 5 ਵਿਅਕਤੀਆਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਉਹ ਅਲੈਗਜੰਡਰੀਆ, ਵਰਜੀਨੀਆ ਦੀ ਇੱਕ ਸੰਘੀ ਅਦਾਲਤ ਵਿਚ ਪੇਸ਼ ਹੋਏ। ਵਰਜੀਨੀਆ ਦੇ ਪੂਰਬੀ ਜ਼ਿਲ੍ਹੇ ਦੇ ਅਟਾਰਨੀ ਦਫਤਰ ਅਨੁਸਾਰ ਅਦਾਲਤ ਵਿਚ ਦਾਇਰ ਦੋਸ਼ਾਂ ਅਨੁਸਾਰ ਕੋਸ਼ਾ ਸ਼ਰਮਾ (52) ਤੇ ਉਸ ਦੇ ਪਤੀ ਤਰੁਨ ਸ਼ਰਮਾ (55) ਨੇ ਮਈ 2023 'ਚ ਆਪਣੀ ਕੰਪਨੀ ਕੋਸ਼ਾ ਐੱਲ.ਐੱਲ.ਸੀ. ਰਾਹੀਂ ਪਟੇ 'ਤੇ ਇਕ ਮੋਟਲ ਲਿਆ ਸੀ। ਇਸਤਗਾਸਾ ਪੱਖ ਅਨੁਸਾਰ ਮੋਟਲ ਦੀ ਤੀਸਰੀ ਮੰਜ਼ਿਲ 'ਤੇ ਡਰੱਗ ਤੇ ਦੇਹ ਵਪਾਰ ਦਾ ਧੰਦਾ ਹੁੰਦਾ ਸੀ। ਜਾਂਚਕਾਰਾਂ ਅਨੁਸਾਰ ਕਥਿਤ ਤੌਰ 'ਤੇ ਵੇਚੇ ਜਾਂਦੇ ਨਸ਼ੀਲੇ ਪਦਾਰਥਾਂ ਵਿਚ ਫੈਂਟਾਨਾਇਲ ਤੇ ਕੋਕੀਨ ਸ਼ਾਮਲ ਹਨ। ਇਸ ਮਾਮਲੇ ਵਿਚ ਪਤੀ-ਪਤਨੀ ਤੋਂ ਇਲਾਵਾ ਤੀਸਰੇ ਦੋਸ਼ੀ 51 ਸਾਲਾ ਮਾਰਗੋ ਵਾਲਡਨ ਪੀਅਰਸ ਤੇ ਦੋ ਹੋਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਨਸ਼ੀਲੇ ਪਦਾਰਥਾਂ ਸਬੰਧੀ ਲਾਏ ਦੋਸ਼ਾਂ ਤਹਿਤ 10 ਸਾਲ ਤੱਕ ਸਜ਼ਾ ਦੀ ਵਿਵਸਥਾ ਹੈ, ਜੋ ਸਜ਼ਾ ਸੰਘੀ ਅਦਾਲਤ ਦੁਆਰਾ ਤੈਅ ਕੀਤੀ ਜਾਣੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਇੰਗਲੈਂਡ 'ਚ ਸਿੱਖਾਂ ਵਿਰੁੱਧ ਨ਼ਫਰਤੀ ਅਪਰਾਧ ਦੇ ਦੋਸ਼ 'ਚ ਇਕ ਗ੍ਰਿਫ਼ਤਾਰ

**ਲੰਡਨ, (ਪੰਜਾਬ ਮੇਲ)-** ਇੰਗਲੈਂਡ 'ਚ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੇ ਮਾਮਲੇ ਰੁਕਣ ਦਾ ਨਾਂਅ ਨਹੀਂ ਲੈ ਰਹੇ। ਭਾਵੇਂ ਨਸਲੀ ਵਿਤਕਰੇ ਦੀਆਂ ਘਟਨਾਵਾਂ ਦਹਾਕਿਆਂ ਤੋਂ ਚੱਲ ਰਹੀਆਂ ਹਨ। ਪਰ ਬੀਤੇ ਕੁਝ ਵਰ੍ਹਿਆਂ ਤੋਂ ਇਕ ਵਾਰ ਫਿਰ ਨਸਲੀ ਨਫ਼ਰਤੀ ਅਪਰਾਧਾਂ ਦੀ ਗਿਣਤੀ ਵਧੀ ਹੈ। ਪਿਛਲੇ ਮਹੀਨੇ ਮਿਡਲੈਂਡ ਦੇ ਵੈਸਟ ਬ੍ਰਾਮਿਚ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਇਕ ਗੋਰੇ ਵਿਅਕਤੀ ਵੱਲੋਂ ਮਾਸ ਸੁੱਟੇ ਜਾਣ ਦੇ ਮਾਮਲੇ ਨੂੰ ਨਫ਼ਰਤੀ ਅਪਰਾਧ ਮੰਨਦਿਆਂ ਇਸ ਦੇ ਸੰਬੰਧ 'ਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਹਫ਼ਤੇ ਸੰਸਦ 'ਚ ਲੇਬਰ ਦੀ ਸਥਾਨਕ ਸੰਸਦ ਮੈਂਬਰ ਸਾਰਾਹ ਕੂੰਬਸ ਨੇ ਇਸ ਘਟਨਾ ਦੇ ਸੰਬੰਧ 'ਚ 'ਸਿੱਖ ਵਿਰੋਧੀ ਨਫ਼ਰਤ' 'ਤੇ ਬਹਿਸ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਇਹ ਮਾਮਲਾ ਬਰਤਾਨੀਆ ਦੀ ਸੰਸਦ 'ਚ ਵੀ ਉਠਾਇਆ। ਉਨ੍ਹਾਂ ਕਿਹਾ ਕਿ ਪਿਛਲੇ 6 ਮਹੀਨਿਆਂ 'ਚ ਵੈਸਟ ਮਿਡਲੈਂਡਜ਼ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਹਿੰਸਕ ਨਸਲਵਾਦੀ ਅਪਰਾਧਾਂ ਦੀ ਇਕ ਲੜੀ ਚੱਲੀ ਹੋਈ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤ (ਸਿੱਖ ਸੰਗਤ) ਤੇ ਸਥਾਨਕ ਅਧਿਕਾਰੀਆਂ ਦਾ ਧੰਨਵਾਦ ਕੀਤਾ। ਪ੍ਰਬੰਧਕ ਕਮੇਟੀ ਨੇ ਕਿਹਾ ਕਿ 22 ਦਸੰਬਰ 2025 ਨੂੰ ਵਾਪਰੀ ਇਸ ਘਟਨਾ ਦੇ ਸੰਬੰਧ 'ਚ 14 ਜਨਵਰੀ ਨੂੰ ਪੁਲਿਸ ਨੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਪੁਲਿਸ ਰਿਮਾਂਡ 'ਤੇ ਹੈ।

# ਟਰੰਪ ਵਲੋਂ ਭਾਰਤ ਨੂੰ ਗਾਜ਼ਾ ਪੀਸ ਬੋਰਡ ਵਿਚ ਸ਼ਾਮਲ ਹੋਣ ਦਾ ਸੱਦਾ

**ਵਾਸ਼ਿੰਗਟਨ, (ਪੰਜਾਬ ਮੇਲ)-**ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਗਾਜ਼ਾ ਦੇ ਬੋਰਡ ਆਫ ਪੀਸ ਵਿਚ ਸ਼ਾਮਲ ਹੋਣ ਲਈ ਭਾਰਤ ਨੂੰ ਸੱਦਾ ਦਿੱਤਾ ਹੈ। ਸੂਤਰਾਂ ਨੇ ਕਿਹਾ ਕਿ ਭਾਰਤ ਦੇ ਨਾਲ ਪਾਕਿਸਤਾਨ ਨੂੰ ਵੀ ਇਸ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ। ਦੱਸਣਾ ਬਣਦਾ ਹੈ ਕਿ ਗਾਜ਼ਾ ਪੀਸ ਪਲਾਨ ਦੂਜੇ ਪੜਾਅ 'ਚ ਪੁੱਜ ਚੁੱਕਿਆ ਹੈ। ਟਰੰਪ ਨੇ ਗਾਜ਼ਾ ਪ੍ਰਸ਼ਾਸਨ ਤੇ ਪੁਨਰ ਨਿਰਮਾਣ ਲਈ ਨੈਸ਼ਨਲ ਕਮੇਟੀ ਆਫ ਦਿ ਐਡਮਨਿਸਟਰੇਸ਼ਨ ਆਫ ਗਾਜ਼ਾ ਬਣਾਈ ਹੈ, ਜਿਸ ਦੀ ਨਿਗਰਾਨੀ ਖੁਦ ਟਰੰਪ ਕਰ ਰਹੇ ਹਨ। ਇਸ ਤੋਂ ਇਲਾਵਾ ਗਾਜ਼ਾ ਦਾ ਕਾਰਜਕਾਰੀ ਬੋਰਡ ਵੀ ਬਣਾਇਆ ਗਿਆ ਹੈ। ਦੂਜੇ ਪਾਸੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਫਤਰ ਨੇ ਕਿਹਾ ਸੀ ਕਿ ਗਾਜ਼ਾ ਵਿਚ ਨਵੇਂ ਬਣਾਏ ਗਏ ਬੋਰਡ ਦਾ ਐਲਾਨ ਇਜ਼ਰਾਇਲ ਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਹੈ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸੁਪਰੀਮ ਕੋਰਟ ਵੱਲੋਂ ਪੱਛਮੀ ਬੰਗਾਲ ਵੋਟਰ ਸੂਚੀ ਵਿਵਾਦ 'ਤੇ ਅਹਿਮ ਫੈਸਲਾ

■ ਚੋਣ ਕਮਿਸ਼ਨ ਨੂੰ 1.25 ਕਰੋੜ ਵੋਟਰਾਂ ਦੀ 'ਲੌਜੀਕਲ ਗਲਤੀਆਂ' ਸੂਚੀ ਜਨਤਕ ਕਰਨ ਦੇ ਨਿਰਦੇਸ਼



**ਨਵੀਂ ਦਿੱਲੀ, (ਪੰਜਾਬ ਮੇਲ)-** ਪੱਛਮੀ ਬੰਗਾਲ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਦੀ ਸੁਧਾਈ (ਐੱਸ.ਆਈ.ਆਰ.) ਨੂੰ ਲੈ ਕੇ ਚੱਲ ਰਹੇ ਵਿਵਾਦ ਵਿਚ ਸੁਪਰੀਮ ਕੋਰਟ ਨੇ ਅਹਿਮ ਫੈਸਲਾ ਸੁਣਾਇਆ ਹੈ।

ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਚੋਣ ਕਮਿਸ਼ਨ ਨੂੰ ਹੁਕਮ ਦਿੱਤਾ ਹੈ ਕਿ ਉਹ 1.25 ਕਰੋੜ ਅਜਿਹੇ ਵੋਟਰਾਂ ਦੇ ਨਾਮ ਗ੍ਰਾਮ ਪੰਚਾਇਤ ਭਵਨਾਂ, ਬਲਾਕ ਦਫ਼ਤਰਾਂ ਅਤੇ ਵਾਰਡ ਦਫ਼ਤਰਾਂ ਵਿਚ ਡਿਸਪਲੇਅ ਕਰੇ, ਜਿਨ੍ਹਾਂ ਦੇ ਵੇਰਵਿਆਂ ਵਿਚ 'ਲੌਜੀਕਲ ਗਲਤੀਆਂ' ਪਾਈਆਂ ਗਈਆਂ ਹਨ।

ਚੋਣ ਕਮਿਸ਼ਨ ਨੇ 2002 ਦੀ ਵੋਟਰ ਸੂਚੀ ਨਾਲ ਮਿਲਾਨ ਦੌਰਾਨ ਕਈ ਤਰੁੱਟੀਆਂ ਪਾਈਆਂ ਹਨ। ਇਨ੍ਹਾਂ ਵਿਚ ਮੁੱਖ ਤੌਰ 'ਤੇ: ਮਾਪਿਆਂ ਦੇ ਨਾਮ ਵਿਚ ਫਰਕ, ਵੋਟਰ ਅਤੇ ਉਸਦੇ ਮਾਪਿਆਂ ਦੀ ਉਮਰ ਵਿਚ ਅੰਤਰ 15 ਸਾਲ ਤੋਂ ਘੱਟ ਜਾਂ 50 ਸਾਲ ਤੋਂ ਵੱਧ ਹੋਣਾ ਅਤੇ ਦਾਦਾ-ਦਾਦੀ ਦੀ ਉਮਰ ਦੇ ਵੇਰਵਿਆਂ ਵਿਚ ਮੇਲ ਨਾ ਖਾਣਾ।

ਅਦਾਲਤ ਨੇ ਕਿਹਾ ਕਿ ਜਿਨ੍ਹਾਂ ਲੋਕਾਂ 'ਤੇ ਇਸਦਾ ਅਸਰ ਪੈ ਰਿਹਾ ਹੈ, ਉਨ੍ਹਾਂ ਨੂੰ ਆਪਣੇ ਦਸਤਾਵੇਜ਼ ਪੇਸ਼ ਕਰਨ ਜਾਂ ਇਤਰਾਜ਼ ਦਰਜ ਕਰਵਾਉਣ ਦਾ ਪੂਰਾ ਮੌਕਾ ਮਿਲਣਾ ਚਾਹੀਦਾ ਹੈ।

ਟੀ.ਐੱਮ.ਸੀ. ਦੇ ਸੰਸਦ ਮੈਂਬਰਾਂ ਡੇਰੇਕ ਓ ਬ੍ਰਾਇਨ ਅਤੇ ਡੋਲਾ ਸੇਨ ਨੇ ਦੋਸ਼ ਲਾਇਆ ਸੀ ਕਿ ਚੋਣ ਕਮਿਸ਼ਨ ਬਿਨਾਂ ਕਿਸੇ ਲਿਖਤੀ ਦਿਸ਼ਾ-ਨਿਰਦੇਸ਼ ਦੇ ਵਟਸਐਪ ਰਾਹੀਂ ਨੋਟਿਸ ਭੇਜ ਰਿਹਾ ਹੈ।

ਇਸ 'ਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਚੀਫ਼ ਜਸਟਿਸ ਨੇ ਕਿਹਾ, "ਸਭ ਕੁਝ ਵਟਸਐਪ ਰਾਹੀਂ ਚਲਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਅਧਿਕਾਰਤ ਸਰਕੂਲਰ ਜਾਰੀ ਕੀਤੇ ਜਾਣੇ ਚਾਹੀਦੇ ਹਨ।"

ਅਦਾਲਤ ਨੇ ਕਿਹਾ ਕਿ ਇਕ ਕਰੋੜ ਤੋਂ ਵੱਧ ਲੋਕ ਪ੍ਰੇਸ਼ਾਨ ਹਨ, ਉਨ੍ਹਾਂ ਦੇ ਮਾਨਸਿਕ ਤਣਾਅ ਨੂੰ ਸਮਝਣ ਦੀ ਲੋੜ ਹੈ। ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਚੋਣ ਕਮਿਸ਼ਨ ਨੂੰ ਲੋੜੀਂਦਾ ਸਟਾਫ਼ ਮੁਹੱਈਆ ਕਰਵਾਏ, ਤਾਂ ਜੋ ਪੰਚਾਇਤ ਅਤੇ ਬਲਾਕ ਪੱਧਰ 'ਤੇ ਦਸਤਾਵੇਜ਼ਾਂ ਦੀ ਜਾਂਚ ਸੁਚਾਰੂ ਢੰਗ ਨਾਲ ਹੋ ਸਕੇ।

ਇਸ ਦੇ ਨਾਲ ਹੀ ਸੂਬੇ ਦੇ ਡੀ.ਜੀ.ਪੀ. ਨੂੰ ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਦੱਸਣਯੋਗ ਹੈ ਕਿ ਫਾਈਨਲ ਵੋਟਰ ਸੂਚੀ 14 ਫਰਵਰੀ ਨੂੰ ਪ੍ਰਕਾਸ਼ਿਤ ਹੋਣੀ ਹੈ ਅਤੇ ਮੌਜੂਦਾ ਵਿਧਾਨ ਸਭਾ ਦੀ ਮਿਆਦ 7 ਮਈ ਨੂੰ ਖ਼ਤਮ ਹੋ ਰਹੀ ਹੈ।

# ਸੁਪਰੀਮ ਕੋਰਟ ਦਾ ਹਵਾਈ ਕਿਰਾਇਆਂ 'ਚ ਵਾਧੇ 'ਤੇ ਸਖ਼ਤ ਰੁਖ਼

■ ਕੇਂਦਰ ਤੇ ਡੀ.ਜੀ.ਸੀ.ਏ. ਤੋਂ ਜਵਾਬ ਤਲਬ; ਅਗਲੀ ਸੁਣਵਾਈ 23 ਫਰਵਰੀ ਨੂੰ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਹਵਾਈ ਕਿਰਾਇਆਂ ਵਿਚ 'ਅਣਕਿਆਸੇ ਉਤਰਾਅ-ਚੜ੍ਹਾਅ' 'ਤੇ ਸਖ਼ਤ ਰੁਖ਼ ਅਪਣਾਉਂਦਿਆਂ ਕਿਹਾ ਕਿ ਅਦਾਲਤ ਇਸ ਮਾਮਲੇ ਵਿਚ ਜ਼ਰੂਰ ਦਖਲ ਦੇਵੇਗੀ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਤਿਉਹਾਰਾਂ ਅਤੇ ਖਾਸ ਮੌਕਿਆਂ 'ਤੇ ਏਅਰਲਾਈਨਾਂ ਵੱਲੋਂ ਮਨਮਰਜ਼ੀ ਨਾਲ ਕਿਰਾਏ ਵਧਾਉਣਾ ਯਾਤਰੀਆਂ ਦਾ ਸ਼ੋਸ਼ਣ ਹੈ। ਅਦਾਲਤ ਨੇ ਕੇਂਦਰ ਸਰਕਾਰ ਅਤੇ ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ (ਡੀ.ਜੀ.ਸੀ.ਏ.) ਨੂੰ ਇਸ ਸਬੰਧੀ ਦਾਇਰ ਜਨਹਿੱਤ ਪਟੀਸ਼ਨ (ਪੀ.ਆਈ.ਐੱਲ.) 'ਤੇ ਜਵਾਬ ਦੇਣ ਲਈ ਕਿਹਾ ਹੈ।

ਬੈਂਚ ਨੇ 'ਕੁੰਭ ਮੇਲੇ' ਦਾ ਹਵਾਲਾ ਦਿੰਦਿਆਂ ਕਿਹਾ ਕਿ ਪ੍ਰਯਾਗਰਾਜ ਅਤੇ ਜੋਧਪੁਰ ਦੀਆਂ ਉਡਾਣਾਂ ਦੇ ਕਿਰਾਏ ਅਸਮਾਨੀ ਚੜ੍ਹੇ ਹੋਏ ਹਨ। ਵਧੀਕ ਸੌਲੀਸਿਟਰ ਜਨਰਲ ਅਨਿਲ ਕੌਸ਼ਿਕ ਨੇ ਜਵਾਬ ਦੇਣ ਲਈ ਸਮਾਂ ਮੰਗਿਆ, ਜਿਸ 'ਤੇ ਅਦਾਲਤ ਨੇ ਸੁਣਵਾਈ 23 ਫਰਵਰੀ 'ਤੇ ਪਾ ਦਿੱਤੀ।

# ਚੀਨ ਦੀ ਆਬਾਦੀ ਲਗਾਤਾਰ ਚੌਥੇ ਸਾਲ ਸੁੰਗੜੀ

**ਬੀਜਿੰਗ, (ਪੰਜਾਬ ਮੇਲ)-** ਚੀਨ ਦੀ ਆਬਾਦੀ ਲਗਾਤਾਰ ਚੌਥੇ ਸਾਲ ਸੁੰਗੜ ਗਈ ਕਿਉਂਕਿ 2025 ਵਿਚ ਜਨਮ ਦਰ ਇਕ ਦਹਾਕੇ ਪਹਿਲਾਂ ਨਾਲੋਂ ਲਗਭਗ 10 ਮਿਲੀਅਨ ਘੱਟ ਗਈ ਸੀ, ਇਹ ਰੁਝਾਨ ਸਾਬਕਾ ਇਕ-ਬੱਚਾ ਨੀਤੀ ਦੇ ਲੰਬੇ ਸਮੇਂ ਦੇ ਪ੍ਰਭਾਵਾਂ ਨੂੰ ਵਿਆਪਕ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਨੈਸ਼ਨਲ ਬਿਊਰੋ ਆਫ਼ ਸਟੈਟਿਸਟਿਕਸ (ਐੱਨ.ਬੀ.ਐੱਸ.) ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 2025 'ਚ ਸਿਰਫ 7.92 ਮਿਲੀਅਨ ਬੱਚੇ ਪੈਦਾ ਹੋਏ ਸਨ, ਜਦੋਂਕਿ 2024 ਵਿਚ ਇਹ ਗਿਣਤੀ 9.54 ਮਿਲੀਅਨ ਸੀ, ਜੋ ਕਿ 17 ਫੀਸਦੀ ਦੀ ਗਿਰਾਵਟ ਹੈ।

# ਮਮਤਾ ਬੈਨਰਜੀ ਵੱਲੋਂ ਚੋਣ ਕਮਿਸ਼ਨ 'ਤੇ ਤਾਕਤਾਂ ਦੀ ਦੁਰਵਰਤੋਂ ਦਾ ਦੋਸ਼


■ ਕਿਹਾ: ਬੰਗਾਲ ਦੇ 54 ਲੱਖ ਜਾਇਜ਼ ਵੋਟਰਾਂ ਦੇ ਨਾਂ ਕੱਟੇ ਗਏ



**ਕੋਲਕਾਤਾ, (ਪੰਜਾਬ ਮੇਲ)-** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਾਇਆ ਕਿ ਸੂਬੇ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ (ਐੱਸ.ਆਈ.ਆਰ.) ਦੌਰਾਨ 54 ਲੱਖ ਨਾਂ ਇਕਪਾਸੜ ਢੰਗ ਨਾਲ ਅਤੇ ਚੋਣ ਰਜਿਸਟਰੇਸ਼ਨ ਅਧਿਕਾਰੀਆਂ (ਈ.ਆਰ.ਓ.) ਦੀ ਤਾਕਤਾਂ ਦੀ ਦੁਰਵਰਤੋਂ ਕਰਕੇ ਹਟਾਏ ਗਏ ਹਨ। ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਜਿਨ੍ਹਾਂ ਵੋਟਰਾਂ ਦੇ ਨਾਂ ਕੱਟੇ ਗਏ, ਉਨ੍ਹਾਂ 'ਚੋਂ ਜ਼ਿਆਦਾਤਰ 'ਜਾਇਜ਼ ਵੋਟਰ' ਸਨ, ਜਿਨ੍ਹਾਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਨਹੀਂ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਨਾਂ ਹਟਾਏ ਜਾਣ ਦੇ ਕਾਰਨਾਂ ਬਾਰੇ ਦੱਸਿਆ ਤੱਕ ਨਹੀਂ ਗਿਆ।

ਮੁੱਖ ਮੰਤਰੀ ਨੇ ਸੂਬਾ ਸਕੱਤਰੇਤ 'ਚ ਪੱਤਰਕਾਰ ਸੰਮੇਲਨ ਦੌਰਾਨ ਕਿਹਾ, "ਚੋਣ ਕਮਿਸ਼ਨ ਨੇ ਦਿੱਲੀ 'ਚ ਬੈਠ ਕੇ ਭਾਜਪਾ ਵੱਲੋਂ ਵਿਕਸਿਤ ਏ.ਆਈ. ਸਾਫਟਵੇਅਰ ਦੀ ਵਰਤੋਂ ਕਰਕੇ ਨਾਂ ਹਟਾਏ ਹਨ। ਇਹ ਸਾਫ਼ਟਵੇਅਰ ਐੱਸ.ਆਈ.ਆਰ. 'ਚ ਨਾਵਾਂ ਦੇ ਮਿਲਾਨ ਦੌਰਾਨ ਹੋਈਆਂ ਗੜਬੜੀਆਂ ਲਈ ਜ਼ਿੰਮੇਵਾਰ ਹੈ। ਉਨ੍ਹਾਂ ਔਰਤਾਂ ਦੇ ਨਾਂ ਕੱਟ ਦਿੱਤੇ ਗਏ, ਜਿਨ੍ਹਾਂ ਵਿਆਹ ਮਗਰੋਂ ਉਪ ਨਾਂ ਬਦਲ ਲਏ। ਉਨ੍ਹਾਂ ਵੋਟਰਾਂ ਨੂੰ ਵੀ 'ਮਰਿਆ' ਹੋਇਆ ਐਲਾਨ ਦਿੱਤਾ ਗਿਆ, ਜੋ ਹਾਲੇ ਵੀ ਜਿਊਂਦੇ ਹਨ।" ਉਨ੍ਹਾਂ ਦੋਸ਼ ਲਾਇਆ ਕਿ 'ਭਾਜਪਾ-ਚੋਣ ਕਮਿਸ਼ਨ ਦਾ ਗੱਠਜੋੜ' ਅੰਤਿਮ ਵੋਟਰ ਸੂਚੀ 'ਚੋਂ ਇਕ ਕਰੋੜ ਹੋਰ ਨਾਂ ਹਟਾਉਣ ਦੀ ਯੋਜਨਾ ਬਣਾ ਰਿਹਾ ਹੈ। ਚੋਣ ਕਮਿਸ਼ਨ ਨੇ ਬੂੱਥ ਪੱਧਰੀ ਏਜੰਟ-2 ਨੂੰ ਐੱਸ.ਆਈ.ਆਰ. ਸਬੰਧੀ ਸੁਣਵਾਈ 'ਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਕਿਉਂਕਿ ਭਾਜਪਾ ਇਸ ਕੰਮ ਲਈ ਆਪਣੇ ਕਾਰਕੁੰਨ ਇਕੱਠੇ ਨਹੀਂ ਕਰ ਸਕੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਭਾਰਤੀ ਸੈਨਾ ਦੀ ਪੂਰਬੀ ਕਮਾਨ ਹੈੱਡਕੁਆਰਟਰ ਫੋਰਟ ਵਿਲੀਅਮ 'ਚ ਕਮਾਂਡੈਂਟ ਰੈਂਕ ਦਾ ਅਧਿਕਾਰੀ ਭਾਜਪਾ ਦੇ ਇਸ਼ਾਰੇ 'ਤੇ ਐੱਸ.ਆਈ.ਆਰ. ਦਾ ਕੰਮ ਕਰ ਰਿਹਾ ਹੈ। ਉਨ੍ਹਾਂ ਹਾਲਾਂਕਿ ਇਸ ਸਬੰਧੀ ਹੋਰ ਵੇਰਵੇ ਨਹੀਂ ਦਿੱਤੇ। ਉਨ੍ਹਾਂ ਕਿਹਾ ਕਿ ਉਹ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਪੰਜ ਪੱਤਰ ਲਿਖ ਕੇ ਪਹਿਲਾਂ ਹੀ ਵੋਟਰ ਸੂਚੀ 'ਚ ਗੜਬੜੀਆਂ, ਇਕਪਾਸੜ ਫੈਸਲਿਆਂ ਤੇ ਡਿਜ਼ੀਟਲੀਕਰਨ ਸਬੰਧੀ ਖਾਮੀਆਂ ਬਾਰੇ ਸ਼ਿਕਾਇਤ ਕਰ ਚੁੱਕੀ ਹੈ, ਜਿਨ੍ਹਾਂ ਕਾਰਨ ਸੂਬੇ 'ਚ ਵੋਟਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਸਰਬਜੀਤ ਕੌਰ ਤੋਂ 'ਨੂਰ' ਬਣੀ ਭਾਰਤੀ ਸਿੱਖ ਮਹਿਲਾ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਸ਼ੈਲਟਰ ਹੋਮ ਭੇਜਿਆ




**ਲਾਹੌਰ, (ਪੰਜਾਬ ਮੇਲ)-** ਪਿਛਲੇ ਸਾਲ ਨਵੰਬਰ ਵਿਚ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਦੌਰਾਨ ਲਾਪਤਾ ਹੋਣ ਮਗਰੋਂ ਸਥਾਨਕ ਮੁਸਲਿਮ ਨਾਲ ਵਿਆਹ ਕਰਵਾਉਣ ਵਾਲੀ ਭਾਰਤੀ ਸਿੱਖ ਮਹਿਲਾ ਸਰਬਜੀਤ ਕੌਰ (48) ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਸਰਕਾਰੀ ਸ਼ੈਲਟਰ ਹੋਮ ਭੇਜ ਦਿੱਤਾ ਗਿਆ ਹੈ। ਸਰਬਜੀਤ ਕੌਰ ਉਨ੍ਹਾਂ 2,000 ਸਿੱਖ ਸ਼ਰਧਾਲੂਆਂ ਵਿਚੋਂ ਇਕ ਸੀ, ਜੋ ਪਿਛਲੇ ਸਾਲ ਨਵੰਬਰ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਭਾਰਤ ਤੋਂ ਵਾਹਗਾ ਸਰਹੱਦ ਰਸਤੇ ਪਾਕਿਸਤਾਨ ਗਏ ਸਨ।

ਜਥੇ ਵਿਚ ਗਏ ਸਾਰੇ ਸ਼ਰਧਾਲੂ ਕੁਝ ਦਿਨਾਂ ਬਾਅਦ ਘਰ ਵਾਪਸ ਆ ਗਏ, ਪਰ ਸਰਬਜੀਤ ਕੌਰ ਲਾਪਤਾ ਹੋ ਗਈ। ਲਾਹੌਰ ਦੇ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਮਗਰੋਂ ਕਿਹਾ ਕਿ ਸਰਬਜੀਤ ਨੇ 4 ਨਵੰਬਰ ਨੂੰ ਪਾਕਿਸਤਾਨ ਪਹੁੰਚਣ ਤੋਂ ਇਕ ਦਿਨ ਬਾਅਦ ਲਾਹੌਰ ਤੋਂ ਕਰੀਬ 50 ਕਿਲੋਮੀਟਰ ਦੂਰ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਨਾਸਿਰ ਹੁਸੈਨ ਨਾਲ ਵਿਆਹ ਕਰ ਲਿਆ।

ਉਪਰੰਤ ਸਰਬਜੀਤ ਕੌਰ ਤੇ ਹੁਸੈਨ ਨੇ ਲਾਹੌਰ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ, ਜਿਸ ਵਿਚ ਦਾਅਵਾ ਕੀਤਾ ਗਿਆ ਕਿ ਪੁਲਿਸ ਨੇ ਸ਼ੇਖ਼ੂਪੁਰਾ ਦੇ ਫਾਰੂਖਾਬਾਦ ਵਿਚ ਉਨ੍ਹਾਂ ਦੇ ਘਰ 'ਤੇ ਛਾਪਾ ਮਾਰਿਆ ਅਤੇ ਉਨ੍ਹਾਂ 'ਤੇ ਵਿਆਹ ਖਤਮ ਕਰਨ ਲਈ ਦਬਾਅ ਪਾਇਆ। ਲਾਹੌਰ ਹਾਈ ਕੋਰਟ ਦੇ ਜਸਟਿਸ ਫਾਰੂਕ ਹੈਦਰ ਨੇ ਪੁਲਿਸ ਨੂੰ ਜੋੜੇ ਨੂੰ ਤੰਗ-ਪ੍ਰੇਸ਼ਾਨ ਨਾ ਕਰਨ ਦਾ ਹੁਕਮ ਦਿੱਤਾ। ਪੰਜਾਬ ਸਰਕਾਰ ਦੇ ਸੂਤਰ ਨੇ ਦੱਸਿਆ, "ਅਦਾਲਤੀ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਏ ਪੰਜਾਬ ਪੁਲਿਸ ਨੇ ਜੋੜੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਰਬਜੀਤ ਕੌਰ ਨੂੰ ਲਾਹੌਰ ਦੇ ਦਾਰੁਲ ਅਮਾਨ (ਸਰਕਾਰੀ ਸ਼ੈਲਟਰ ਹੋਮ) ਭੇਜ ਦਿੱਤਾ।" ਉਨ੍ਹਾਂ ਕਿਹਾ ਕਿ ਅਧਿਕਾਰੀ ਸਰਬਜੀਤ ਕੌਰ ਨੂੰ ਡਿਪੋਰਟ ਕਰਨਾ ਚਾਹੁੰਦੇ ਹਨ, ਜਦੋਂ ਕਿ ਉਸ ਦਾ ਪਤੀ ਇਕ ਕੇਸ ਨੂੰ ਲੈ ਕੇ ਪੁਲਿਸ ਦੀ ਹਿਰਾਸਤ ਵਿਚ ਹੈ।

ਸੂਤਰ ਨੇ ਕਿਹਾ, "ਅਧਿਕਾਰੀਆਂ ਨੇ ਪਹਿਲਾਂ ਵੀ ਸਰਬਜੀਤ ਕੌਰ ਨੂੰ ਡਿਪੋਰਟ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਵਾਹਗਾ-ਅਟਾਰੀ ਸਰਹੱਦ ਬੰਦ ਹੋਣ ਕਾਰਨ ਉਹ ਅਸਫਲ ਰਹੇ।" ਇਸ ਤੋਂ ਪਹਿਲਾਂ ਇਕ ਵੀਡੀਓ ਕਲਿੱਪ ਵਿਚ ਸਰਬਜੀਤ ਕੌਰ ਨੇ ਕਿਹਾ ਕਿ ਉਸ ਨੇ ਆਪਣਾ ਵੀਜ਼ਾ ਵਧਾਉਣ ਲਈ ਇਸਲਾਮਾਬਾਦ ਵਿਚ ਦੂਤਾਵਾਸ ਨਾਲ ਸੰਪਰਕ ਕੀਤਾ ਅਤੇ ਪਾਕਿਸਤਾਨੀ ਨਾਗਰਿਕਤਾ ਲਈ ਅਰਜ਼ੀ ਵੀ ਦਿੱਤੀ। ਕੌਰ ਨੇ ਕਿਹਾ, "ਮੈਂ ਇਕ ਤਲਾਕਸ਼ੁਦਾ ਹਾਂ ਅਤੇ ਹੁਸੈਨ ਨਾਲ ਵਿਆਹ ਕਰਨਾ ਚਾਹੁੰਦੀ ਸੀ; ਇਸ ਲਈ, ਮੈਂ ਇਥੇ ਇਸੇ ਉਦੇਸ਼ ਲਈ ਆਈ ਸੀ।" ਨਿਕਾਹ ਤੋਂ ਪਹਿਲਾਂ ਸਰਬਜੀਤ ਕੌਰ ਨੂੰ ਮੁਸਲਿਮ ਨਾਂ 'ਨੂਰ' ਦਿੱਤਾ ਗਿਆ ਸੀ। ਉਸ ਨੇ ਕਿਹਾ, "ਮੈਂ ਆਪਣੀ ਖੁਸ਼ੀ ਨਾਲ ਹੁਸੈਨ ਨਾਲ ਨਿਕਾਹ ਕੀਤਾ ਸੀ।"

ਪੰਜਾਬ ਅਸੈਂਬਲੀ ਦੇ ਸਾਬਕਾ ਮੈਂਬਰ ਮਹਿੰਦਰ ਪਾਲ ਸਿੰਘ ਨੇ ਲਾਹੌਰ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਦੋਸ਼ ਲਗਾਇਆ ਸੀ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਸਰਬਜੀਤ ਕੌਰ 'ਭਾਰਤੀ ਜਾਸੂਸ' ਹੈ। ਉਸ ਨੇ ਕਿਹਾ, "ਸਰਬਜੀਤ ਕੌਰ ਦੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਉਸ ਦਾ ਪਾਕਿਸਤਾਨ ਵਿਚ ਰਹਿਣਾ ਗੈਰ-ਕਾਨੂੰਨੀ ਹੈ ਕਿਉਂਕਿ ਇਹ ਮਾਮਲਾ ਪਾਕਿਸਤਾਨ ਦੀ ਕੌਮੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ।"








# ਕੈਨੇਡਾ ਤੋਂ 1 ਸਾਲ ’ਚ ਮੋੜੇ ਗਏ 18785 ਵਿਦੇਸ਼ੀ ਨਾਗਰਿਕ

**■ 2020 ਤੋਂ ਭਾਰਤੀਆਂ ਨੂੰ ਡਿਪੋਰਟ ਕਰਨ ਦੀ ਗਿਣਤੀ ਵਧਣਾ ਜਾਰੀ**




ਟੋਰਾਂਟੋ, (ਪੰਜਾਬ ਮੇਲ)-ਕੈਨੇਡਾ ’ਚ ਅਣ-ਅਧਿਕਾਰਤ ਤੌਰ ’ਤੇ ਰਹਿ ਰਹੇ ਵਿਦੇਸ਼ੀਆਂ ਨੂੰ ਕੱਢੇ ਜਾਣਾ ਸਾਰਾ ਸਾਲ ਜਾਰੀ ਰਹਿੰਦਾ ਹੈ ਅਤੇ ਤਾਜ਼ਾ ਸਰਕਾਰੀ ਅੰਕੜਿਆਂ ਅਨੁਸਾਰ ਬੀਤੇ ਸਾਲ ਦੇ 365 ਦਿਨਾਂ ਦੌਰਾਨ ਦੇਸ਼ ਵਿਚੋਂ 18785 ਵਿਦੇਸ਼ੀ ਨਾਗਰਿਕਾਂ ਨੂੰ ਵਾਪਸ ਉਨ੍ਹਾਂ ਦੇ ਦੇਸ਼ਾਂ ਵਿਚ ਮੁੜਨਾ ਪਿਆ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਅਧਿਕਾਰੀਆਂ ਵੱਲੋਂ ਡਿਪਾਰਚਰ/ ਡਿਪੋਰਟੇਸ਼ਨ ਆਰਡਰ ਦੇ ਅਧਾਰ ’ਤੇ ਵਿਦੇਸ਼ੀ ਨਾਗਰਿਕਾਂ ਨੂੰ ਆਪਣੇ ਆਪ ਵਾਪਸ ਮੁੜ ਜਾਣ ਦਾ ਮੌਕਾ ਦਿੱਤਾ ਜਾਂਦਾ ਹੈ, ਪਰ ਨਿਰਧਾਰਿਤ ਸਮੇਂ (30 ਦਿਨਾਂ) ਵਿਚ ਨਾ ਜਾਣ ਵਾਲੇ ਵਿਦੇਸ਼ੀਆਂ ਨੂੰ ਜਾਰੀ ਕੀਤਾ ਗਿਆ ਡਿਪਾਰਚਰ ਆਰਡਰ ਆਖਰ ਡਿਪੋਰਟੇਸ਼ਨ ਆਰਡਰ ਬਣ ਜਾਂਦਾ ਹੈ। ਅਜਿਹੇ ਵਿਅਕਤੀਆਂ ਦਾ ਵਾਰੰਟ ਕੱਢ ਕੇ ਗ੍ਰਿਫਤਾਰ ਕਰਨ ਮਗਰੋਂ ਹਿਰਾਸਤ ਵਿਚ ਰੱਖ ਕੇ ਅਧਿਕਾਰੀਆਂ ਵੱਲੋਂ ਜਹਾਜ਼ ਵਿਚ ਚੜ੍ਹਾਇਆ ਜਾਂਦਾ ਹੈ। ਜਟਿਲ ਕੇਸਾਂ ਵਿਚ ਸੀ.ਬੀ.ਐੱਸ.ਏ. ਦੇ ਅਧਿਕਾਰੀ ਵਿਦੇਸ਼ੀ ਨਾਗਰਿਕਾਂ ਨੂੰ ਆਪ ਵੀ ਉਨ੍ਹਾਂ ਦੇ ਦੇਸ਼ਾਂ ਵਿਚ ਛੱਡ ਕੇ (ਉਸ ਦੇਸ਼ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਸੌਂਪ ਕੇ) ਆਉਂਦੇ ਹਨ। ਇਹ ਵੀ ਕਿ ਡਿਪੋਰਟ ਕੀਤੇ ਗਏ ਵਿਦੇਸ਼ੀ ਨਾਗਰਿਕ ਵਾਪਸ ਕੈਨੇਡਾ ’ਚ ਦਾਖਲ ਨਹੀਂ ਹੋ ਸਕਦੇ ਹੁੰਦੇ, ਜਿਸ ਦਾ ਭਾਵ ਹੈ ਕਿ ਵਾਪਸੀ ਉੱਪਰ ਪੱਕਾ ਬੈਨ ਲੱਗ ਜਾਂਦਾ ਹੈ। ਜੇਕਰ ਕੈਨੇਡਾ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਝੂਠ ਬੋਲ ਕੇ ਐਂਟਰੀ ਜਾਂ ਨਕਲੀ ਦਸਤਾਵੇਜ਼ਾਂ ਦੀ ਮਦਦ ਨਾਲ਼ ਵੀਜ਼ਾ ਲਿਆ ਗਿਆ ਹੋਵੇ, ਤਾਂ ਕੈਨੇਡਾ ਵਿਚ ਦੁਬਾਰਾ ਦਾਖਲ ਹੋਣ ਲਈ 5 ਸਾਲ ਦਾ ਬੈਨ ਲੱਗ ਸਕਦਾ ਹੈ। ਬੀਤੇ ਸਾਲ ਕੱਢੇ ਗਏ 18785 ਵਿਦੇਸ਼ੀ ਨਾਗਰਿਕਾਂ ਵਿਚ ਸਭ ਤੋਂ ਵੱਧ ਗਿਣਤੀ ਮੈਕਸੀਕੋ ਦੇ ਨਾਗਰਿਕਾਂ ਦੀ (3972) ਜਿਸ ਤੋਂ ਬਾਅਦ ਭਾਰਤੀ (2831), ਕੋਲੰਬੀਆ (2012), ਚੀਨ (737), ਵੈਨੇਜ਼ੁਏਲਾ (656), ਹੈਤੀ (562), ਤੁਰਕੀ (385), ਅਫਗਾਨਿਸਤਾਨ (366), ਹੰਗਰੀ (359) ਅਤੇ ਹੋਰ ਨਾਗਰਿਕਤਾਵਾਂ ਵਾਲੇ ਕੁੱਲ 6233 ਵਿਅਕਤੀ ਸ਼ਾਮਿਲ ਸਨ। ਕੈਨੇਡਾ ਵਿਚੋਂ ਕੱਢੇ ਜਾਣ ਵਾਲੇ ਭਾਰਤੀਆਂ ਦੀ ਗਿਣਤੀ 2019 ਤੋਂ 2025 ਤੱਕ ਹਰੇਕ ਸਾਲ 625 ਤੋਂ 2831 ਦਰਮਿਆਨ ਰਹੀ ਹੈ। ਬੀਤੇ 6 ਸਾਲਾਂ ਦੇ ਮੁਕਾਬਲੇ ਪਿਛਲੇ ਸਾਲ 2025 ਦੌਰਾਨ ਸਭ ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਕੈਨੇਡਾ ਵਿਚੋਂ ਕੱਢਿਆ ਗਿਆ ਸੀ। ਪਾਕਿਸਤਾਨ ਦੇ ਨਾਗਰਿਕਾਂ ਨੂੰ ਕੱਢੇ ਜਾਣ ਦੀ ਗਿਣਤੀ 2020 ਤੋਂ ਲਗਾਤਰ ਘਟਦੀ ਗਈ ਹੈ, ਜੋ 2020 ਵਿਚ 1002 ਤੋਂ ਘੱਟ ਕੇ 2025 ਵਿਚ 244 ਰਹਿ ਗਈ।

ਕਮਾਲ ਦੀ ਗੱਲ ਇਹ ਹੈ ਕਿ ਕੈਨੇਡਾ ਵਿਚੋਂ ਕੱਢੇ ਜਾਣ ਦੀ ਕਾਰਵਾਈ ਦਾ ਇਸ ਸਮੇਂ ਸਾਹਮਣਾ ਕਰ ਰਹੇ ਭਾਰਤੀਆਂ ਦੀ ਗਿਣਤੀ 6515 (ਹੋਰ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਵੱਧ) ਦੱਸੀ ਗਈ ਹੈ, ਜੋ ਮੈਕਸੀਕੋ ਦੇ ਨਾਗਰਿਕਾਂ (4650) ਤੋਂ ਵੀ ਵਧ ਚੁੱਕੀ ਹੈ। 863 ਪਾਕਿਸਤਾਨੀ ਨਾਗਰਿਕ ਵੀ ਇਸ ਸਮੇਂ ਕੈਨੇਡਾ ਵਿਚੋਂ ਕੱਢੇ ਜਾਣ ਦੀ ਪ੍ਰਕਿਰਿਆ ਵਿਚੋਂ ਗੁਜ਼ਰ ਰਹੇ ਹਨ। ਇਸਦੇ ਨਾਲ਼ ਹੀ 1704 ਅਮਰੀਕੀ ਨਾਗਰਿਕਾਂ ਨੂੰ ਵੀ ਕੈਨੇਡਾ ਵਿਚੋਂ ਅਮਰੀਕਾ ਮੋੜੇ ਜਾਣ ਦੀ ਕਾਰਵਾਈ ਚੱਲ ਰਹੀ ਹੈ। ਆਮ ਤੌਰ ’ਤੇ ਸ਼ਰਨਾਰਥੀ ਕੇਸ ਖਤਮ ਹੋਣ ਮਗਰੋਂ, ਐਂਟਰੀ ਦੀ ਮਿਆਦ ਓਵਰ ਸਟੇਅ ਕਰਨ ਮਗਰੋਂ, ਜਾਂ ਨਿੱਕੇ ਤੋਂ ਵੱਡੇ ਜੁਰਮਾਂ (ਸ਼ਰਾਬ ਪੀਅ ਕੇ ਗੱਡੀ ਚਲਾਉਣਾ ਵੀ) ਵਿਚ ਮੁਜ਼ਰਿਮ ਸਾਬਤ ਹੋਏ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਛੱਡ ਕੇ ਜਾਣਾ ਪੈਂਦਾ ਹੈ।

# ਕੈਨੇਡਾ ਸਰਕਾਰ ਵੱਲੋਂ ਆਪਣੇ ਨਾਗਰਿਕਾਂ ਲਈ ਯਾਤਰਾ ਐਡਵਾਈਜ਼ਰੀ ਜਾਰੀ

**■ 20 ਦੇਸ਼ਾਂ ’ਚ ਸਫ਼ਰ ਨਾ ਕਰਨ ਦੀ ਦਿੱਤੀ ਸਲਾਹ**

**■ ਭਾਰਤ ਯਾਤਰਾ ਨੂੰ ‘ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਵਾਲੀਆਂ ਥਾਵਾਂ’ ’ਚ ਕੀਤਾ ਸ਼ਾਮਲ**

ਵਿਨੀਪੈੱਗ, (ਪੰਜਾਬ ਮੇਲ)- ਕੈਨੇਡਾ ਨੇ ਆਪਣੀ ਅੰਤਰਰਾਸ਼ਟਰੀ ਯਾਤਰਾ ਐਡਵਾਈਜ਼ਰੀ ਨੂੰ ਅੱਪਡੇਟ ਕੀਤਾ ਹੈ, ਜਿਸ ਵਿਚ ਕੁਝ ਦੇਸ਼ਾਂ ਨੂੰ ਬਹੁਤ ਖ਼ਤਰਨਾਕ ਦੱਸਿਆ ਗਿਆ ਹੈ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਉਨ੍ਹਾਂ ਦੀ ਯਾਤਰਾ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਨਵੀਂ ਐਡਵਾਈਜ਼ਰੀ ਵਿਚ ਕੈਨੇਡੀਅਨ ਨਾਗਰਿਕਾਂ ਨੂੰ ਇਰਾਨ ਅਤੇ ਵੈਨੇਜ਼ੁਏਲਾ ਸਮੇਤ ਕਈ ਦੇਸ਼ਾਂ ਦੀ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਗਈ ਹੈ।

ਇਸ ਸੂਚੀ ਵਿਚ ਇਰਾਨ, ਵੈਨੇਜ਼ੁਏਲਾ, ਰੂਸ, ਉੱਤਰੀ ਕੋਰੀਆ, ਇਰਾਕ, ਲਿਬੀਆ, ਅਫ਼ਗਾਨਿਸਤਾਨ, ਬੇਲਾ ਰੂਸ, ਬੁਰਕੀਨਾ ਫਾਸੋ, ਮੱਧ ਅਫ਼ਰੀਕੀ ਗਣਰਾਜ, ਹੈਤੀ, ਮਾਲੀ, ਦੱਖਣੀ ਸੁਡਾਨ, ਮਿਆਂਮਾਰ, ਨਾਈਜਰ, ਸੋਮਾਲੀਆ, ਸੁਡਾਨ, ਸੀਰੀਆ, ਯੂਕਰੇਨ, ਯਮਨ ਦੇਸ਼ ਸ਼ਾਮਲ ਹਨ।

ਇਸ ਤੋਂ ਇਲਾਵਾ ਭਾਰਤ ਲਈ ਐਡਵਾਈਜ਼ਰੀ ਵਿਚ ਵੀ ਕੈਨੇਡਾ ਨੇ ਆਪਣੀ ਯਾਤਰਾ ਦੌਰਾਨ “ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਵਾਲੀਆਂ ਥਾਵਾਂ” ਨੂੰ ਵੀ ਸ਼ਾਮਲ ਕੀਤਾ ਹੈ।

ਭਾਰਤ ਬਾਰੇ ਦਸੰਬਰ ਵਿਚ ਜਾਰੀ ਕੀਤੀ ਗਈ ਇੱਕ ਯਾਤਰਾ ਐਡਵਾਈਜ਼ਰੀ ਵਿਚ, ਕੈਨੇਡਾ ਨੇ ਪੂਰੇ ਦੇਸ਼ ਵਿਚ ਅੱਤਵਾਦੀ ਹਮਲਿਆਂ ਦੇ ਜ਼ੋਖ਼ਮ ਦਾ ਹਵਾਲਾ ਦਿੰਦੇ ਹੋਏ, ਭਾਰਤ ਨੂੰ “ਸਭ ਤੋਂ ਵੱਧ ਸਾਵਧਾਨੀ” ਸ਼੍ਰੇਣੀ ਵਿਚ ਰੱਖਿਆ। ਕੈਨੇਡੀਅਨ ਅਧਿਕਾਰੀਆਂ ਨੇ ਜੰਮੂ ਅਤੇ ਕਸ਼ਮੀਰ ਦੇ ਨਾਲ-ਨਾਲ ਗੁਜਰਾਤ, ਪੰਜਾਬ ਅਤੇ ਰਾਜਸਥਾਨ ਦੇ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਖੇਤਰਾਂ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ। ਇਸ ਤੋਂ ਇਲਾਵਾ ਯਾਤਰੀਆਂ ਨੂੰ ਕ੍ਰੈਡਿਟ ਕਾਰਡ ਅਤੇ ਏ.ਟੀ.ਐੱਮ. ਧੋਖਾਧੜੀ ਬਾਬਤ ਡੈਬਿਟ ਜਾਂ ਕਰੈਡਿਟ ਕਾਰਡਾਂ ਦੀ ਵਰਤੋਂ ਕਰਦੇ ਸਮੇਂ ਸਾਵਧਾਨ ਰਹਿਣ, ਸੈਰ-ਸਪਾਟਾ ਖੇਤਰਾਂ ਅਤੇ ਹਵਾਈ ਅੱਡਿਆਂ ’ਤੇ ਸਾਵਧਾਨੀ ਵਰਤਣ ਵਾਸਤੇ ਅਤੇ ਔਰਤਾਂ ਨੂੰ ਵਿਸ਼ੇਸ਼ ਤੌਰ ’ਤੇ ਚੌਕਸ ਰਹਿਣਾ ਲਈ ਕਿਹਾ ਹੈ। ਇਸ ਤੋਂ ਬਿਨਾਂ ਗੋਆ, ਦਿੱਲੀ ਵਿਚ ਜਨਤਕ ਆਵਾਜਾਈ ਦੇ ਸਾਰੇ ਰੂਟਾਂ, ਯੋਗ ਕੇਂਦਰਾਂ, ਆਸ਼ਰਮਾਂ ਅਤੇ ਅਧਿਆਤਮਿਕ ਆਰਾਮ ਦੇ ਹੋਰ ਸਥਾਨਾਂ ਸਬੰਧੀ ਚੌਕਸ ਰਹਿਣ ਲਈ ਕਿਹਾ ਹੈ। ਅਸਾਮ ਅਤੇ ਮਨੀਪੁਰ ਦੇ ਉੱਤਰ-ਪੂਰਬੀ ਰਾਜਾਂ ਦੀ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਵੀ ਸਲਾਹ ਦਿੱਤੀ ਗਈ ਹੈ। ਇਸ ਸੂਚੀ ਵਿਚ ਹੋਰ ਦੇਸ਼ ਵੀ ਸ਼ਾਮਲ ਹਨ, ਜਿਨ੍ਹਾਂ ’ਚ ਚੀਨ, ਮੈਕਸੀਕੋ, ਬ੍ਰਾਜ਼ੀਲ, ਫਰਾਂਸ, ਜਰਮਨੀ, ਇਟਲੀ, ਸਪੇਨ, ਸੰਯੁਕਤ ਅਰਬ ਅਮੀਰਾਤ, ਦੱਖਣੀ ਅਫ਼ਰੀਕਾ ਤੇ ਯੂ.ਕੇ. ਹਨ।

# ਸੁਨੀਤਾ ਵਿਲੀਅਮਸ ਨਾਸਾ ਤੋਂ ਹੋਈ ਰਿਟਾਇਰ



ਵਾਸ਼ਿੰਗਟਨ, (ਪੰਜਾਬ ਮੇਲ)- ਨਾਸਾ ਦੀ ਮਸ਼ਹੂਰ ਪੁਲਾੜ ਯਾਤਰੀ ਸੁਨੀਤਾ ਵਿਲੀਅਮਸ 27 ਸਾਲਾਂ ਦੀ ਲੰਬੀ ਅਤੇ ਇਤਿਹਾਸਕ ਸੇਵਾ ਤੋਂ ਬਾਅਦ ਨਾਸਾ ਤੋਂ ਰਿਟਾਇਰ ਹੋ ਗਈ ਹੈ। ਉਨ੍ਹਾਂ ਦੀ ਸੇਵਾਮੁਕਤੀ 27 ਦਸੰਬਰ, 2025 ਤੋਂ ਪ੍ਰਭਾਵੀ ਹੋ ਗਈ ਹੈ। ਆਪਣੇ ਕਰੀਅਰ ਦੌਰਾਨ ਸੁਨੀਤਾ ਵਿਲੀਅਮਸ ਨੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ’ਤੇ ਤਿੰਨ ਮਿਸ਼ਨ ਪੂਰੇ ਕੀਤੇ ਅਤੇ ਮਨੁੱਖੀ ਪੁਲਾੜ ਉਡਾਣ ਦੇ ਖੇਤਰ ਵਿਚ ਕਈ ਰਿਕਾਰਡ ਬਣਾਏ।


ਨਾਸਾ ਅਨੁਸਾਰ, ਸੁਨੀਤਾ ਵਿਲੀਅਮਸ ਨੇ ਪੁਲਾੜ ਵਿਚ ਕੁੱਲ 608 ਦਿਨ ਬਿਤਾਏ, ਜੋ ਕਿ ਕਿਸੇ ਵੀ ਨਾਸਾ ਪੁਲਾੜ ਯਾਤਰੀ ਦੁਆਰਾ ਬਿਤਾਇਆ ਗਿਆ ਦੂਜਾ ਸਭ ਤੋਂ ਵੱਧ ਸਮਾਂ ਹੈ। ਉਸਨੇ 9 ਸਪੇਸਵਾਕ ਕੀਤੇ, ਜਿਨ੍ਹਾਂ ਦੀ ਕੁੱਲ ਮਿਆਦ 62 ਘੰਟੇ ਅਤੇ 6 ਮਿੰਟ ਸੀ। ਇਹ ਇੱਕ ਮਹਿਲਾ ਪੁਲਾੜ ਯਾਤਰੀ ਦੁਆਰਾ ਸਭ ਤੋਂ ਵੱਧ ਸਪੇਸਵਾਕ ਸਮਾਂ ਹੈ ਅਤੇ ਉਹ ਕੁੱਲ ਸੂਚੀ ਵਿਚ ਚੌਥੇ ਸਥਾਨ ’ਤੇ ਹੈ। ਇਸ ਤੋਂ ਇਲਾਵਾ ਉਹ ਪੁਲਾੜ ਵਿਚ ਮੈਰਾਥਨ ਦੌੜਨ ਵਾਲੀ ਪਹਿਲੀ ਵਿਅਕਤੀ ਵੀ ਬਣ ਗਈ।

ਨਾਸਾ ਦੇ ਪ੍ਰਸ਼ਾਸਕ ਜੈਰੇਡ ਇਸਾਕਮੈਨ ਨੇ ਕਿਹਾ ਕਿ ਸੁਨੀਤਾ ਵਿਲੀਅਮਸ ਮਨੁੱਖੀ ਪੁਲਾੜ ਉਡਾਣ ਵਿਚ ਮੋਹਰੀ ਸੀ ਅਤੇ ਪੁਲਾੜ ਸਟੇਸ਼ਨ ’ਤੇ ਆਪਣੀ ਅਗਵਾਈ ਰਾਹੀਂ ਭਵਿੱਖ ਦੇ ਮਿਸ਼ਨਾਂ ਦੀ ਨੀਂਹ ਰੱਖੀ। ਉਨ੍ਹਾਂ ਦੇ ਯੋਗਦਾਨ ਨੇ ਚੰਦਰਮਾ ਲਈ ਆਰਟੇਮਿਸ ਮਿਸ਼ਨਾਂ ਅਤੇ ਮੰਗਲ ਗ੍ਰਹਿ ਲਈ ਭਵਿੱਖ ਦੇ ਮਿਸ਼ਨਾਂ ਲਈ ਰਾਹ ਪੱਧਰਾ ਕੀਤਾ ਹੈ।

ਸੁਨੀਤਾ ਵਿਲੀਅਮਸ ਨੇ ਪਹਿਲੀ ਵਾਰ ਦਸੰਬਰ 2006 ਵਿਚ ਸਪੇਸ ਸ਼ਟਲ ਡਿਸਕਵਰੀ ’ਤੇ ਉਡਾਣ ਭਰੀ ਸੀ। ਇਸ ਤੋਂ ਬਾਅਦ 2012 ਵਿਚ ਉਸਨੇ ਕਜ਼ਾਕਿਸਤਾਨ ਦੇ ਬੈਕੋਨੂਰ ਕੋਸਮੋਡ੍ਰੋਮ ਤੋਂ ਪੁਲਾੜ ਦੀ ਯਾਤਰਾ ਕੀਤੀ ਅਤੇ ਪੁਲਾੜ ਸਟੇਸ਼ਨ ਦੀ ਕਮਾਂਡਰ ਵਜੋਂ ਸੇਵਾ ਨਿਭਾਈ। ਹਾਲ ਹੀ ਵਿਚ ਉਹ ਜੂਨ 2024 ਵਿਚ ਬੋਇੰਗ ਸਟਾਰਲਾਈਨਰ ਮਿਸ਼ਨ ’ਤੇ ਪੁਲਾੜ ਗਈ ਅਤੇ ਮਾਰਚ 2025 ਵਿਚ ਧਰਤੀ ’ਤੇ ਵਾਪਸ ਆਈ। ਸੁਨੀਤਾ ਦਾ ਕਰੀਅਰ ਪੀੜ੍ਹੀਆਂ ਨੂੰ ਪ੍ਰੇਰਿਤ ਕਰੇਗਾ। ਨਾਸਾ ਦੇ ਜੌਹਨਸਨ ਸਪੇਸ ਸੈਂਟਰ ਦੀ ਡਾਇਰੈਕਟਰ ਵੈਨੇਸਾ ਵਿਚ ਨੇ ਕਿਹਾ ਕਿ ਸੁਨੀਤਾ ਦਾ ਕਰੀਅਰ ਲੀਡਰਸ਼ਿਪ, ਸਮਰਪਣ ਅਤੇ ਹਿੰਮਤ ਨੂੰ ਦਰਸਾਉਂਦਾ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਪੁਲਾੜ ਯਾਤਰੀਆਂ ਨੂੰ ਪ੍ਰੇਰਿਤ ਕਰਦਾ ਰਹੇਗਾ। ਸੇਵਾਮੁਕਤੀ ਤੋਂ ਬਾਅਦ ਸੁਨੀਤਾ ਵਿਲੀਅਮਸ ਨੇ ਕਿਹਾ ਕਿ ਪੁਲਾੜ ਉਸਦੀ ਮਨਪਸੰਦ ਜਗ੍ਹਾ ਰਹੀ ਹੈ ਅਤੇ ਨਾਸਾ ਵਿਚ ਉਸਦਾ ਸਮਾਂ ਉਸਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਨਮਾਨ ਰਿਹਾ ਹੈ। ਉਸਨੇ ਉਮੀਦ ਪ੍ਰਗਟ ਕੀਤੀ ਕਿ ਉਸਦਾ ਕੰਮ ਚੰਦਰਮਾ ਅਤੇ ਮੰਗਲ ਗ੍ਰਹਿ ਦੇ ਮਿਸ਼ਨਾਂ ਲਈ ਰਾਹ ਪੱਧਰਾ ਕਰੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ ’ਤੇ ਕਲਿੱਕ ਕਰੋ :
www.punjabmailusa.com





ਜਗਰੂਪ ਸਿੰਘ ਜਰਖੜ
ਖੇਡ ਪ੍ਰਮੋਟਰ, ਖੇਡ ਲੇਖਕ
98143-00722
ਪੰਜਾਬ ਮੇਲ USA


# ਜਰਖੜ ਖੇਡਾਂ ਦੇ 40 ਵਰ੍ਹੇ; ਅੱਜ ਵੀ ਪੰਜਾਬ ਦੇ ਪੇਂਡੂ ਖੇਡ ਸੱਭਿਆਚਾਰ ਨੂੰ ਸੰਭਾਲੀ ਬੈਠੀਆਂ ਹਨ ਜਰਖੜ ਖੇਡਾਂ

## ਜਰਖੜ ਖੇਡਾਂ ਹੋਣਗੀਆਂ 13-14 ਅਤੇ 15 ਫਰਵਰੀ 2026 ਨੂੰ

**ਜਰਖੜ ਖੇਡਾਂ 'ਤੇ ਵਿਸ਼ੇਸ਼ ਰਿਪੋਰਟ**

ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਚੁੱਕੀਆਂ ਜਰਖੜ ਖੇਡਾਂ ਆਪਣੇ 40 ਵਰ੍ਹੇ ਪੂਰੇ ਕਰ ਚੁੱਕੀਆਂ ਹਨ। ਇਸ ਵਰੇ 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਇਸ ਵਰ੍ਹੇ 13-14-15 ਫਰਵਰੀ 2026 ਨੂੰ 6 ਕਰੋੜ ਦੀ ਲਾਗਤ ਨਾਲ ਮਾਤਾ ਸਾਹਿਬ ਕੌਰ ਸਪੋਰਟਸ ਕੰਪਲੈਕਸ ਜਰਖੜ ਵਿਚ ਹੋ ਰਹੀਆਂ ਹਨ।

ਖੇਡਾਂ ਪ੍ਰਤੀ ਸੁਹਿਰਦ ਲੋਕਾਂ, ਸਪਾਂਸਰ ਅਤੇ ਪ੍ਰਵਾਸੀ ਖੇਡ ਪ੍ਰਮੋਟਰਾਂ ਨੂੰ ਇਹ ਲੇਖ ਲਿਖਣ ਤੋਂ ਪਹਿਲਾ ਇੱਕ ਬੇਨਤੀ ਕਰਾਂਗਾ ਕਿ ਜੇਕਰ ਉਹ ਵਾਕਿਆ ਹੀ ਪੰਜਾਬ ਦੀਆਂ ਖੇਡਾਂ ਪ੍ਰਤੀ ਚਿੰਤਤ ਹਨ, ਤਾਂ ਜਰਖੜ ਖੇਡ ਸਟੇਡੀਅਮ ਦਾ ਇੱਕ ਵਾਰ ਗੇੜਾ ਜ਼ਰੂਰ ਮਾਰ ਕੇ ਆਉਣ। ਪਿੰਡ ਜਰਖੜ ਲੁਧਿਆਣਾ ਤੋਂ 12 ਕਿਲੋਮੀਟਰ ਦੂਰ ਮਲੇਰਕੋਟਲਾ ਰੋਡ ਨੇੜੇ ਆਲਮਗੀਰ ਸਾਹਿਬ ਨੇੜੇ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਸਥਿਤ ਹੈ। 2000 ਕੁ ਹਜ਼ਾਰ ਦੀ ਅਬਾਦੀ ਵਾਲੇ ਇਸ ਪਿੰਡ ਨੇ ਖੇਡਾਂ ਦੇ ਖੇਤਰ ਵਿਚ ਆਪਣੀ ਪਹਿਚਾਣ ਪੂਰੀ ਦੁਨੀਆਂ ਵਿਚ ਬਣਾ ਲਈ ਹੈ। ਖੇਡਾਂ ਤੋਂ ਇਲਾਵਾ ਵਿਰਾਸਤ ਨਾਲ ਸੰਬੰਧਿਤ ਇੱਕ ਅਜੂਬਾ "ਜੰਨਤ ਏ ਜਰਖੜ" ਦਾ ਨਜ਼ਾਰਾ ਵੀ ਵੇਖਣ ਵਾਲਾ ਹੈ।




ਗੱਲ ਕਰੀਏ ਜਰਖੜ ਖੇਡਾਂ ਦੀ ਕਿ 1986 'ਚ 1200 ਰੁਪਏ ਦੇ ਬਜਟ ਨਾਲ ਅਤੇ ਨਿੱਕੇ ਜਿਹੇ ਗਰਾਊਂਡ 'ਚ ਹੋਈ ਖੇਡਾਂ ਦੀ ਸ਼ੁਰੂਆਤ ਨੇ ਅੱਜ ਪੰਜਾਬ ਦਾ ਹੀ ਨਹੀਂ, ਸਗੋਂ ਮੁਲਕ ਦਾ ਇੱਕ ਅਜਿਹਾ ਨਿਵੇਕਲਾ ਸਟੇਡੀਅਮ ਜੋ ਮਾਤਾ ਸਾਹਿਬ ਕੌਰ ਦੇ ਨਾਮ 'ਤੇ ਹੈ, ਆਪਣੀ ਨਵੀਂ ਬਣਤਰ ਨਾਲ ਪੰਜਾਬ ਦੇ ਪੇਂਡੂ ਖੇਡ ਮੇਲਿਆਂ ਦਾ ਇੱਕ ਅਜੂਬਾ ਬਣ ਗਿਆ ਹੈ।



ਜਰਖੜ ਖੇਡਾਂ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਇਨ੍ਹਾਂ ਖੇਡਾਂ 'ਚ ਉਲੰਪਿਕ ਪੱਧਰ ਅਤੇ ਸਕੂਲੀ ਖੇਡਾਂ ਨੂੰ ਹੀ ਉਤਸ਼ਾਹਿਤ ਕੀਤਾ ਜਾਂਦਾ ਹੈ। ਸਟੇਡੀਅਮ ਵਿਚ ਇੱਕੋਂ ਸਮੇਂ ਬੈਠਿਆਂ 8 ਖੇਡਾਂ ਦਾ ਆਨੰਦ ਮਾਣਿਆ ਜਾ ਸਕਦਾ ਹੈ। ਪਿੰਡ ਜਰਖੜ ਦਾ ਸਟੇਡੀਅਮ ਇੱਕ ਅਜਿਹਾ ਸਟੇਡੀਅਮ ਹੈ, ਜਿੱਥੇ ਪੂਰਾ ਸਾਲ ਖੇਡ ਗਤੀਵਿਧੀਆਂ ਹੁੰਦੀਆਂ ਹਨ ਅਤੇ ਸਾਲ ਵਿਚ ਕਈ ਵਿਭਾਗੀ ਟੂਰਨਾਮੈਂਟਾਂ ਤੋਂ ਇਲਾਵਾ ਚਾਰ-ਪੰਜ ਟੂਰਨਾਮੈਂਟ ਹੁੰਦੇ ਹਨ। ਮਈ ਮਹੀਨੇ ਪੂਰਾ ਇਕ ਮਹੀਨਾ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਲੀਗ ਦੇ ਰੂਪ ਵਿਚ ਹੁੰਦਾ ਹੈ। ਜਰਖੜ ਦੀਆਂ ਸਾਲਾਨਾ ਖੇਡਾਂ ਵਿਚ ਆਮ ਤੌਰ 'ਤੇ ਕਬੱਡੀ, ਹਾਕੀ, ਫੁੱਟਬਾਲ, ਹੈਂਡਬਾਲ, ਬਾਸਕਟਬਾਲ, ਵਾਲੀਬਾਲ, ਸ਼ੂਟਿੰਗ, ਕੁਸ਼ਤੀਆਂ, ਸਾਈਕਲਿੰਗ, ਰੱਸਾਕਸ਼ੀ, ਐਥਲੈਟਿਕਸ ਆਦਿ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਇਸੇ ਕਰਕੇ ਇਨ੍ਹਾਂ ਖੇਡਾਂ ਨੂੰ ਪੰਜਾਬ ਦੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਖੇਡਾਂ ਵਜੋਂ ਪਹਿਚਾਣ ਮਿਲੀ ਹੈ।

ਸਾਲ 2003 ਮਾਰਚ ਤੋਂ ਜਰਖੜ ਸਟੇਡੀਅਮ ਬਣਨਾ ਸ਼ੁਰੂ ਹੋਇਆ। ਅੱਜ ਇਸ ਵਿਚ ਐਸਟਰੋਟਰਫ ਹਾਕੀ ਮੈਦਾਨ, ਗਰਾਸ ਹਾਕੀ ਮੈਦਾਨ, ਦੋ ਵਾਲੀਬਾਲ ਕੋਰਟ, ਹੈਂਡਬਾਲ ਅਤੇ ਬਾਸਕਟਬਾਲ ਕੋਰਟ, ਕਬੱਡੀ ਅਤੇ ਕੁਸ਼ਤੀਆਂ ਦੇ ਵਧੀਆ ਮੈਦਾਨ ਬਣੇ ਹੋਏ ਹਨ। ਤਿੰਨ ਪ੍ਰਮੁੱਖ ਵੱਡੀਆਂ ਸਟੇਜਾਂ, ਸਟੇਡੀਅਮ ਵਿਚ ਤਿੰਨ ਦਰਜਨ ਦੇ ਕਰੀਬ ਕਮਰੇ, ਜਿੰਮ, ਫੋਟੋ ਗੈਲਰੀ, ਆਧੁਨਿਕ ਸਹੂਲਤਾਂ ਵਾਲਾ ਦਫਤਰ, ਸਟੂਡੀਓ ਰੂਮ ਆਦਿ ਬਣੇ ਹੋਏ ਹਨ। ਜਰਖੜ ਸਟੇਡੀਅਮ ਪੰਜਾਬ ਦਾ ਪਹਿਲਾ ਇੱਕੋ ਇੱਕ ਸਟੇਡੀਅਮ ਹੈ, ਜਿੱਥੇ ਫਲੱਡ ਲਾਈਟਾਂ ਦੀ ਸਹੂਲਤ ਵੀ ਉਪਲਬਧ ਹੈ ਤੇ ਇਸ ਤੋਂ ਇਲਾਵਾ ਸਟੇਡੀਅਮ ਵਿਚ ਬਣੀ ਫੋਟੋ ਗੈਲਰੀ ਵਿਚ ਪੁਰਾਣੀਆਂ ਖੇਡਾਂ ਦੀਆਂ ਯਾਦਗਾਰਾਂ ਧਿਆਨ ਚੰਦ ਤੋਂ ਲੈ ਕੇ ਨਾਮੀ ਖਿਡਾਰੀਆਂ ਦੀਆਂ ਤਸਵੀਰਾਂ ਜਰਖੜ ਖੇਡਾਂ ਨਾਲ ਸਬੰਧਤ ਵੱਡੀਆਂ ਤਸਵੀਰਾਂ ਸਟੇਡੀਅਮ ਦੀ ਸ਼ਾਨ ਨੂੰ ਵਧਾ ਰਹੀਆਂ ਹਨ। ਇਸ ਤੋਂ ਇਲਾਵਾ 7 ਉੱਘੀਆਂ ਖੇਡ ਸ਼ਖਸੀਅਤਾਂ ਜਿਨ੍ਹਾਂ ਵਿਚ ਫਲਾਇੰਗ ਸਿੱਖ ਮਿਲਖਾ ਸਿੰਘ, ਹਾਕੀ ਦਾ ਜਾਦੂਗਰ ਧਿਆਨ ਚੰਦ, ਉਲੰਪੀਅਨ ਸੁਰਜੀਤ ਸਿੰਘ ਰੰਧਾਵਾ, ਉਲੰਪੀਅਨ ਪ੍ਰਿਥੀਪਾਲ ਸਿੰਘ, ਪਹਿਲੇ ਸਿੱਖ ਜਿਨ੍ਹਾਂ ਨੇ ਚਾਰ ਉਲੰਪਿਕਾਂ ਖੇਡਣ ਦਾ ਮਾਣ ਹਾਸਲ ਕੀਤਾ, ਉਲੰਪੀਅਨ ਊਧਮ ਸਿੰਘ, ਖੇਡ ਪ੍ਰਮੋਟਰ ਅਮਰਜੀਤ ਸਿੰਘ ਗਰੇਵਾਲ ਗੁੱਜਰਵਾਲ, ਕਬੱਡੀ ਖਿਡਾਰੀ ਸਵ: ਮਾਣਕ ਜੋਧਾ ਦੇ ਆਦਮਕੱਦ ਬੁੱਤ ਸਥਾਪਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਸੈਵਨ-ਏ ਸਾਈਡ ਨੀਲੇ ਰੰਗ ਦੀ ਐਸਟਰੋਟਰਫ ਜੋ ਆਪਣੇ ਹੀਲੇ ਵਸੀਲੇ ਨਾਲ ਲਗਵਾਈ ਹੈ, ਸਟੇਡੀਅਮ ਦੀ ਸ਼ੋਭਾ ਨੂੰ ਵਧਾ ਰਹੀ ਹੈ।



ਸਾਲ 2006 ਵਿਚ ਅਪ੍ਰੈਲ ਦੇ ਵਿਚ ਜਰਖੜ ਵਿਖੇ ਹਾਕੀ ਅਕੈਡਮੀ ਦੀ ਸਥਾਪਨਾ ਹੋਈ। ਜਰਖੜ ਅਕੈਡਮੀ ਕਈ ਵਾਰ ਸਟੇਟ ਪੱਧਰ 'ਤੇ ਚੈਂਪੀਅਨ ਬਣੀ। ਜਰਖੜ ਅਕੈਡਮੀ 'ਚ ਇਸ ਵੇਲੇ 80 ਦੇ ਕਰੀਬ ਖਿਡਾਰੀ ਹਾਕੀ ਦੀ ਟ੍ਰੇਨਿੰਗ ਲੈ ਰਹੇ ਹਨ। ਸਾਰੇ ਹੀ ਖਿਡਾਰੀ ਗਰੀਬ ਘਰਾਂ ਨਾਲ ਸਬੰਧਤ ਹਨ। ਪਿਛਲੇ 1 ਦਹਾਕੇ 'ਚ 300 ਦੇ ਕਰੀਬ ਸਕੂਲ ਨੈਸ਼ਨਲ ਤੇ 80 ਤੋਂ ਵੱਧ ਕੌਮੀ ਪੱਧਰ, ਅੰਤਰ ਯੂਨਿਵਰਸਿਟੀ ਪੱਧਰ ਦੇ ਮੁਕਾਬਲੇ ਖੇਡ ਚੁੱਕੇ ਹਨ। ਹੁਣ ਤੱਕ ਵੱਖ-ਵੱਖ ਵਿਭਾਗਾਂ 'ਚ 50 ਦੇ ਕਰੀਬ ਖਿਡਾਰੀਆਂ ਨੂੰ ਸਰਕਾਰੀ ਵਿਭਾਗਾਂ ਵਿਚ ਨੌਕਰੀ ਮਿਲ ਚੁੱਕੀ ਹੈ। ਉੱਤਰ ਭਾਰਤ ਦੇ ਸਾਰੇ ਪ੍ਰਮੁੱਖ ਟੂਰਨਾਮੈਂਟਾਂ 'ਚ ਜਰਖੜ ਅਕਾਦਮੀ ਦੇ ਖਿਡਾਰੀ ਆਪਣੀ ਪਹਿਚਾਣ ਨੂੰ ਦਰਸਾ ਰਹੇ ਹਨ।





ਜਰਖੜ ਖੇਡਾਂ, ਸਟੇਡੀਅਮ ਤੇ ਅਕਾਦਮੀ ਨੂੰ ਇਸ ਮੁਕਾਮ 'ਤੇ ਪਹੁੰਚਦਿਆਂ ਬਹੁਤ ਵੱਡੀਆਂ ਆਫਤਾਂ ਵੀ ਆਈਆਂ ਤੇ ਹਰ ਰੋਜ਼ ਕੋਈ ਨਵੀਂ ਤੋਂ ਨਵੀਂ ਸਮੱਸਿਆ ਆਉਂਦੀ ਹੈ ਪਰ ਪ੍ਰਮਾਤਮਾ ਦੀ ਮਿਹਰ ਸਦਕਾ ਅੱਜ ਜਰਖੜ ਖੇਡਾਂ ਬੁਲੰਦੀਆਂ ਵੱਲ ਵਧ ਰਹੀਆਂ ਹਨ। ਪੰਜਾਬ ਦੇ ਨਾਮੀ ਗਾਇਕ ਹਰਭਜਨ ਮਾਨ, ਜੈਜੀ ਬੀ, ਦਿਲਜੀਤ ਦੋਸਾਂਝ, ਮਨਮੋਹਣ ਵਾਰਿਸ, ਦੇਬੀ ਮਖਸੂਸਪੁਰੀ, ਹਰਜੀਤ ਹਰਮਨ, ਕੰਵਰ ਗਰੇਵਾਲ ਅਤੇ ਹੋਰ ਨਾਮੀ ਕਲਾਕਾਰਾਂ ਨੇ ਜਰਖੜ ਸਟੇਡੀਅਮ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਖੇਡ ਮੇਲਿਆਂ ਦੌਰਾਨ ਮੁਫਤ ਅਖਾੜੇ ਵੀ ਲਗਾਏ। ਇਨ੍ਹਾਂ ਸਾਰਿਆਂ ਦੇ ਯੋਗਦਾਨ ਸਦਕਾ ਜਰਖੜ ਖੇਡ ਅਕਾਦਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਆਪਣੀ ਦਿਨ-ਰਾਤ ਦੀ ਮਿਹਨਤ ਨਾਲ ਸਟੇਡੀਅਮ ਨੂੰ ਪੂਰੇ ਵਿਸ਼ਵ 'ਚ ਰੁਸ਼ਨਾਉਣ ਦਾ ਜ਼ੋਰ ਲਗਾ ਰਹੇ ਹਨ, ਜਿਸਦੀ ਮਿਸਾਲ ਜਰਖੜ ਪਿੰਡ ਦੇ ਸਟੇਡੀਅਮ 'ਚ ਪਹੁੰਚਦਿਆਂ ਹੀ ਪਤਾ ਚਲਦਾ ਹੈ।

ਇਸ ਵਰ੍ਹੇ ਦੀਆਂ ਜਰਖੜ ਖੇਡਾਂ ਜੋ 13-14-15 ਫਰਵਰੀ 2026 ਨੂੰ ਹੋ ਰਹੀਆਂ ਹਨ। ਕਬੱਡੀ ਓਪਨ ਦਾ ਕੱਪ ਪੁਰਾਣੇ ਕਬੱਡੀ ਖਿਡਾਰੀ ਅਤੇ ਖੇਡਾਂ ਨੂੰ ਸਮਰਪਿਤ ਉੱਘੀ ਸ਼ਖਸੀਅਤ ਸਵਰਗੀ ਨਾਇਬ ਸਿੰਘ ਗਰੇਵਾਲ ਯੋਧਾਂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਹਾਕੀ ਦਾ ਗੋਲਡ ਕੱਪ ਮਹਿੰਦਰ ਪ੍ਰਤਾਪ ਸਿੰਘ ਗਰੇਵਾਲ ਦੇ ਨਾਮ 'ਤੇ ਹੋਵੇਗਾ। ਵਾਲੀਬਾਲ ਦਾ ਕੱਪ ਅਮਰਜੀਤ ਸਿੰਘ ਗਰੇਵਾਲ ਗੁਜਰਵਾਲ ਦੇ ਨਾਮ 'ਤੇ ਹੋਵੇਗਾ। ਇਸਦੇ ਨਾਲ ਹੀ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਕਬੱਡੀ ਪ੍ਰਮੋਟਰ ਮੋਹਣਾ ਜੋਧਾਂ ਸਿਆਟਲ, ਦਲਜੀਤ ਸਿੰਘ ਜਰਖੜ ਕੈਨੇਡਾ, ਜਗਦੀਪ ਸਿੰਘ ਕਾਹਲੋਂ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸਾਬੀ ਕੂਨਰ ਕੈਨੇਡਾ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਦੁਪਿੰਦਰ ਸਿੰਘ ਡਿੰਪੀ, ਪ੍ਰੋ. ਰਜਿੰਦਰ ਸਿੰਘ, ਹਰਦੇਵ ਸਿੰਘ ਦੂਲੇਅ ਆਦਿ ਹੋਰ ਨੇੜਲੇ ਸਾਥੀ ਅਤੇ ਪੂਰੀ ਟੀਮ ਵੱਲੋਂ ਖੇਡਾਂ ਦੀ ਕਾਮਯਾਬੀ ਲਈ ਤਨ, ਮਨ, ਧਨ ਨਾਲ ਆਪਣਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਇਸ ਵਾਰ ਇਨ੍ਹਾਂ ਖੇਡਾਂ ਵਿਚ ਹਾਕੀ (ਮਰਦ ਤੇ ਇਸਤਰੀਆਂ), ਹਾਕੀ ਅੰਡਰ 15 ਸਾਲ ਮੁੰਡੇ, ਕੁਸ਼ਤੀਆਂ, ਰੱਸਾਕਸੀ ਸਕੂਲੀ ਪੱਧਰ, ਵਾਲੀਬਾਲ, ਫੁੱਟਬਾਲ ਖੇਡਾਂ ਦੇ ਮੁਕਾਬਲੇ ਹੋਣਗੇ। ਖੇਡਾਂ ਦੇ ਫਾਈਨਲ ਸਮਾਰੋਹ 'ਤੇ ਸਿੱਖਿਆ ਤੇ ਖੇਡਾਂ ਦੇ ਖੇਤਰ ਵਿਚ ਸੇਵਾ ਕਰਨ ਵਾਲੀਆਂ 5 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ, ਜਿਨਾਂ ਨੂੰ ਵੱਖ-ਵੱਖ ਖੇਡ ਐਵਾਰਡਾਂ ਦੇ ਨਾਲ ਸਨਮਾਨਿਤ ਕੀਤਾ ਜਾਵੇਗਾ।

ਜੰਗ ਸਿੰਘ ਮਰਸੱਡ
ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA



# ਆਮ ਆਦਮੀ ਪਾਰਟੀ ਦੇ ਸੁਪਰੀਮੋ ਸ਼੍ਰੀ ਕੇਜਰੀਵਾਲ ਆਪਣੀਆਂ ਗਲਤ ਨੀਤੀਆਂ ਨਾਲ ਪੰਜਾਬ ਦੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਨੂੰ ਢਾਹ ਨਹੀਂ ਲਗਾ ਰਹੇ!!

## 2027 ਦੀਆ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਇਕੋ ਇਕ ਬਚੀ ਸਰਕਾਰ ਦਾ ਵੀ ਭੋਗ ਪੈ ਸਕਦਾ



*ਹਾਲ ਹੀ ਫਰਵਰੀ 2025 ਵਿਚ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਇਸ ਪਾਰਟੀ ਨੂੰ ਭਾਰੀ ਨਮੋਸ਼ੀ ਦਾ ਮੂੰਹ ਵੇਖਣਾ ਪਿਆ, ਜਦੋਂ ਇਹ ਪਾਰਟੀ ਸਿਰਫ 70 ਵਿਚੋਂ 22 ਸੀਟਾਂ ਹੀ ਜਿੱਤ ਸਕੀ। ਇਸ ਪਾਰਟੀ ਦੇ ਰਾਜ ਭਾਗ ਦਾ ਦਿੱਲੀ ਵਿਚੋਂ ਭੋਗ ਪੈ ਗਿਆ। ਇਸ ਵੇਲੇ ਇਸ ਪਾਰਟੀ ਦੀ ਇਕੋ ਇਕ ਸਰਕਾਰ ਪੰਜਾਬ ਵਿਚ ਰਹਿ ਗਈ ਹੈ। ਜੇਕਰ ਇਸ ਦੇ ਕਾਰਨਾਂ 'ਤੇ ਪੜਚੋਲਵੀਂ ਨਜ਼ਰ ਮਾਰੀਏ, ਤਾਂ ਸਪੱਸ਼ਟ ਝਲਕ ਪੈ ਜਾਂਦੀ ਹੈ ਕਿ ਸ਼੍ਰੀ ਕੇਜਰੀਵਾਲ ਵੀ ਹੋਰ ਪਾਰਟੀਆਂ ਦੀ ਤਰ੍ਹਾਂ ਆਮ ਆਦਮੀ ਪਾਰਟੀ ਨੂੰ ਵੀ 'ਇਕ ਮੈਨ ਸ਼ੋਅ' ਵਾਲੀ ਪਾਰਟੀ ਬਣਾਉਣਾ ਚਾਹੁੰਦਾ ਸੀ।*

ਆਮ ਆਦਮੀ ਪਾਰਟੀ ਦੀ ਹੋਂਦ 26 ਨਵੰਬਰ 2012 ਵਿਚ ਦਿੱਲੀ ਵਿਚ ਰੱਖੀ ਗਈ ਸੀ। ਇਸ ਪਾਰਟੀ ਨੂੰ ਬਣਾਉਣ ਦਾ ਉਦੇਸ਼ ਦੇਸ਼ ਵਿਚ 'ਸਵਰਾਜ' ਦੀ ਸਥਾਪਨਾ ਕਰਨਾ ਸੀ, ਜੋ ਕੱਟੜ ਈਮਾਨਦਾਰ ਦੇ ਨਾਲ ਕੱਟੜ ਦੇਸ਼ ਭਗਤ ਪਾਰਟੀ ਹੋਵੇਗੀ। ਇਸ ਪਾਰਟੀ ਵਿਚ ਦੇਸ਼ ਦੇ ਚਿੰਤਕ ਸ਼੍ਰੀ ਅੰਨਾ ਹਜਾਰੇ, ਸ਼੍ਰੀ ਕੇਜਰੀਵਾਲ, ਉੱਘੇ ਸੁਪਰੀਮ ਕੋਰਟ ਦੇ ਵਕੀਲ ਪ੍ਰਸ਼ਾਤ ਭੂਸਨ, ਰਾਜਨੀਤਿਕ ਵਿਆਖਿਆਕਾਰ ਸ਼੍ਰੀ ਯੋਗਿੰਦਰ ਯਾਦਵ, ਕੁਮਾਰ ਯਾਦਵ ਆਦਿ ਕਈ ਹੋਰ ਸ਼ਹਿਰੀ ਤੇ ਪੇਂਡੂ ਸਿਆਸਤਦਾਨਾਂ, ਸਮਾਜ ਸੇਵੀਆਂ ਨੇ ਸ਼ਮੂਲੀਅਤ ਕੀਤੀ ਸੀ। ਪਾਰਟੀ ਦੀ ਹੋਂਦ ਵਿਚ ਆਉਣ ਤੋਂ ਬਾਅਦ ਇਸ ਪਾਰਟੀ ਨੇ ਲੋਕ ਸਭਾ ਦੀ ਚੋਣ ਲੜੀ, ਜਿਸ ਵਿਚ ਖੁਦ ਪਾਰਟੀ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਨੇ ਵੀ ਚੋਣ ਲੜੀ ਸੀ। ਪਰ ਸਾਰੇ ਭਾਰਤ ਵਿਚ ਇੱਕੋ-ਇਕ ਪੰਜਾਬ ਹੀ ਨਿਵੇਕਲਾ ਸੂਬਾ ਸੀ, ਜਿਸ ਨੇ 13 ਵਿਚੋਂ 4 ਸੀਟਾਂ ਜਿੱਤ ਕੇ ਇਸ ਆਮ ਆਦਮੀ ਪਾਰਟੀ ਦੀ ਝੋਲੀ ਵਿਚ ਪਾਈਆਂ ਸਨ, ਜਦੋਂਕਿ ਸਾਰੇ ਭਾਰਤ ਵਿਚ ਇਕ ਵੀ ਸੀਟ ਆਮ ਆਦਮੀ ਪਾਰਟੀ ਨੂੰ ਨਹੀਂ ਸੀ ਮਿਲੀ, ਇਥੋਂ ਤੱਕ ਪਾਰਟੀ ਦੇ ਸੁਪਰੀਮੋ ਸ਼੍ਰੀ ਕੇਜਰੀਵਾਲ ਖੁਦ ਆਪ ਵੀ ਲੋਕ ਸਭਾ ਦੀ ਚੋਣ ਹਾਰ ਗਏ ਸਨ। ਆਮ ਆਦਮੀ ਪਾਰਟੀ ਨੇ ਸ਼੍ਰੀ ਕੇਜਰੀਵਾਲ ਦੀ ਅਗਵਾਈ ਵਿਚ ਦਸੰਬਰ 2013 ਵਿਚ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਲੜੀਆਂ, ਜਿਸ ਵਿਚ ਇਸ ਪਾਰਟੀ ਨੇ 70 ਵਿਚੋਂ 28 ਸੀਟਾਂ ਹਾਸਲ ਕੀਤੀਆਂ ਸਨ। ਕਾਂਗਰਸ ਪਾਰਟੀ ਨੂੰ ਪਾਣੀ ਪੀ-ਪੀ ਕੇ ਕੋਸਣ ਵਾਲੀ ਇਸ ਪਾਰਟੀ ਨੇ ਉਸੇ ਕਾਂਗਰਸ ਪਾਰਟੀ ਨਾਲ ਸਮਝੌਤਾ ਕਰਕੇ ਸਾਂਝੀ ਸਰਕਾਰ ਬਣਾਈ ਸੀ, ਜਿਹੜੀ ਸਿਰਫ 49 ਦਿਨ ਤੱਕ ਹੀ ਚੱਲ ਸਕੀ। ਉਪਰੰਤ ਇਸ ਆਮ ਆਦਮੀ ਪਾਰਟੀ ਨੇ ਲਗਾਤਾਰ ਦੋ ਵਾਰ 2015 ਤੇ ਫਿਰ 2020 ਵਿਚ ਸਰਕਾਰ ਬਣਾਈ ਸੀ, ਜਿਸ ਦੇ ਮੁੱਖ ਮੰਤਰੀ ਸ਼੍ਰੀ ਅਰਵਿੰਦ ਕੇਜਰੀਵਾਲ ਹੀ ਰਹੇ ਸਨ। ਹਾਲ ਹੀ ਫਰਵਰੀ 2025 ਵਿਚ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਇਸ ਪਾਰਟੀ ਨੂੰ ਭਾਰੀ ਨਮੋਸ਼ੀ ਦਾ ਮੂੰਹ ਵੇਖਣਾ ਪਿਆ, ਜਦੋਂ ਇਹ ਪਾਰਟੀ ਸਿਰਫ 70 ਵਿਚੋਂ 22 ਸੀਟਾਂ ਹੀ ਜਿੱਤ ਸਕੀ। ਇਸ ਪਾਰਟੀ ਦੇ ਰਾਜ ਭਾਗ ਦਾ ਦਿੱਲੀ ਵਿਚੋਂ ਭੋਗ ਪੈ ਗਿਆ। ਇਸ ਵੇਲੇ ਇਸ ਪਾਰਟੀ ਦੀ ਇਕੋ ਇਕ ਸਰਕਾਰ ਪੰਜਾਬ ਵਿਚ ਰਹਿ ਗਈ ਹੈ। ਜੇਕਰ ਇਸ ਦੇ ਕਾਰਨਾਂ 'ਤੇ ਪੜਚੋਲਵੀਂ ਨਜ਼ਰ ਮਾਰੀਏ, ਤਾਂ ਸਪੱਸ਼ਟ ਝਲਕ ਪੈ ਜਾਂਦੀ ਹੈ ਕਿ ਸ਼੍ਰੀ ਕੇਜਰੀਵਾਲ ਵੀ ਹੋਰ ਪਾਰਟੀਆਂ ਦੀ ਤਰ੍ਹਾਂ ਆਮ ਆਦਮੀ ਪਾਰਟੀ ਨੂੰ ਵੀ 'ਇਕ ਮੈਨ ਸ਼ੋਅ' ਵਾਲੀ ਪਾਰਟੀ ਬਣਾਉਣਾ ਚਾਹੁੰਦਾ ਸੀ। ਇਸ ਨੀਤੀ ਤਹਿਤ ਇਸ ਨੇ ਕੋਈ ਲੀਡਰ ਪਾਰਟੀ ਵਿਚ ਰਹਿਣ ਹੀ ਨਹੀਂ ਦਿੱਤਾ। ਜਿਸ ਕਿਸੇ ਨੇ ਵੀ ਉਭਰਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਮੱਖਣ 'ਚੋਂ ਵਾਲ ਕੱਢਣ ਵਾਂਗ ਪਾਰਟੀ ਵਿਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ, ਜਿਸ ਵਿਚ ਮੁੱਖ ਤੌਰ 'ਤੇ ਪ੍ਰਸ਼ਾਤ ਭੂਸ਼ਨ ਜਿਸ ਬਾਰੇ ਇਹ ਦੱਸਿਆ ਜਾਂਦਾ ਹੈ ਕਿ ਉਸ ਨੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਇਕ ਕਰੋੜ ਰੁਪਏ ਦਿੱਤੇ ਦੱਸੇ ਜਾਂਦੇ ਹਨ, ਤੋਂ ਬਿਨਾ ਸ਼੍ਰੀ ਯੋਗਿੰਦਰ ਯਾਦਵ, ਸ਼੍ਰੀ ਕੁਮਾਰ ਵਿਸ਼ਵਾਸ਼, ਸ਼੍ਰੀ ਧਰਮਪਾਲ ਗਾਂਧੀ, ਸ. ਕੰਵਰ ਸੰਧੂ, ਸ. ਹਰਿੰਦਰ ਸਿੰਘ, ਸ. ਹਰਵਿੰਦਰ ਸਿੰਘ ਫੂਲਕਾ, ਪੰਜਾਬ ਵਿਚ ਪਾਰਟੀ ਨੂੰ ਖੜ੍ਹਾ ਕਰਨ ਵਾਲੇ ਸ. ਸੁੱਚਾ ਸਿੰਘ ਛੋਟੇਪੁਰ, ਸ. ਜੱਸੀ ਜਸਰਾਜ, ਐਮੀ ਵਿਰਕ ਆਦਿ ਦੀ ਵੱਡੀ ਲਿਸਟ ਹੈ। ਇਥੇ ਹੀ ਬੱਸ ਨਹੀਂ, ਬਲਕਿ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਹੇ ਜਿਨ੍ਹਾਂ ਨੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਸੀ, ਬਿਨਾਂ ਕਿਸੇ ਦੋਸ਼ ਤੋਂ ਸ. ਸੁਖਪਾਲ ਸਿੰਘ ਖਹਿਰਾ ਨੂੰ ਵੀ ਚਲਦਾ ਕਰ ਦਿੱਤਾ ਗਿਆ ਕਿਉਂਕਿ ਪੰਜਾਬ ਵਿਚ ਉਹ ਆਪਣੀ ਮਜ਼ਬੂਤ ਸ਼ਾਖ ਬਣਾ ਰਹੇ ਸਨ। ਸ਼੍ਰੀ ਕੇਜਰੀਵਾਲ ਨੂੰ ਪੰਜਾਬ ਵਿਚ ਸ. ਭਗਵੰਤ ਸਿੰਘ ਮਾਨ ਵਰਗਾ ਅਜਿਹਾ ਆਗੂ ਮਿਲ ਗਿਆ, ਜਿਸ ਦੀ ਉਨ੍ਹਾਂ ਨੂੰ ਲੋੜ ਸੀ, ਜੋ ਕਿ ਅੱਖਾਂ ਮੀਚ ਕੇ ਉਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੱਲ ਸਕੇਗਾ। ਉਸੇ ਨੂੰ ਹੀ ਪੰਜਾਬ ਦੇ ਮੁੱਖ ਮੰਤਰੀ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਪਰ ਪੰਜਾਬ ਦੇ ਲੋਕ ਇਸ ਗੱਲ ਤੋਂ ਅਣਭਿੱਜ ਸਨ ਕਿ ਭਗਵੰਤ ਸਿੰਘ ਮਾਨ ਹੋਵੇਗਾ! ਜਿੰਨਾ ਚਿਰ ਆਮ ਆਦਮੀ ਪਾਰਟੀ ਦੇ ਆਗੂ ਪੰਜਾਬ ਤੋਂ ਬਾਹਰ ਦੇ ਆਗੂ ਉਦਾਹਰਣ ਵਜੋਂ ਕਦੇ ਆਪ ਸ਼੍ਰੀ ਕੇਜਰੀਵਾਲ, ਕਦੇ ਸ਼੍ਰੀ ਸਿਸ਼ੋਦੀਆ ਆਦਿ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਜਾਂਦਾ ਰਿਹਾ। ਪੰਜਾਬੀਆਂ ਨੇ ਆਮ ਆਦਮੀ ਪਾਰਟੀ ਨੂੰ ਕੋਈ ਹੁੰਗਾਰਾ ਨਹੀਂ ਦਿੱਤਾ। ਪਰ ਜਿਉਂ ਹੀ ਸ. ਭਗਵੰਤ ਸਿੰਘ ਮਾਨ ਦਾ ਨਾਂ ਮੁੱਖ ਮੰਤਰੀ ਵਜੋਂ ਪੇਸ਼ ਕੀਤਾ ਗਿਆ, ਉਸ ਦਾ ਅਸਰ ਇਹ ਹੋਇਆ ਕਿ 2022 ਦੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ 117 ਸੀਟਾਂ ਵਿਚੋਂ ਇਸ ਪਾਰਟੀ ਨੇ 92-94 ਸੀਟਾਂ ਜਿੱਤਾ ਕੇ ਉਨ੍ਹਾਂ ਦੀ ਸਰਕਾਰ ਬਣਾ ਦਿੱਤੀ। ਪੰਜਾਬੀਆਂ ਨੇ ਬੜੀ ਜਲਦੀ ਭਾਂਪ ਲਿਆ ਕਿ ਪੰਜਾਬ ਪ੍ਰਤੀ ਉਸ ਦੀ ਭਲਾਈ ਕੀਤੇ ਜਾਣ ਦੀਆਂ ਵੱਡੀਆਂ-ਵੱਡੀਆਂ ਡੀਂਗਾਂ ਮਾਰਨ ਵਾਲਾ ਸ. ਭਗਵੰਤ ਸਿੰਘ ਮਾਨ ਦਿੱਲੀ ਵਾਲਿਆਂ ਦਾ ਗੁਲਾਮ ਬਣ ਜਾਵੇਗਾ। ਇਸ ਦੀ ਪਹਿਲੀ ਮਿਸਾਲ ਉਦੋਂ ਮਿਲੀ, ਜਦੋਂ ਪੰਜਾਬ ਦੇ ਰਾਜ ਸਭਾ ਮੈਂਬਰ ਬਣਾਏ ਗਏ। ਸ਼੍ਰੀ ਕੇਜਰੀਵਾਲ ਨੇ ਆਪਣੇ ਦੁੰਮ ਛੱਲਿਆਂ ਨੂੰ ਇਕ ਅੱਧੇ ਨੂੰ ਛੱਡ ਕੇ ਬਾਕੀ ਸਾਰੇ ਰਾਜ ਸਭਾ ਦੇ ਮੈਂਬਰ ਬਣਾ ਲਏ। ਪਰ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਨੇ ਇਸ ਦਾ ਉਜਰ ਤੱਕ ਨਾ ਕੀਤਾ, ਜਦੋਂਕਿ ਪੰਜਾਬ ਦੇ ਲੋਕਾਂ ਨੇ ਇਸ ਦਾ ਸਖਤ ਵਿਰੋਧ ਕੀਤਾ ਕਿ "ਮਾਨ ਸਾਹਿਬ" ਤੁਹਾਨੂੰ ਪੰਜਾਬ ਦੇ ਲੋਕਾਂ ਨੇ ਮੁੱਖ ਮੰਤਰੀ ਬਣਾਇਆ ਹੈ, ਨਾ ਕਿ ਦਿੱਲੀ ਵਾਲਿਆਂ ਨੇ! ਸ. ਭਗਵੰਤ ਸਿੰਘ ਮਾਨ ਦੀ ਸਾਧੀ ਚੁੱਪੀ ਨੇ ਅੱਜ ਪੰਜਾਬ ਨੂੰ ਬਰਬਾਦੀ ਦੇ ਮੁਹਾਣੇ 'ਤੇ ਪਹੁੰਚਾ ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਸੁਪਰੀਮੋ ਦੀਆਂ ਆਪ ਹੁਦਰੀਆਂ ਤੇ ਗਲਤ ਨੀਤੀਆਂ ਨੂੰ ਵੇਖਦੇ ਹੋਏ ਜਿਸ ਦਿੱਲੀ ਬਾਰੇ ਇਸ ਪਾਰਟੀ ਦੇ ਆਗੂ ਬੜੀਆਂ ਡੀਂਗਾਂ ਮਾਰਦੇ ਸਨ ਕਿ ਉਨ੍ਹਾਂ ਦੀ ਪਾਰਟੀ ਨੇ ਦਿੱਲੀ ਵਾਲਿਆਂ ਦੀ ਕਿਸਮਤ ਬਦਲ ਦਿੱਤੀ ਹੈ, ਉਸੇ ਦਿੱਲੀ ਵਾਲਿਆਂ ਨੇ ਫਰਵਰੀ 2025 ਦੀਆਂ ਚੋਣਾਂ ਵਿਚ ਇਸ ਪਾਰਟੀ ਨੂੰ 22 ਸੀਟਾਂ ਜਿੱਤਾ ਕੇ ਅਤੇ ਵੱਡੀ ਹਾਰ ਦੇ ਕੇ ਉਸ ਦੀ ਔਕਾਤ ਨੂੰ ਦੱਸ ਦਿੱਤਾ ਹੈ। ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਪੰਜਾਬ ਦੇ ਮਸਲਿਆਂ 'ਤੇ ਬਿਲਕੁਲ ਖਾਮੋਸ਼ ਹੈ। ਜਿਹੜੇ ਵੱਡੇ-ਵੱਡੇ ਵਾਅਦੇ ਇਨ੍ਹਾਂ ਨੇ ਚੋਣਾਂ ਵਿਚ ਪੰਜਾਬ ਦੇ ਲੋਕਾਂ ਨਾਲ ਕੀਤੇ ਸਨ ਤੇ ਜਿਹੜੇ ਸਬਜ਼ਬਾਗ ਵਿਖਾਏ ਸਨ, ਸਭ ਚਕਨਾਚੂਰ ਕਰ ਦਿੱਤੇ ਗਏ ਹਨ। ਇਹ ਪਾਰਟੀਆਂ ਹਰ ਪੱਖੋਂ ਰਵਾਇਤੀ ਪਾਰਟੀਆਂ ਨੂੰ ਵੀ ਪਿੱਛੇ ਛੱਡ ਗਈ ਹੈ। ਕਿਹੜੇ ਦੋਸ਼ ਇਸ ਪਾਰਟੀ ਦੇ ਆਗੂਆਂ ਵਿਚ ਨਹੀਂ ਹਨ? ਜਿਹੜੇ ਦੂਜੀਆਂ ਰਵਾਇਤੀ ਪਾਰਟੀਆਂ ਵਿਚ ਸਨ! ਸ਼੍ਰੀ ਕੇਜਰੀਵਾਲ ਵਲੋਂ ਪੰਜਾਬ ਦੇ ਧੰਨ ਦੀ ਬਰਬਾਦੀ ਦੇਸ਼ ਦੇ ਸਾਰੇ ਅਖਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਦੇ ਕੇ, ਵਿਸ਼ਾਲ ਪੱਧਰ ਦੇ ਵਿਕਾਸ ਦੇ ਹੋਰਡਿੰਗ ਬੋਰਡ ਲਗਾ ਕੇ ਕੀਤੀ ਜਾ ਰਹੀ ਹੈ। ਇਥੇ ਹੀ ਬਸ ਨਹੀਂ, ਸ਼੍ਰੀ ਕੇਜਰੀਵਾਲ ਨੇ ਦਿੱਲੀ ਦੇ ਲੋਕਾਂ ਵਲੋਂ ਬੁਰੀ ਤਰ੍ਹਾਂ ਨਕਾਰੇ ਇਸ ਪਾਰਟੀ ਦੇ ਸਾਰੇ ਆਗੂਆਂ ਨੂੰ ਪੰਜਾਬ ਵਿਚ ਵੱਡੇ-ਵੱਡੇ ਅਹੁਦਿਆਂ 'ਤੇ ਨਿਵਾਜਿਆ ਗਿਆ ਹੈ। ਪੰਜਾਬ ਦੇ ਹਰੇਕ ਮੰਤਰੀ, ਚੀਫ ਸਕੱਤਰ, ਸਕੱਤਰਾਂ ਤੇ ਉੱਚ ਅਧਿਕਾਰੀਆਂ ਨਾਲ ਆਪਣਾ ਇੱਕ-ਇੱਕ ਆਗੂ ਭਾਰੀਆਂ ਤਨਖਾਹਾਂ ਦੇ ਕੇ ਆਗੂਆਂ ਨਾਲ ਲਗਾਇਆ ਗਿਆ। ਸ਼੍ਰੀ ਕੇਜਰੀਵਾਲ, ਸ਼੍ਰੀ ਮੁਨੀਸ਼ ਸਿਸੋਦੀਆ ਜਿਨ੍ਹਾਂ ਦਾ ਪੰਜਾਬ ਨਾਲ ਕੋਈ ਵਾਹ-ਵਾਸਤਾ ਨਹੀਂ ਹੈ, ਉਹ ਸਾਰੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੋਂ ਉੱਪਰ ਦੇ ਵੱਡੇ ਲੀਡਰ ਬਣੇ ਹੋਏ ਹਨ, ਜਿਸ ਵਿਚ ਸ. ਭਗਵੰਤ ਸਿੰਘ ਮਾਨ ਜਿਹੜਾ ਕਿ ਸਿਰਫ ਨਾਂ ਦਾ ਮੁੱਖ ਮੰਤਰੀ ਬਣ ਕੇ ਉਨ੍ਹਾਂ ਅੱਗੇ ਬੌਣਾ ਬਣਿਆ ਹੋਇਆ, ਜਿਵੇਂ ਉਸ ਵਿਚੋਂ ਪੰਜਾਬੀਆਂ ਦੀ ਗੈਰਤ ਹੀ ਖਤਮ ਹੋ ਗਈ ਹੋਵੇ! ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਪੰਜਾਬ ਦਾ ਵੱਡਾ ਸਰਮਾਇਆ ਲਗਾ ਕੇ ਸ਼੍ਰੀ ਕੇਜਰੀਵਾਲ ਲਈ ਹੈਲੀਪੈਡ ਬਣਾ ਕੇ ਦਿੱਤਾ ਹੋਇਆ ਹੈ, ਤਾਂ ਕਿ ਹੈਲੀਕਾਪਟਰ ਨੂੰ ਜਿਥੇ ਉਹ ਜਾਣਾ ਚਾਹੁੰਦਾ ਹੈ ਜਾ ਕੇ ਪੰਜਾਬ ਨੂੰ ਖੂਬ ਕਰਜ਼ਾਈ ਕਰ ਸਕੇ। ਕਰਜ਼ਾਈ ਹੋਣਾ ਹੈ ਤਾਂ ਪੰਜਾਬ ਨੇ, ਇਨ੍ਹਾਂ ਦਿੱਲੀ ਵਾਲਿਆਂ ਦਾ ਕੀ ਜਾਣਾ ਹੈ? ਭਗਵੰਤ ਮਾਨ ਜੀ ਤੁਹਾਡੇ ਰਾਜ ਭਾਗ ਵਿਚ ਪੰਜਾਬ ਦਾ ਕੁਝ ਨਹੀਂ ਸਵਾਰਿਆ ਗਿਆ, ਹਾਂ ਦਿੱਲੀ ਵਾਲਿਆਂ ਨੇ ਜ਼ਰੂਰ ਆਪਣਾ ਬੜਾ ਕੁਝ ਸੰਵਾਰ ਲਿਆ ਹੈ। ਪੰਜਾਬ ਦੀਆਂ ਚੋਣਾਂ ਵਿਚ ਸਿਰਫ ਇਕ ਸਾਲ ਦਾ ਸਮਾਂ ਬਚਿਆ ਹੋਇਆ ਹੈ, ਜੇਕਰ ਪੰਜਾਬ ਦੀ ਆਮ ਆਦਮੀ ਪਾਰਟੀ ਨੇ ਸਿਆਣਪ ਤੋਂ ਕੰਮ ਨਾ ਲਿਆ, ਤਾਂ ਦੇਸ਼ ਵਿਚ ਇਸ ਵੇਲੇ ਇਕੋ ਇਕ ਆਮ ਆਦਮੀ ਪਾਰਟੀ ਦੀ ਸਰਕਾਰ ਬਚੀ ਹੈ ਤੇ ਉਹ ਵੀ ਨਹੀਂ ਰਹਿਣੀ। ਹਾਂ ਜੇਕਰ ਸ. ਭਗਵੰਤ ਸਿੰਘ ਮਾਨ ਹਾਲੇ ਵੀ ਦਲੇਰੀ ਕਰਕੇ ਕੇਜਰੀਵਾਲ ਦੀ ਚੁੰਗਲ ਵਿਚੋਂ ਬਾਹਰ ਨਿਕਲ ਆਉਣ ਤੇ ਪੰਜਾਬੀਆਂ ਕੋਲੋਂ ਆਪਣੀ ਗਲਤੀਆਂ ਦਾ ਅਹਿਸਾਸ ਕਰਕੇ ਚੱਲ ਪੈਣ, ਤਾਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਲਾਭਕਾਰੀ ਨਤੀਜੇ ਦਿੱਤੇ ਜਾ ਸਕਦੇ ਹਨ। ਇਸ ਵੇਲੇ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਕੀ ਕਾਂਗਰਸ, ਕੀ ਅਕਾਲੀ ਸਭ ਆਪਸ ਵਿਚ ਖੱਖੜੀਆਂ-ਖੱਖੜੀਆਂ ਹੋਏ ਹੋਏ ਹਨ। ਪੰਜਾਬ ਵਿਚ ਭਾਜਪਾ ਲੱਖ ਯਤਨ ਕਰਨ ਦੇ ਅੱਗੇ ਨਹੀਂ ਆ ਸਕਦੀ। ਸ. ਭਗਵੰਤ ਸਿੰਘ ਮਾਨ ਕੋਲ ਹਾਲੇ ਵੀ ਸੁਨਹਿਰੀ ਮੌਕਾ ਬਚਿਆ ਹੈ। ਜੇਕਰ ਉਸ ਨੇ ਆਪਣੀ ਹੋਂਦ ਨੂੰ ਬਚਾਉਣਾ ਹੈ, ਤਾਂ ਉਸ ਨੂੰ ਸ਼੍ਰੀ ਕੇਜਰੀਵਾਲ ਤੋਂ ਨਮਸਕਾਰ ਕਰਨੀ ਪੈਣੀ ਹੈ, ਉਸ ਕੋਲ ਹੋਰ ਕੋਈ ਰਸਤਾ ਨਹੀਂ ਬਚਿਆ ਹੈ। ਪੰਜਾਬ ਨੂੰ ਪਿਆਰ ਕਰਨ ਵਾਲੇ, ਈਮਾਨਦਾਰ, ਨਿਰਸੁਆਰਥ ਸੇਵਾਮੁਕਤ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਧਿਕਾਰੀਆਂ ਤੋਂ ਬਿਨਾ ਇਸ ਵਿਚ ਦੂਸਰੀਆਂ ਰਾਜਨੀਤਿਕ ਪਾਰਟੀਆਂ ਦੇ ਈਮਾਨਦਾਰ ਤੇ ਸਮਾਜ ਸੇਵੀ ਆਗੂਆਂ ਨੂੰ ਵੀ ਸ਼ਾਮਲ ਕਰਕੇ ਕਿਸੇ ਨਵੀਂ ਪਾਰਟੀ ਦਾ ਗਠਨ ਕਰ ਲਿਆ ਜਾਵੇ। ਇਨ੍ਹਾਂ ਦੇ ਦਿਸ਼ਾ ਨਿਰਦੇਸ਼ਣਾਂ 'ਤੇ ਪੰਜਾਬ ਦੇ ਰਹਿੰਦੇ ਰਾਜ ਕਾਲ ਵਿਚ ਪੰਜਾਬ ਦੇ ਲੋਕਾਂ ਦੇ ਜੋ ਵੱਧ ਤੋਂ ਵੱਧ ਕੰਮ ਕੀਤੇ ਜਾ ਸਕਦੇ ਹਨ, ਉਨ੍ਹਾਂ ਨੂੰ ਕਰਕੇ ਆਪਣਾ ਆਧਾਰ ਬਣਾਉਣ। ਇਸੇ ਸਰਬਉੱਚ ਬਣਾਈ ਕਮੇਟੀ ਦੀ ਅਗਵਾਈ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਲੜਾਈਆਂ ਜਾਣ, ਤਾਂ ਹੀ ਕਿਹਾ ਜਾ ਸਕਦਾ ਹੈ ਕਿ ਇਸ ਦੇ ਜ਼ਰੂਰ ਲਾਭਕਾਰੀ ਨਤੀਜੇ ਨਿਕਲ ਸਕਦੇ ਹਨ। ਆਸ ਹੈ ਕਿ ਸ. ਭਗਵੰਤ ਸਿੰਘ ਮਾਨ ਇਸ 'ਤੇ ਗੌਰ ਨਾਲ ਸੋਚ ਵਿਚਾਰ ਕਰਨਗੇ, ਨਹੀਂ ਤਾਂ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਦੇ ਹਾਲਾਤ ਪੰਜਾਬ ਦੇ ਸ਼੍ਰੀ ਕੇਜਰੀਵਾਲ ਨੇ ਬਣਾ ਦਿੱਤੇ ਹਨ, ਇਸ ਪਾਰਟੀ ਨੂੰ ਪੰਜਾਬ ਵਿਚ ਕੋਈ ਨਹੀਂ ਬਚਾ ਸਕਦਾ।

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



# ਸੁਪਨਿਆਂ ਅਤੇ ਹਕੀਕਤ ਦਰਮਿਆਨ

ਬਹੁਤ ਚੰਗਾ ਲੱਗਦਾ ਹੈ ਉਦੋਂ, ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ ਕਿ 2047 ਤੱਕ ਭਾਰਤ ਵਿਕਸਿਤ ਦੇਸ਼ ਬਣ ਜਾਵੇਗਾ। ਬਹੁਤ ਚੰਗੀ ਲੱਗਦੀ ਹੈ ਇਹ ਗੱਲ, ਇਸ ਲਈ ਕਿ ਹਰ ਭਾਰਤੀ ਨਾਗਰਿਕ ਦਾ ਇਹ ਸੁਪਨਾ ਹੈ, ਪਰ ਦੇਸ਼ ਦੇ ਸਭ ਤੋਂ ਸਾਫ਼-ਸੁਥਰੇ ਸ਼ਹਿਰ ਇੰਦੌਰ ਵਿਚ ਗੰਦੇ ਪਾਣੀ ਨਾਲ਼ ਲੋਕ ਮਰਦੇ ਹਨ, ਤਾਂ ਇਸ ਸੁਪਨੇ 'ਤੇ ਯਕੀਨ ਕਰਨਾ ਮੁਸ਼ਕਿਲ ਹੁੰਦਾ ਹੈ।

24 ਦਸੰਬਰ 2025 ਤੋਂ 6 ਜਨਵਰੀ 2026 ਦੇ ਦਰਮਿਆਨ ਇੰਦੌਰ ਦੇ ਭਾਗੀਰਥਪੁਰ ਵਿਚ ਦੂਸ਼ਿਤ ਪਾਣੀ ਨਾਲ਼ ਘੱਟੋ-ਘੱਟ ਅੱਠ ਲੋਕਾਂ ਦੀ ਮੌਤ ਹੋਈ ਹੈ। ਸੈਂਕੜੇ ਹਸਪਤਾਲਾਂ 'ਚ ਪਹੁੰਚਾਉਣੇ ਪਏ। ਇਹ ਸ਼ਹਿਰ 2024-25 ਵਿਚ 'ਸੁਪਰ ਲੀਗ' ਵਿਚ ਸਭ ਤੋਂ ਸਾਫ਼ ਸ਼ਹਿਰ ਵਿਚੋਂ ਉਭਰਿਆ ਪਰ ਨਵੇਂ ਸਾਲ ਦੇ ਸ਼ੁਰੂ 'ਚ ਇਸ ਸਭ ਤੋਂ ਸਾਫ਼ ਸ਼ਹਿਰ ਦੇ ਤਗਮੇ ਉੱਤੇ ਸਵਾਲ ਖੜ੍ਹੇ ਹੋਣੇ ਸ਼ੁਰੂ ਹੋ ਗਏ ਹਨ।

ਇੰਦੌਰ ਦਾ ਇਹ ਦੁਖਾਂਤ ਜਦੋਂ ਖ਼ਬਰਾਂ 'ਚ ਆਇਆ, ਹਕੀਕਤ ਸਾਹਮਣੇ ਆਈ ਕਿ ਦੇਸ਼ ਵਿਚ ਪਾਣੀ ਪੂਰਤੀ ਪ੍ਰਣਾਲੀ ਕਿੰਨੀ ਨਾਜ਼ੁਕ ਹੈ। ਜਨਵਰੀ 2026 ਵਿਚ ਗੰਦੇ ਪਾਣੀ ਦੇ ਦੂਸ਼ਿਤ ਪਾਈਪਾਂ ਦੇ ਪਾਣੀ ਨੇ 22 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਘੱਟੋ-ਘੱਟ 26 ਸ਼ਹਿਰਾਂ ਵਿਚ ਬਿਮਾਰੀਆਂ ਦਾ ਪ੍ਰਕੋਪ ਫੈਲਾਇਆ। ਇਨ੍ਹਾਂ ਸ਼ਹਿਰਾਂ ਵਿਚ 2500 ਲੋਕ ਬਿਮਾਰ ਹੋਏ ਵਿਖਾਏ ਗਏ, ਜਦਕਿ 34 ਲੋਕਾਂ ਦੀ ਮੌਤ ਹੋ ਗਈ।

ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਹੁੰਦੀਆਂ ਹਨ, ਪਰ ਉਨ੍ਹਾਂ ਦੀ ਚਰਚਾ ਤੱਕ ਨਹੀਂ ਹੁੰਦੀ ਕਿਉਂਕਿ ਇਹੋ ਜਿਹੇ ਹਾਦਸੇ ਦੇਸ਼ ਦੇ ਉਨ੍ਹਾਂ 20 ਫ਼ੀਸਦੀ ਗ਼ਰੀਬ ਲੋਕਾਂ ਨਾਲ਼ ਹੁੰਦੇ ਹਨ, ਜਿਹੜੇ ਗ਼ਰੀਬ ਹਨ, ਜਿਨ੍ਹਾਂ ਦੇ ਜੀਵਨ ਉਤਨੇ ਹੀ ਬੇਹਾਲ ਹਨ, ਜਿਤਨੇ ਅਤਿ-ਗ਼ਰੀਬ ਅਫ਼ਰੀਕੀ ਦੇਸ਼ ਵਿਚ ਰਹਿਣ ਵਾਲੇ ਗ਼ਰੀਬ ਲੋਕਾਂ ਦੇ ਹਨ।

ਇਹ ਸ਼ਰਮਨਾਕ ਸੱਚਾਈ ਹੈ, ਲੇਕਿਨ ਇਸਨੂੰ ਛੁਪਾਉਣ ਨਾਲ਼ ਆਪਣਾ ਦੇਸ਼ ਬਿਹਤਰ ਨਹੀਂ ਹੋਣ ਵਾਲਾ। ਤਬਦੀਲੀ ਤਦ ਆਏਗੀ, ਜਦ ਅਸੀਂ ਆਪਣੇ ਹਾਕਮਾਂ ਨੂੰ ਵਾਰ-ਵਾਰ ਯਾਦ ਦਿਵਾਉਂਦੇ ਰਹਾਂਗੇ ਕਿ ਉਨ੍ਹਾਂ ਦਾ ਧਿਆਨ ਉਨ੍ਹਾਂ ਸ਼ਹਿਰੀ ਬਸਤੀਆਂ ਵੱਲ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਅਤਿ-ਪਛੜੇ ਪਿੰਡਾਂ ਵੱਲ, ਜੋ ਭਾਰਤ ਦੇ ਗ਼ਰੀਬ ਹਨ। ਉਨ੍ਹਾਂ ਲੋਕਾਂ ਵੱਲ ਜੋ ਪੂਰਾ ਜੀਵਨ ਫੁੱਟਪਾਥਾਂ 'ਤੇ ਗੁਜ਼ਾਰ ਦਿੰਦੇ ਹਨ ਜਾਂ ਇਹੋ-ਜਿਹੀਆਂ ਗੰਦੀਆਂ ਬਸਤੀਆਂ ਵਿਚ ਜਿੱਥੇ ਨਾ ਸਾਫ਼ ਪਾਣੀ ਹੁੰਦਾ ਹੈ, ਨਾ ਸਾਫ਼ ਹਵਾ, ਨਾ ਚੰਗੇ ਸਕੂਲ ਅਤੇ ਨਾ ਸਿਹਤ ਸੇਵਾਵਾਂ।

ਅੱਜ ਪ੍ਰਸ਼ਾਸਨਿਕ ਸੁਧਾਰਾਂ ਦੀ ਕੋਸ਼ਿਸ਼ ਸਿਰਫ਼ ਇਹ ਹੋਈ ਹੈ ਕਿ ਪਾਸਪੋਰਟ ਲੈਣਾ ਸੌਖਾ ਹੋ ਗਿਆ ਹੈ। ਬਿਜਲੀ ਦੇ ਬਿੱਲ ਭਰਨੇ ਆਸਾਨ ਹੋ ਗਏ ਹਨ। ਹੋਰ ਛੋਟੀਆਂ-ਮੋਟੀਆਂ ਸੁਵਿਧਾਵਾਂ ਦੇ ਲਈ ਸਾਨੂੰ ਵੱਡੇ ਅਧਿਕਾਰੀਆਂ ਦੇ ਸਾਹਮਣੇ ਭੀਖ ਨਹੀਂ ਮੰਗਣੀ ਪੈਂਦੀ। ਇਨ੍ਹਾਂ ਚੀਜ਼ਾਂ 'ਚ ਫ਼ਰਕ ਇਸ ਕਰਕੇ ਆਇਆ ਕਿ ਤਕਨੀਕਾਂ 'ਚ ਆਧੁਨਿਕਤਾ ਆ ਗਈ ਹੈ। ਲੇਕਿਨ ਜਿੱਥੇ ਵੀ ਆਧੁਨਿਕ ਤਕਨੀਕਾਂ ਨਾਲ਼ ਕੰਮ ਨਹੀਂ ਬਣਦਾ ਹੈ, ਉੱਥੇ ਇੰਦੌਰ ਵਰਗੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ। ਕੀ ਇਹੋ ਜਿਹੀਆਂ ਹਾਲਤਾਂ ਵਿਚ ਭਾਰਤ ਅਗਲੇ 40 ਸਾਲਾਂ ਤੱਕ ਵੀ ਵਿਕਸਿਤ ਦੇਸ਼ ਬਣ ਸਕਦਾ ਹੈ?

2047 ਤੱਕ ਵਿਕਸਿਤ ਹੋਣ ਦਾ ਸੁਪਨਾ, ਹਕੀਕਤਾਂ ਤੋਂ ਬਹੁਤ ਦੂਰ ਹੈ। ਜੇਕਰ ਇਹ ਮਨ ਵੀ ਲਿਆ ਜਾਵੇ ਕਿ ਦੇਸ਼ ਵਿਚ ਅੰਕੜਿਆਂ ਅਨੁਸਾਰ ਗ਼ਰੀਬਾਂ ਦੀ ਗਿਣਤੀ ਘਟੀ ਹੈ ਅਤੇ ਇਹ ਕੁੱਲ ਅਬਾਦੀ ਤਾਂ 20 ਫ਼ੀਸਦੀ ਰਹਿ ਗਈ ਹੈ, ਤਦ ਵੀ ਇਸ ਤੱਥ ਤੋਂ ਅੱਖਾਂ ਕਿਵੇਂ ਮੀਟੀਏ ਕਿ ਕੁੱਲ 144 ਕਰੋੜ ਦੀ ਅਬਾਦੀ ਵਿਚੋਂ 80 ਕਰੋੜ ਲੋਕਾਂ ਨੂੰ ਮੁਫ਼ਤ ਸਰਕਾਰੀ ਅੰਨ ਮੁਹੱਈਆ



> ਅੱਜ ਪ੍ਰਸ਼ਾਸਨਿਕ ਸੁਧਾਰਾਂ ਦੀ ਕੋਸ਼ਿਸ਼ ਸਿਰਫ਼ ਇਹ ਹੋਈ ਹੈ ਕਿ ਪਾਸਪੋਰਟ ਲੈਣਾ ਸੌਖਾ ਹੋ ਗਿਆ ਹੈ। ਬਿਜਲੀ ਦੇ ਬਿੱਲ ਭਰਨੇ ਆਸਾਨ ਹੋ ਗਏ ਹਨ। ਹੋਰ ਛੋਟੀਆਂ-ਮੋਟੀਆਂ ਸੁਵਿਧਾਵਾਂ ਦੇ ਲਈ ਸਾਨੂੰ ਵੱਡੇ ਅਧਿਕਾਰੀਆਂ ਦੇ ਸਾਹਮਣੇ ਭੀਖ ਨਹੀਂ ਮੰਗਣੀ ਪੈਂਦੀ। ਇਨ੍ਹਾਂ ਚੀਜ਼ਾਂ 'ਚ ਫ਼ਰਕ ਇਸ ਕਰਕੇ ਆਇਆ ਕਿ ਤਕਨੀਕਾਂ 'ਚ ਆਧੁਨਿਕਤਾ ਆ ਗਈ ਹੈ। ਲੇਕਿਨ ਜਿੱਥੇ ਵੀ ਆਧੁਨਿਕ ਤਕਨੀਕਾਂ ਨਾਲ਼ ਕੰਮ ਨਹੀਂ ਬਣਦਾ ਹੈ, ਉੱਥੇ ਇੰਦੌਰ ਵਰਗੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ।

ਕਰਨਾ ਕਿਸ ਕਿਸਮ ਦੇ ਅਰਧ ਵਿਕਸਿਤ ਦੇਸ਼ਾਂ ਦੀ ਨਿਸ਼ਾਨੀ ਹੈ? ਹਾਲੇ ਤੱਕ ਵੀ ਦੇਸ਼ ਦੇ ਲੋਕਾਂ ਦੀ ਪ੍ਰਤੀ ਜੀਅ ਆਮਦਨ 2818 ਡਾਲਰ ਹੈ, ਜੋ ਅੰਤਰਰਾਸ਼ਟਰੀ ਪੱਧਰ ਉੱਤੇ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਲਗਭਗ ਸਿਫ਼ਰ ਦੇ ਮੁਕਾਬਲੇ ਹੀ ਤਾਂ ਹੈ।

ਸੰਯੁਕਤ ਰਾਸ਼ਟਰ ਅਮਰੀਕਾ, ਕੈਨੇਡਾ, ਜਪਾਨ, ਆਸਟਰੇਲੀਆ ਅਤੇ ਪੱਛਮੀ ਯੂਰਪ ਦੇਸ਼ ਵਿਕਸਿਤ ਦੇਸ਼ਾਂ ਦੀ ਉਦਾਹਰਨ ਹਨ। ਵਿਕਸਿਤ ਦੇਸ਼ ਇੱਕ ਇਹੋ-ਜਿਹਾ ਰਾਸ਼ਟਰ ਹੈ, ਜਿਸ ਦੀ ਅਰਥ ਵਿਵਸਥਾ ਮਜ਼ਬੂਤ ਹੋਵੇ, ਜਿੱਥੋਂ ਦੇ ਨਾਗਰਿਕਾਂ ਦਾ ਜੀਵਨ ਪੱਧਰ ਉੱਚਾ ਹੋਵੇ, ਉਦਯੋਗਾਂ, ਸਿੱਖਿਆ ਅਤੇ ਸਿਹਤ ਸੇਵਾਵਾਂ ਤੱਕ ਜਿਸ ਦੇਸ਼ ਦੀ ਵਿਆਪਕ ਪਹੁੰਚ ਹੋਵੇ ਅਤੇ ਜੋ ਉਦਯੋਗੀਕਰਨ ਦੇ ਉੱਚੇ ਪੱਧਰ 'ਤੇ ਪਹੁੰਚਿਆ ਹੋਵੇ, ਜਿਸ ਦੇ ਨਾਗਰਿਕਾਂ ਦੀ ਪ੍ਰਤੀ ਜੀਅ ਆਮਦਨ ਉੱਚੀ ਅਤੇ ਜੀ.ਡੀ.ਪੀ. ਉੱਚ ਪੱਧਰ ਦੀ ਹੋਵੇ। ਵਿਸ਼ਵ ਦੇ ਸਭ ਤੋਂ ਵੱਧ ਵਿਕਸਿਤ ਦੇਸ਼ ਫਿਨਲੈਂਡ, ਸਵਿਟਜ਼ਰਲੈਂਡ ਅਤੇ ਨਾਰਵੇ ਹਨ। ਏਸ਼ੀਆ ਵਿਚ ਸਭ ਤੋਂ ਵਿਕਸਿਤ ਦੇਸ਼ ਸਿੰਗਾਪੁਰ ਹੈ।

ਬਿਨਾਂ ਸ਼ੱਕ ਭਾਰਤ ਦੁਨੀਆਂ ਦੀਆਂ ਪੰਜ ਉਪਰਲੀਆਂ ਅਰਥ ਵਿਵਸਥਾਵਾਂ ਵਿਚ ਇੱਕ ਹੈ ਅਤੇ ਇਸ ਦੀ ਜੀ.ਡੀ.ਪੀ. 7 ਪ੍ਰਤੀਸ਼ਤ ਹੈ, ਜੋ ਅਮਰੀਕਾ, ਚੀਨ, ਜਰਮਨੀ ਅਤੇ ਜਪਾਨ ਨਾਲ਼ੋਂ ਕਿਤੇ ਵੱਧ ਹੈ ਪਰ ਇਨ੍ਹਾਂ ਵੱਡੇ ਅਰਥਚਾਰਿਆਂ ਵਿਚੋਂ ਇੱਕ ਹੋਣ ਦੇ ਬਾਵਜੂਦ ਵੀ ਭਾਰਤ ਗ਼ਰੀਬ ਦੇਸ਼ਾਂ ਵਿਚ ਗਿਣਿਆ ਜਾਂਦਾ ਹੈ। ਵਿਸ਼ਵ ਬੈਂਕ ਅਨੁਸਾਰ ਇਹ ਹਾਲੀਂ ਵੀ ਨਿਮਨ ਮੱਧ ਆਮਦਨ ਵਰਗ ਵਿਚ ਸ਼ਾਮਲ ਹੈ ਅਤੇ ਇਸ ਦਾ ਵਿਸ਼ਵ ਪੱਧਰੀ ਪ੍ਰਤੀ ਜੀਅ ਆਮਦਨ 137ਵੇਂ ਸਥਾਨ 'ਤੇ ਹੈ ਅਤੇ ਭਾਰਤ ਆਮਦਨ 'ਚ ਨਾ-ਬਰਾਬਰਤਾ ਲਈ ਜਾਣਿਆ ਜਾਂਦਾ ਦੇਸ਼ ਹੈ। ਅਮੀਰ-ਗ਼ਰੀਬ ਦਾ ਇਹ ਪਾੜਾ ਦੇਸ਼ ਵਿਚ ਲਗਾਤਾਰ ਵੱਧ ਰਿਹਾ ਹੈ, ਜਿਹੜਾ ਅਮੀਰ ਅਰਥਚਾਰੇ ਦੇ ਹੁੰਦਿਆਂ ਸਿਹਤ, ਸਿੱਖਿਆ 'ਚ ਨਾ-ਬਰਾਬਰਤਾ ਦਾ ਵੱਡਾ ਕਾਰਨ ਹੈ।

ਭਾਵੇਂ ਕਿਸੇ ਵੀ ਦੇਸ਼ ਦੇ ਵੱਡੇ ਅਰਥਚਾਰੇ ਹੋਣ ਦਾ ਅਰਥ ਇਹ ਨਹੀਂ ਕਿ ਉਹ ਵਿਕਸਿਤ ਦੇਸ਼ ਹੈ। ਵੇਖਣ ਵਾਲੀ ਗੱਲ ਤਾਂ ਉਸ ਦੇਸ਼ ਵਿਚ ਇਹ ਵੀ ਹੁੰਦੀ ਹੈ ਕਿ ਉਸ ਦੇਸ਼ ਦੇ ਨਾਗਰਿਕਾਂ ਦੀ ਪ੍ਰਤੀ ਜੀਅ ਆਮਦਨ ਕਿੰਨੀ ਹੈ। ਇਹ ਵੀ ਕਿ ਉਸ ਦੇਸ਼ ਵਿਚ ਰਾਜ ਪ੍ਰਬੰਧ ਕਿਹੋ-ਜਿਹਾ ਹੈ ਤੇ ਕੀ ਉਹ ਇੱਕ ਮਜ਼ਬੂਤ ਰਾਜ ਹੈ ਅਤੇ ਵਿਸ਼ਵ ਪੱਧਰੀ ਉਸ ਦੀ ਸ਼ਾਖ਼ ਕਿਹੋ-ਜਿਹੀ ਹੈ। ਅੱਜ ਭਾਵੇਂ ਅਸੀਂ ਅਗਲੇ ਵਰ੍ਹੇ ਜਪਾਨ, ਜਰਮਨ ਨੂੰ ਪਛਾੜ ਕੇ ਵਿਸ਼ਵ ਦਾ ਤੀਜਾ ਅਰਥਚਾਰਾ ਬਣਨ ਵੱਲ ਅੱਗੇ ਵੱਧ ਰਹੇ ਹਾਂ ਪਰ ਸਿਹਤ, ਸਿੱਖਿਆ ਸੁਵਿਧਾਵਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਚ ਦੇਸ਼ ਭਾਰਤ ਅੱਗੇ ਨਹੀਂ ਵੱਧ ਰਿਹਾ। ਕੁਦਰਤੀ ਸਰੋਤਾਂ ਨਾਲ਼ ਖਿਲਵਾੜ ਨਿੱਜੀਕਰਨ ਦੀਆਂ ਨੀਤੀਆਂ ਕਾਰਨ ਦੇਸ਼ ਭਾਰਤ ਲੋਕ ਭਲਾਈ ਹਿੱਤਾਂ ਤੋਂ ਪਾਸਾ ਵੱਟ ਰਿਹਾ ਹੈ। ਸਿਹਤ ਅਤੇ ਸਿੱਖਿਆ ਸੁਵਿਧਾਵਾਂ ਜਿਹੜੀਆਂ ਕਿ ਕਿਸੇ ਵੀ ਰਾਜ ਪ੍ਰਬੰਧ ਦਾ ਮੁੱਢਲਾ ਧੁਰਾ ਹੈ, ਉਸ ਤੋਂ ਦੇਸ਼ ਦੇ ਹਾਕਮਾਂ ਮੁੱਖ ਮੋੜ ਲਿਆ ਹੋਇਆ ਹੈ। ਭਾਵੇਂ ਕਿ ਵੱਖੋ-ਵੱਖਰੀਆਂ ਬੀਮਾ ਯੋਜਨਾਵਾਂ ਰਾਹੀਂ ਨਾਗਰਿਕਾਂ ਨੂੰ ਭਰਮਾ ਕੇ ਉਨ੍ਹਾਂ ਨੂੰ ਸਿਹਤ ਸਹੂਲਤਾਂ ਦੇਣ ਦੀ ਗੱਲ ਕੀਤੀ ਜਾਂਦੀ ਹੈ ਅਤੇ ਨਿਗੁਣੀ ਜਿਹੀ ਪੈਨਸ਼ਨ ਦੇ ਕੇ ਬੁਢਾਪਾ ਸੁਰੱਖਿਅਤ ਕਰਨ ਲਈ ਸਮਾਜਿਕ ਸੁਰੱਖਿਆ ਦੇ ਨਾਂ ਉੱਤੇ ਕੁਝ ਸੈਂਕੜੇ ਰਕਮ ਦੇਣ ਦਾ ਪ੍ਰਾਵਾਧਾਨ ਕੀਤਾ ਜਾਂਦਾ ਹੈ।

ਜਦਕਿ ਦੇਸ਼ 'ਚ ਮਹਿੰਗਾਈ ਬੇਰੁਜ਼ਗਾਰੀ ਨੇ ਆਮ ਲੋਕਾਂ ਦਾ ਜੀਵਨ ਦੁੱਬਰ ਕੀਤਾ ਹੋਇਆ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਸੰਤੁਲਿਤ ਭੋਜਨ ਦੇਣ ਦੇ ਸਮਰੱਥ ਵੀ ਨਹੀਂ। ਗ਼ਰੀਬੀ ਦੀ ਸਥਿਤੀ ਇਹ ਹੈ ਕਿ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵੀ ਮਾਪੇ ਉਨ੍ਹਾਂ ਨੂੰ ਬਾਲ ਮਜ਼ਦੂਰੀ ਵੱਲ ਧੱਕ ਦਿੰਦੇ ਹਨ ਤਾਂ ਕਿ ਪੇਟ ਦੀ ਅੱਗ ਬੁਝਾਈ ਜਾ ਸਕੇ। ਇਸ ਸੰਬੰਧੀ ਅੰਕੜਿਆਂ ਦੀ ਜ਼ੁਬਾਨੀ ਤਸਵੀਰ ਅਤਿਅੰਤ ਭਿਆਨਕ ਨਜ਼ਰ ਆਉਂਦੀ ਹੈ। ਭਾਰਤ 'ਚ 2025 'ਚ 3 ਕਰੋੜ ਤੋਂ ਵੱਧ ਬਾਲ ਮਜ਼ਦੂਰ ਹਨ। ਰਿਪੋਰਟਾਂ ਅਨੁਸਾਰ ਪੰਜ ਸਾਲ ਦੀ ਉਮਰ ਪੂਰੀ ਕਰਨ ਤੋਂ ਪਹਿਲਾਂ ਹੀ 1000 ਪਿੱਛੇ 42 ਬੱਚੇ (2020 ਦਾ ਡਾਟਾ) ਸੰਤੁਲਿਤ ਭੋਜਨ ਸਿਹਤ ਸਹੂਲਤਾਂ ਦੀ ਘਾਟ, ਹਵਾ ਪ੍ਰਦੂਸ਼ਣ ਨਾਲ਼ ਮਰ ਜਾਂਦੇ ਹਨ। ਕਾਰਨ ਸਿੱਧਾ ਤੇ ਸਪੱਸ਼ਟ ਹੈ ਕਿ ਆਮ ਲੋਕਾਂ ਕੋਲ ਸਾਧਨਾਂ ਦੀ ਕਮੀ ਹੈ। ਉਨ੍ਹਾਂ ਕੋਲ ਰੁਜ਼ਗਾਰ ਨਹੀਂ ਹੈ। ਉਨ੍ਹਾਂ ਕੋਲ ਆਮਦਨ ਦੇ ਸਾਧਨ ਨਹੀਂ ਹਨ। ਪਿੰਡਾਂ ਸ਼ਹਿਰਾਂ 'ਚ ਭੈੜਾ ਵਾਤਾਵਰਨ ਪਸਰ ਰਿਹਾ ਹੈ। ਬੁਨਿਆਦੀ ਢਾਂਚੇ ਦੀ ਕਮੀ ਹੈ। ਇੱਥੋਂ ਤੱਕ ਕਿ ਆਮ ਆਦਮੀ ਨੂੰ ਨਾ ਪੂਰੀ ਰੋਟੀ ਮਿਲਦੀ ਹੈ, ਨਾ ਇਨਸਾਫ਼।

ਸੁਚੱਜੇ ਰਾਜ ਪ੍ਰਬੰਧ ਦੀ ਕਮੀ ਅਤੇ ਸਿਆਸੀ ਖਲਾਅ ਦੇ ਚੱਲਦਿਆਂ ਭਾਰਤ ਆਪਣੇ ਨਾਗਰਿਕਾਂ ਨੂੰ ਉਹ ਸੁੱਖ ਸਹੂਲਤਾਂ ਨਹੀਂ ਦੇ ਸਕਿਆ, ਜਿਸ ਦੀ ਤਵੱਕੋ ਆਮ ਲੋਕਾਂ ਨੂੰ ਸੀ। ਰਾਜ ਪ੍ਰਬੰਧ, ਕਾਨੂੰਨ, ਲੋਕਤੰਤਰ, ਬਰਾਬਰੀ, ਇਨਸਾਫ਼ ਵਰਗੇ ਸ਼ਬਦ ਧਰਮ ਦੇ ਲਬਾਦੇ ਹੇਠ ਦਫ਼ਨ ਕਰ ਦਿੱਤੇ ਗਏ ਹਨ। ਜਿਸ ਦੇ ਸਿੱਟੇ ਵਜੋਂ ਬੇਈਮਾਨ ਸਿਆਸਤ ਉੱਭਰੀ ਹੈ। ਹੈਂਕੜਬਾਜ਼ ਸਿਆਸਤਦਾਨਾਂ ਨੇ ਆਮ ਲੋਕਾਂ ਦਾ ਜਿਊਣਾ ਦੁੱਬਰ ਕੀਤਾ ਹੈ। ਦੇਸ਼ ਦੇ ਕੁਦਰਤੀ ਸਾਧਨਾਂ ਦਾ ਘਾਣ ਕਰ ਕੇ, ਸਭ ਕੁਝ ਉਨ੍ਹਾਂ ਲੋਕਾਂ ਦੇ ਹੱਥ ਫੜਾ ਦਿੱਤਾ ਗਿਆ ਹੈ, ਜਿਨ੍ਹਾਂ ਲਈ ਮਨੁੱਖ ਦੇ ਬੁਨਿਆਦੀ ਹੱਕ ਕੋਈ ਅਰਥ ਨਹੀਂ ਰੱਖਦੇ। ਜਿਹੜੇ ਮਨੁੱਖ ਨੂੰ ਇੱਕ ਮਸ਼ੀਨ ਸਮਝਦੇ ਹਨ ਅਤੇ ਜਿਹੜੇ ਆਪਣੇ ਹਿੱਤਾਂ ਲਈ ਸਸਤੇ ਭਾਅ ਦੀ ਕਿਰਤ ਖ਼ਰੀਦ ਕੇ ਵੱਧ ਮੁਨਾਫ਼ਾ ਕਮਾਉਣਾ ਆਪਣਾ ਹੱਕ ਸਮਝਦੇ ਹਨ। ਸਿੱਟਾ- ਸਮਾਜ ਜਿਹੜਾ ਪ੍ਰਫੁੱਲਤ ਹੋਣਾ ਚਾਹੀਦਾ ਸੀ, ਉਹ ਸੁੰਘੜਦਾ ਜਾ ਰਿਹਾ ਹੈ ਅਤੇ ਕੁਝ ਲੋਕਾਂ ਦੇ ਰਹਿਮੋ-ਕਰਮ 'ਤੇ ਹੈ। ਦੇਸ਼ ਦੇ ਹਾਕਮਾਂ ਵੱਲੋਂ ਵਿਕਾਸ ਦੇ ਨਾਂ ਉੱਤੇ ਕੁਦਰਤੀ ਸਾਧਨਾਂ ਸਮੇਤ ਖੇਤੀ ਜ਼ਮੀਨਾਂ 'ਤੇ ਕਬਜ਼ੇ, ਮਨੁੱਖੀ ਸੁੱਖਾਂ ਉੱਤੇ ਡਾਕਾ ਆਮ ਵੇਖਣ ਨੂੰ ਮਿਲ ਰਿਹਾ ਹੈ। ਸਿੱਟੇ ਵਜੋਂ ਦੇਸ਼ ਭਾਰਤ ਦੇ ਲੋਕਾਂ ਦੀ ਪੀੜਾ ਵੱਧ ਰਹੀ ਹੈ। ਸਾਧਨ ਘੱਟ ਰਹੇ ਹਨ। ਇਹੋ ਜਿਹੇ ਹਾਲਾਤਾਂ 'ਚ ਵਿਕਸਿਤ ਦੇਸ਼ ਦਾ ਸੁਪਨਾ ਸ਼ੇਖ਼ਚਿੱਲੀ ਦੇ ਸੁਪਨੇ ਵਾਂਗਰ ਦਿਖਾਈ ਦਿੰਦਾ ਹੈ।

ਕਿਸੇ ਵੀ ਰਾਸ਼ਟਰ ਦੇ ਵਿਕਾਸ ਲਈ ਆਰਥਿਕ ਸਮਾਨਤਾ ਦਾ ਹੋਣਾ ਬੇਹੱਦ ਜ਼ਰੂਰੀ ਹੈ। ਜਦ ਤੱਕ ਨਾਗਰਿਕਾਂ ਨੂੰ ਬੁਨਿਆਦੀ ਸੁਵਿਧਾਵਾਂ ਉਪਲਬਧ ਨਹੀਂ ਹੋਣਗੀਆਂ, ਤਦ ਤੱਕ ਵਿਕਾਸ ਦੇ ਸਾਰੇ ਦਾਅਵੇ ਅਧੂਰੇ ਹੀ ਸਾਬਤ ਹੋਣਗੇ।

ਦੁਨੀਆਂ ਭਰ ਵਿਚ ਆਰਥਿਕ ਅਸਮਾਨਤਾ ਵੱਧ ਰਹੀ ਹੈ। ਇਸ ਨਾਲ਼ ਆਰਥਿਕ ਅਸਥਿਰਤਾ ਵੀ ਵੱਧ ਰਹੀ ਹੈ। ਇਸ ਨਾਲ਼ ਆਮ ਵਿਅਕਤੀ ਦੀ ਸਿੱਖਿਆ, ਸਿਹਤ, ਰੁਜ਼ਗਾਰ ਜਿਹੀਆਂ ਮਨੁੱਖੀ ਜ਼ਰੂਰਤਾਂ ਤੱਕ ਪਹੁੰਚ ਵੀ ਸੀਮਤ ਹੋ ਰਹੀ ਹੈ। ਇਸ ਨਾਲ਼ ਕਮਜ਼ੋਰ ਵਰਗ ਸਭ ਤੋਂ ਵੱਧ ਪ੍ਰਭਾਵਿਤ ਹੋ ਰਿਹਾ ਹੈ।

ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਅਮੀਰ-ਗ਼ਰੀਬ 'ਚ ਪਾੜਾ ਵੱਧ ਕਿਉਂ ਰਿਹਾ ਹੈ? ਭਾਰਤ ਵਰਗੀ ਅੱਗੇ ਵੱਧ ਰਹੀ ਅਰਥ ਵਿਵਸਥਾ ਵਿਚ ਇੱਕ ਰਿਪੋਰਟ ਅਨੁਸਾਰ ਦੇਸ਼ ਦੀ ਕੁੱਲ ਜਾਇਦਾਦ ਦਾ ਕਰੀਬ 40 ਫ਼ੀਸਦੀ ਹਿੱਸਾ ਮਹਿਜ਼ ਇੱਕ ਫ਼ੀਸਦੀ ਲੋਕਾਂ ਕੋਲ ਹੈ। ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਦੇਸ਼ 'ਚ ਆਰਥਿਕ ਅਸੰਤੁਲਨ ਕਿੱਥੇ ਪੁੱਜ ਚੁੱਕਾ ਹੈ। ਇਹ ਅੰਦਾਜ਼ਾ ਲਗਾਉਣਾ ਵੀ ਮੁਸ਼ਕਿਲ ਨਹੀਂ ਕਿ ਜਦ ਕਿਸੇ ਦੇਸ਼ ਦੀ ਜਾਇਦਾਦ ਦਾ ਵੱਡਾ ਹਿੱਸਾ "ਕੁਝ ਲੋਕਾਂ" ਦੇ ਹੱਥਾਂ ਵਿਚ ਆ ਜਾਏਗਾ, ਤਾਂ ਉਸਦਾ ਸਿੱਟਾ ਕੀ ਹੋਏਗਾ। ਭਾਰਤ ਦੀ ਆਜ਼ਾਦੀ ਦੇ ਸੌਵੇਂ ਸਾਲ 2047 ਲਈ ਵਿਕਸਿਤ ਭਾਰਤ ਦੇ ਸੁਪਨੇ ਵੱਡੇ ਹਨ। ਦੇਸ਼ ਨੇ ਆਬਾਦੀ 'ਤੇ ਕਾਬੂ ਪਾਉਣਾ ਹੈ, ਅਸਮਾਨਤਾ ਘਟਾਉਣੀ ਹੈ, ਰੁਜ਼ਗਾਰ ਪੈਦਾ ਕਰਨਾ ਹੈ। ਵਿਸ਼ਵ ਸ਼ਾਂਤੀ ਲਈ ਕੰਮ ਕਰਨਾ ਹੈ। ਵਿਸ਼ਵ ਪੱਧਰੀ ਵਪਾਰ ਲਈ ਨਵੇਂ ਦਿਸਹੱਦੇ ਸਿਰਜਣੇ ਹਨ। ਚੰਗੇ ਰਾਜ ਪ੍ਰਬੰਧ ਦੇ ਨਾਲ਼ ਆਤਮ ਨਿਰਭਰ ਭਾਰਤ ਦੀ ਸਥਾਪਨਾ ਕਰਨੀ ਹੈ। ਹਰ ਭਾਰਤੀ ਪਰਿਵਾਰ ਬੱਚੇ, ਨੌਜਵਾਨ, ਬਜ਼ੁਰਗ ਸਭ ਨੂੰ ਬੁਨਿਆਦੀ ਸੁਵਿਧਾਵਾਂ ਦੇਣੀਆਂ ਹਨ। ਸੰਤੁਲਿਤ ਆਰਥਿਕ ਵਿਕਾਸ ਸਮੇਂ ਦੀ ਵੱਡੀ ਲੋੜ ਹੈ। ਆਜ਼ਾਦੀ ਦੇ 78 ਸਾਲਾਂ 'ਚ ਜੋ ਪ੍ਰਾਪਤੀਆਂ ਨਹੀਂ ਹੋ ਸਕੀਆਂ, ਗ਼ਰੀਬ-ਗੁਰਬੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੋ ਵਿਸਵੇ ਕੋਈ ਸਾਰਥਿਕ ਯਤਨ ਨਹੀਂ ਹੋਏ, ਉਹ ਪੂਰੇ ਕਰਨੇ ਹਨ। ਤਦੇ ਦੇਸ਼ ਭਾਰਤ "ਵਿਕਸਿਤ ਭਾਰਤ" ਬਣੇਗਾ।

ਉਂਞ ਵੀ ਵਿਕਸਿਤ ਦੇਸ਼ ਦਾ ਸੁਪਨਾ ਤੇ ਸੰਕਲਪ ਤਾਂ ਤਦੇ ਪੂਰਾ ਹੋਣ ਯੋਗ ਹੈ, ਜੇਕਰ ਰਾਜ ਵਧੀਆ ਸ਼ਾਸਨ ਦੇਵੇ, ਅਤੇ ਇਸ ਸਭ ਕੁਝ ਦੀ ਪੂਰਤੀ ਲਈ ਇਮਾਨਦਾਰਾਨਾ ਯਤਨ ਹੋਣ, ਯੋਜਨਾਵਾਂ ਹੋਣ। ਪਰ ਜੇਕਰ ਉਨ੍ਹਾਂ ਦੀ ਥਾਂ 'ਤੇ ਦੰਭ ਦੀ ਸਿਆਸਤ ਹੋਵੇ, ਸਖ਼ਸ਼ੀ ਉਭਾਰ ਦੀ ਖਾਹਿਸ਼ ਹੋਵੇ, ਰਾਜ ਭਾਗ 'ਤੇ ਕਬਜ਼ਾ ਰੱਖਣ ਦੀ ਨੀਤੀ ਹੋਵੇ, ਤਾਂ ਕਿਸੇ ਵੀ ਹਾਲਾਤ 'ਚ ਇਹ ਲੋਕ-ਸੁਪਨੇ ਹਕੀਕਤ 'ਚ ਤਬਦੀਲ ਨਹੀਂ ਹੋ ਸਕਦੇ ਹਨ।

# ਆਖਰ ਕਿਉਂ ਉਲਝਦਾ ਜਾ ਰਿਹਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦਾ ਮਾਮਲਾ

ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ)
559-285-0841
ਪੰਜਾਬ ਮੇਲ USA



ਪਿਛਲੇ ਲੰਬੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ 328 ਪਾਵਨ ਸਰੂਪਾਂ ਦੇ ਮਾਮਲੇ ਨੂੰ ਲੈ ਕੇ ਵੱਖ-ਵੱਖ ਸੰਸਥਾਵਾਂ ਤੇ ਵੱਖ-ਵੱਖ ਆਗੂਆਂ ਵੱਲੋਂ ਮੀਡੀਆ ਜ਼ਰੀਏ ਜੋ ਬਿਆਨਬਾਜ਼ੀ ਕੀਤੀ ਜਾ ਰਹੀ ਹੈ, ਉਸ ਨੂੰ ਵੇਖ ਕੇ ਇੰਝ ਪ੍ਰਤੀਤ ਹੋ ਰਿਹਾ ਹੈ ਕਿ ਜਿਵੇਂ ਇਹ ਮਾਮਲਾ ਹੁਣ ਬੁਰੀ ਤਰ੍ਹਾਂ ਉਲਝਦਾ ਜਾ ਰਿਹਾ ਹੋਵੇ ਕਿਉਂਕਿ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ 328 ਸਰੂਪ ਗਾਇਬ ਹੋਇਆਂ ਨੂੰ ਲੰਬਾ ਸਮਾਂ ਹੋ ਚੁੱਕਿਆ ਹੈ। ਕੁਝ ਵੀ ਇਸ ਮਸਲੇ ’ਤੇ ਸਹੀ ਸਾਹਮਣੇ ਨਹੀਂ ਆ ਰਿਹਾ। ਇੱਕ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੁਝ ਖਾਸ ਕਹਿਣ ਤੋਂ ਟਾਲਾ ਵੱਟਦੀ ਆ ਰਹੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਵੀ ਇਸ ਸਬੰਧੀ ਕਰੀਬ ਚੁੱਪ ਹੈ, ਜਦਕਿ ਦੂਜੇ ਪਾਸੇ ਕਈ ਸਿੱਖ ਸੰਸਥਾਵਾਂ ਅਤੇ ਕਈ ਸਿੱਖ ਆਗੂਆਂ ਵੱਲੋਂ ਇਸ ਮਸਲੇ ’ਤੇ ਖੁੱਲ੍ਹ ਕੇ ਬਿਆਨਬਾਜ਼ੀ ਕੀਤੀ ਜਾ ਰਹੀ ਹੈ।

ਲੰਘੇ ਦਿਨੀਂ ਇਸ ਮਸਲੇ ਨੂੰ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਤਲਬ ਵੀ ਕੀਤਾ ਗਿਆ। ਇਹ ਗੱਲ ਅਲੱਗ ਹੈ ਕਿ ਇਸ ਮਸਲੇ ’ਤੇ ਕੀ ਹੋਇਆ ਜਾਂ ਕੀ ਆਖਿਆ, ਇਹ ਬਾਅਦ ਦੀ ਗੱਲ ਹੈ। ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣਾ ਪੱਖ ਜਥੇਦਾਰ ਅੱਗੇ ਰੱਖਿਆ ਗਿਆ ਹੈ। ਕੁਝ ਵੀ ਹੋਵੇ, ਪਰ 328 ਪਾਵਨ ਸਰੂਪਾਂ ਦੇ ਮਾਮਲੇ ਨੂੰ ਲੈ ਕੇ ਸਿੱਖ ਪੰਥ ਬੁਰੀ ਤਰ੍ਹਾਂ ਦੁਵਿਧਾ ਵਿਚ ਪਿਆ ਨਜ਼ਰ ਪੈਂਦਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਾਡੇ ਜਾਗਦੀ ਜੋਤ ਗੁਰੂ ਸਾਹਿਬਾਨ ਹਨ। ਇਸ ਮਸਲੇ ’ਤੇ ਕਾਰਵਾਈ ਪਹਿਲਾਂ ਹੋਣੀ ਚਾਹੀਦੀ ਸੀ, ਜੋ ਨਹੀਂ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਮਸਲੇ ’ਤੇ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਨਜ਼ਰ ਪੈਂਦੀ ਹੈ। ਭਾਈ ਬਲਦੇਵ ਸਿੰਘ ਬਡਾਲਾ ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਰਣਜੀਤ ਸਿੰਘ ਜਾਂ ਕਈ ਹੋਰ ਸਿੱਖ ਆਗੂਆਂ ਵੱਲੋਂ ਵੀ ਇਸ ਮਸਲੇ ਨੂੰ ਉਭਾਰਨ ਦਾ ਯਤਨ ਕੀਤਾ ਗਿਆ, ਤਾਂ ਕਿ ਪਾਵਨ ਸਰੂਪਾਂ ਸਬੰਧੀ ਕੋਈ ਸਖਤ ਕਾਰਵਾਈ ਸਾਹਮਣੇ ਆ ਸਕੇ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਗੱਲੋਂ ਤਲਬ ਕੀਤਾ ਗਿਆ ਕਿ ਉਨ੍ਹਾਂ ਨੇ ਇਸ ਮਸਲੇ ’ਤੇ ਗਲਤ ਬਿਆਨਬਾਜ਼ੀ ਕੀਤੀ ਹੈ ਪਰ ਹੈਰਾਨੀਜਨਕ ਤੱਥ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਸੰਬੰਧੀ ਕੋਈ ਕਾਰਵਾਈ ਕਰਨ ਦੀ ਬਜਾਏ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਲੀਪਾ-ਪੋਚੀ ਕੀਤੀ ਜਾ ਰਹੀ ਹੈ। ਭਾਵੇਂ ਉਨ੍ਹਾਂ ਨੇ ਇਹ ਵੀ ਆਖਿਆ ਕਿ ਜਿਹੜੀ ਸਿੱਟ ਬਣਾਈ ਗਈ ਹੈ, ਉਸ ਨੂੰ ਸ਼੍ਰੋਮਣੀ ਕਮੇਟੀ ਸਹਿਯੋਗ ਦੇਵੇ ਪਰ ਕੀ ਇਹ ਸਾਰਾ ਮਾਮਲਾ ਇੰਨਾ ਸੁਖਾਲਾ ਹੈ ਜਾਂ ਇਹ ਇਸ ਦਾ ਹੱਲ ਹੋ ਜਾਵੇਗਾ। ਇਸ ਸਬੰਧੀ ਕੁਝ ਵੀ ਕਿਹਾ ਨਹੀਂ ਜਾ ਸਕਦਾ। ਬਹੁਤ ਸਾਰੇ ਮਾਮਲੇ ਪਿਛਲੇ ਲੰਬੇ ਸਮੇਂ ਤੋਂ ਵੀ ਚਰਚਾ ਵਿਚ ਆਉਂਦੇ ਰਹੇ ਹਨ ਪਰ ਉਨ੍ਹਾਂ ’ਤੇ ਕੋਈ ਕਾਰਵਾਈ ਨਹੀਂ ਹੋਈ। ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਸਮਾਂ ਰਹਿੰਦਿਆਂ ਕਾਰਵਾਈਆਂ ਕੀਤੀਆਂ ਹੁੰਦੀਆਂ, ਤਾਂ ਕੌਮ ਨੂੰ ਆਹ ਦਿਨ ਨਾ ਦੇਖਣੇ ਪੈਂਦੇ।

ਇਤਿਹਾਸ ਵਿਚ ਪਹਿਲਾਂ ਹੀ ਬਹੁਤ ਵਾਰੀ ਛੇੜਛਾੜ ਦਾ ਸ਼ੰਕਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਸਿੱਖ ਵਿਰੋਧੀ ਤਾਕਤਾਂ ਵੱਲੋਂ ਸਿੱਖ ਇਤਿਹਾਸ ਦੇ ਨਾਲ ਛੇੜਖਾਨੀਆਂ ਕਰਕੇ ਉਸ ਦੇ ਵਿਚ ਗਲਤ ਤੱਥ ਪੇਸ਼ ਕੀਤੇ ਗਏ ਹਨ। ਹੁਣ ਇੱਥੇ ਇਹ ਗੱਲ ਵੀ ਵਿਚਾਰਨਯੋਗ ਹੈ ਕਿ 328 ਪਾਵਨ ਸਰੂਪ ਆਖਰ ਗਏ ਕਿੱਥੇ। ਉਹ ਗਾਇਬ ਕਿਵੇਂ ਹੋ ਗਏ ਜਾਂ ਉਨ੍ਹਾਂ ਨੂੰ ਕਿਸ ਨੂੰ ਦਿੱਤਾ ਗਿਆ। ਇਹ ਵੀ ਸ਼ੱਕ ਹੈ ਕਿ ਸ਼ਾਇਦ ਇਹ ਪਾਵਨ ਸਰੂਪ ਸਰਸੇ ਵਾਲੇ ਸਾਧ ਦੇ ਕੋਲੇ ਚਲੇ ਗਏ ਹੋਣ ਜਾਂ ਸਿੱਖ ਵਿਰੋਧੀ ਤਾਕਤਾਂ ਦੇ ਹੱਥੇ ਦੇ ਦਿੱਤੇ ਗਏ ਹੋਣ। ਇਹ ਗੱਲਾਂ ਵੀ ਵਿਚਾਰਨਯੋਗ ਹਨ। ਭਾਵੇਂ ਇਹ ਗੱਲਾਂ ਅਜੇ ਸਮੇਂ ਦੇ ਗਰਭ ਵਿਚ ਹਨ ਜਾਂ ਇਸ ਸਬੰਧੀ ਪੁਖਤਾ ਕੁਝ ਨਹੀਂ ਕਿਹਾ ਜਾ ਸਕਦਾ ਪਰ ਸਿੱਖ ਹਿਰਦੇ ਬੁਰੀ ਤਰ੍ਹਾਂ ਛੱਲਣੀ ਹੋ ਚੁੱਕੇ ਹਨ ਕਿ ਸਾਡੇ ਮਹਾਰਾਜ ਦੇ 328 ਪਾਵਨ ਸਰੂਪ ਆਖਰ ਕਿੱਥੇ ਗਏ। ਸ਼੍ਰੋਮਣੀ ਕਮੇਟੀ ਨੇ ਵੀ ਇਸ ਸਬੰਧੀ ਕੋਈ ਖਾਸ ਪ੍ਰਤੀਕਿਰਿਆ ਸਾਹਮਣੇ ਨਹੀਂ ਲਿਆਂਦੀ। ਜੋ ਬਣਨਾ ਚਾਹੀਦਾ ਸੀ, ਨਹੀਂ ਹੋਇਆ।

ਸਿੱਖ ਇਤਿਹਾਸ ਨਾਲ ਛੇੜਖਾਨੀਆਂ ਦਾ ਮਾਮਲਾ ਕੋਈ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਬਹੁਤ ਵਾਰ ਇਤਿਹਾਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਤੇ ਸਿੱਖ ਵਿਰੋਧੀ ਤਾਕਤਾਂ ਵੱਲੋਂ ਸਿੱਖ ਇਤਿਹਾਸ ਨੂੰ ਘਟਾ ਕੇ ਪੇਸ਼ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਭਾਵੇਂ ਉਸ ਦੇ ਵਿਚ ਉਹ ਬਹੁਤ ਵਾਰ ਕਾਮਯਾਬ ਨਹੀਂ ਹੋਏ ਪਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਵਾਲੇ ਮਾਮਲੇ ਉੱਤੇ ਇੱਕ ਵਾਰ ਫਿਰ ਵਿਰੋਧੀਆਂ ਵੱਲੋਂ ਇਸ ਚਾਲ ਨੂੰ ਲੈ ਕੇ ਕਾਮਯਾਬ ਕਰਨ ਦਾ ਮਨਸੂਬਾ ਬਣਾਇਆ ਹੋਇਆ ਹੈ। ਜੋ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ ਪਰ ਇਹ ਗੱਲ ਵਧੀਆ ਹੈ ਕਿ ਸਰਕਾਰ ਵੱਲੋਂ ਇਸ ਮਸਲੇ ’ਤੇ ਸਟੈਂਡ ਲੈਂਦਿਆਂ ਹੋਇਆਂ ਕਈ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਸਤਿੰਦਰ ਸਿੰਘ ਕੋਹਲੀ ਵਰਗੇ ਵਿਅਕਤੀ ਸਰਕਾਰ ਦੀ ਗ੍ਰਿਫਤ ਵਿਚ ਹਨ। ਉਨ੍ਹਾਂ ਤੋਂ ਵੀ ਇਸ ਮਾਮਲੇ ’ਤੇ ਪੁੱਛਗਿੱਛ ਕੀਤੀ ਜਾ ਰਹੀ ਹੈ। ਸਰਕਾਰ ਦੇ ਨਾਲ ਸ਼੍ਰੋਮਣੀ ਕਮੇਟੀ ਨੂੰ ਇਸ ਅਹਿਮ ਮਸਲੇ ’ਤੇ ਸਹਿਯੋਗ ਕਰਨਾ ਚਾਹੀਦਾ ਹੈ।

ਕੁਝ ਵੀ ਹੋਵੇ, ਚਾਹੇ ਗੱਲ 328 ਪਾਵਨ ਸਰੂਪਾਂ ਦੀ ਹੋਵੇ ਜਾਂ ਸਿੱਖ ਇਤਿਹਾਸ ਵਿਚ ਗਲਤ ਤੱਥ ਪੇਸ਼ ਕਰਨ ਦੀ। ਇਸ ਮਸਲੇ ’ਤੇ ਸਮੂਹ ਸਿੱਖ ਸੰਸਥਾਵਾਂ ਨੂੰ ਇੱਕਮੁੱਠ ਹੋ ਕੇ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ, ਤਾਂ ਕਿ ਇਹ ਸਾਰੀਆਂ ਗੱਲਾਂ ਖੁੱਲ੍ਹ ਕੇ ਸਾਹਮਣੇ ਆ ਸਕਣ ਕਿ ਅਸਲ ਦੋਸ਼ੀ ਕੌਣ ਹੈ। ਨਹੀਂ ਤਾਂ ਕੋਈ ਵੀ ਵਿਅਕਤੀ ਆ ਕੇ ਸਾਡੇ ਸਿੱਖ ਇਤਿਹਾਸ ਜਾਂ ਗੁਰੂ ਸਾਹਿਬ ਦੇ ਸਬੰਧੀ ਗਲਤ ਤੱਥ ਪੇਸ਼ ਕਰ ਜਾਂਦਾ ਹੈ ਪਰ ਅਸੀਂ ਉੱਥੇ ਚੁੱਪ ਰਹਿੰਦੇ ਹਾਂ। ਅਜਿਹੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਸਥਾਵਾਂ ਨੂੰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਅਤੇ ਬਲਦੇਵ ਸਿੰਘ ਬਡਾਲਾ ਵਰਗੇ ਵਿਅਕਤੀਆਂ ਦੀ ਕਦਰ ਕਰਦੇ ਹੋਏ ਉਨ੍ਹਾਂ ਤੋਂ ਜਾਣਕਾਰੀ ਲੈ ਕੇ ਬਲਦੇਵ ਸਿੰਘ ਸਿਰਸਾ ਵਰਗੇ ਲੋਕਾਂ ਨੂੰ ਵਿਚਾਰਦੇ ਹੋਏ, ਸਰਕਾਰ ਦਾ ਸਾਥ ਦੇ ਕੇ, ਇਸ ਅਹਿਮ ਮਸਲੇ ’ਤੇ ਪੂਰੀ ਵਿਉਂਤਬੰਦੀ ਦੇ ਨਾਲ ਅੱਗੇ ਆਉਣਾ ਚਾਹੀਦਾ ਹੈ। ਇਸ ਦੇ ਨਾਲ ਜਿੱਥੇ ਕੌਮ ਇੱਕ ਮਾਲਾ ਵਿਚ ਪਰੋਈ ਜਾਵੇਗੀ, ਉੱਥੇ ਹੀ ਸਿੱਖ ਹਿਰਦਿਆਂ ਨੂੰ ਸ਼ਾਂਤੀ ਮਿਲੇਗੀ।



# ਸਮੋਸਾ? ਓ ਨਹੀਂ !

## ਹਾਈ ਬਲੱਡ ਪ੍ਰੈਸ਼ਰ, ਉੱਚ ਕੋਲੈਸਟ੍ਰੋਲ ਅਤੇ ਵਾਧੂ ਭਾਰ ਵਾਲਿਆਂ ਲਈ ਚਿਤਾਵਨੀ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਅੱਜ ਸਟ੍ਰੀਟ ਫੂਡ ਸਨੈਕ ਸਮੋਸਾ ਗਲੋਬਲ ਸੁਪਰ ਸਟਾਰ ਬਣ ਚੁੱਕਾ ਹੈ। ਹਰ ਉਮਰ ਦਾ ਵਿਅਕਤੀ ਸਮੋਸਾ ਖਾਣਾ ਪਸੰਦ ਕਰਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਦੱਖਣੀ ਏਸ਼ੀਆਈ ਇਹ ਸਮੋਸਾ ਮਿਡਲ ਈਸਟ ਤੋਂ ਆਏ ਇੱਕ ਮੱਧਕਾਲੀ ਪੂਰਵਜ਼ ਤੋਂ ਲਿਆ ਗਿਆ ਸੀ, ਜੋ ਕਿ ਬੇਕ ਕੀਤਾ ਜਾਂਦਾ ਸੀ ਅਤੇ ਡੀਪ ਫਰਾਈ ਨਹੀਂ ਕੀਤਾ ਜਾਂਦਾ ਸੀ। ਕੇਂਦਰੀ ਏਸ਼ੀਆਈ ਸਮੋਸਾ 13ਵੀਂ ਜਾਂ 14ਵੀਂ ਸਦੀ ’ਚ ਮਿਡਲ ਈਸਟ ਅਤੇ ਕੇਂਦਰੀ ਏਸ਼ੀਆ ਦੇ ਸ਼ੈਫ ਦੁਆਰਾ ਭਾਰਤੀ ਉੱਪ ਮਹਾਂਦੀਪ ’ਚ ਪ੍ਰਚਾਰਿਤ ਕੀਤਾ ਗਿਆ ਸੀ, ਜੋ ਦਿੱਲੀ ਸਲਤਨਤ ਦੇ ਸ਼ਾਸਕਾਂ ਲਈ ਰਾਜਸੀ ਭੋਜ ’ਚ ਪਕਾਉਂਦੇ ਸਨ। ਇੱਕ ਸਮੇਂ ’ਤੇ ਸਨੈਕ ਸਮੋਸਾ ਹਰ ਪਾਸੇ ਮਸ਼ਹੂਰ ਹੋ ਗਿਆ। ਅੱਜ ਇਸਦੀ ਮੰਗ ਵਿਸ਼ਵ ਦੇ ਹਰ ਹਿੱਸੇ ’ਚ ਤੇਜ਼ੀ ਨਾਲ ਵੱਧ ਚੁੱਕੀ ਹੈ।



### ਸਾਵਧਾਨ !

ਹਾਈ ਲੈਵਲ ਦੀ ਕੈਲੋਰੀ ਅਤੇ ਫੈਟ ਸਰੀਰ ਅੰਦਰ ਜਾ ਰਿਹਾ ਹੈ। ਸਮੋਸਾ ਡੀਪ ਫਰਾਈ ਹੋਣ ਕਰਕੇ ਸਰੀਰ ਤੇ ਮਨ ਨੂੰ ਬਿਮਾਰ ਵੀ ਕਰ ਰਿਹਾ ਹੈ। ਜੋ ਲੋਕ ਹਾਈ ਕੋਲੈਸਟ੍ਰੋਲ, ਲੋੜ ਤੋਂ ਵੱਧ ਸਰੀਰ ਦਾ ਵਜ਼ਨ, ਹਾਈ ਬਲੱਡ-ਪ੍ਰੈਸ਼ਰ ਦੇ ਰੋਗੀ ਹਨ, ਉਹ ਸੰਭਲ ਜਾਣ। ਵੱਧ ਟਰਾਂਸ ਫੈਟ ਤੱਤ ਹਾਟਰ-ਅਟੈਕ ਅਤੇ ਸਟ੍ਰੋਕ ਦਾ ਕਾਰਨ ਵੀ ਬਣ ਸਕਦੇ ਹਨ। ਸਮੋਸੇ ਲਈ ਵਰਤਿਆ ਜਾਣ ਵਾਲਾ ਰੀਫਾਂਇੰਡ, ਮੈਦਾ ਖ਼ੂਨ ਅੰਦਰ ਸ਼ੂਗਰ ਦੇ ਪੱਧਰ ਨੂੰ ਤੇਜ਼ੀ ਨਾਲ ਵਧਾ-ਘਟਾ ਸਕਦਾ ਹੈ। ਜਿਸ ਨਾਲ ਵੱਧੀ ਹੋਈ ਭੁੱਖ ਨਾਲ ਸੰਭਾਵਿਤ ਇੰਸੂਲਿਨ ਰੇਜ਼ਿਸਟੈਂਸ ਹੋ ਸਕਦੀ ਹੈ। ਲਗਾਤਾਰ ਸਮੋਸੇ ਖਾਣ ਨਾਲ ਸਰੀਰ ਅੰਦਰ ਕੋਲੈਸਟ੍ਰੋਲ ਲੈਵਲ ਵੱਧ ਜਾਣ ਨਾਲ ਸੋਜ਼ਿਸ਼ ਦੀ ਸਮੱਸਿਆ ਬਣੀ ਰਹਿ ਸਕਦੀ ਹੈ।

ਨੋਟ: ਸਮੋਸੇ ਦੀ ਜ਼ਿਆਦਾ ਵਰਤੋਂ ਤੰਦਰੁਸਤਾਂ ਨੂੰ ਵੀ ਬਿਮਾਰ ਕਰ ਸਕਦੀ ਹੈ। ਰੋਗੀਆਂ ਨੂੰ ਸੰਭਲ ਜਾਣ ਦੀ ਲੋੜ ਹੈ। ਬਿਮਾਰੀ ਦੀ ਹਾਲਤ ’ਚ ਸਮੋਸਾ ਘੱਟ ਜਾਂ ਵੱਧ ਖਾਣਾ, ਹੁਣ ਫੈਸਲਾ ਤੁਹਾਡਾ ਹੈ।

**Nutrition Information**

| | |
|---|---|
| Regular Size | 1 piece = 90 g |
| Calories | 260 |
| Total Fat | 17g |
| 35% Saturated Fat | 7g |
| Cholesterol | 30 mg |
| Sodium | 420 mg |
| Total Carbohydrate | 24g |

# ਗਿਆਨ ਦਾ ਸਮੁੰਦਰ 'ਫੋਰ-ਇਨ-ਵਨ' ਲੇਖਕ : ਬੁੱਧ ਸਿੰਘ ਨੀਲੋਂ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਕਈ ਵਾਰੀ ਕਿਸੇ ਵਿਅਕਤੀ ਦੀ ਕਾਬਲੀਅਤ ਉਸਦਾ ਲਾਭ ਕਰਨ ਦੀ ਥਾਂ ਨੁਕਸਾਨ ਕਰ ਜਾਂਦੀ ਹੈ, ਕਿਉਂਕਿ ਉਸਦੀ ਕਾਬਲੀਅਤ ਤੋਂ ਖ਼ਾਰ ਖਾਣ ਵਾਲੇ ਉਸਦੀ ਵਿਦਵਤਾ ਤੇ ਕਾਬਲੀਅਤ ਦੇ ਅਜਿਹੇ ਵਿਰੋਧੀ ਬਣਦੇ ਹਨ ਕਿ ਉਸਦੀਆਂ ਜੜ੍ਹਾਂ ਵਿਚ ਤੇਲ ਦੇਣ ਤੋਂ ਗੁਰੇਜ਼ ਨਹੀਂ ਕਰਦੇ। ਵੈਸੇ ਉਸਦੀ ਕਿਸੇ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ। ਦੁਸ਼ਮਣ ਤਾਂ ਉਸਦੀ ਕਾਬਲੀਅਤ ਹੀ ਬਣੀ ਹੈ। ਬਿਲਕੁਲ ਇਸੇ ਤਰ੍ਹਾਂ ਬੁੱਧ ਸਿੰਘ ਨੀਲੋਂ ਨਾਲ ਹੋਇਆ ਹੈ। ਬੁੱਧ ਸਿੰਘ ਨੀਲੋਂ ਬਹੁਤਾ ਪੜ੍ਹਿਆ-ਲਿਖਿਆ ਨਹੀਂ ਹੈ, ਭਾਵ ਉਸਨੇ ਡਿਗਰੀਆਂ ਨਹੀਂ ਕੀਤੀਆਂ ਹੋਈਆਂ, ਸਿਰਫ ਹਾਇਰ ਸੈਕੰਡਰੀ ਤੱਕ ਪੜ੍ਹਾਈ ਕੀਤੀ ਹੋਈ ਹੈ, ਪ੍ਰੰਤੂ ਉਹ ਗਿਆਨਵਾਨ ਹੀ ਨਹੀਂ, ਸਗੋਂ ਉਸ ਕੋਲ ਗਿਆਨ ਦਾ ਭੰਡਾਰ ਹੈ। ਉਹ ਗਿਆਨਵਾਨ ਕਿਵੇਂ ਬਣਿਆਂ, ਇਹ ਵੀ ਇੱਕ ਚਮਤਕਾਰੀ ਕਹਾਣੀ ਹੈ। ਉਸਨੂੰ ਪੜ੍ਹਨ ਲਿਖਣ ਦਾ ਬਹੁਤ ਸ਼ੌਕ ਸੀ, ਪ੍ਰੰਤੂ ਪਰਿਵਾਰ ਦੀ ਗ਼ਰੀਬੀ ਨੇ ਉਸਨੂੰ ਪੜ੍ਹਾਈ ਜਾਰੀ ਰੱਖਣ ਦੇ ਰਾਹ ਵਿਚ ਰੋੜਾ ਬਣਦੀ ਰਹੀ। ਜਦੋਂ ਉਹ ਪੰਜਾਬੀ ਸਾਹਿਤ ਅਕਡਮੀ ਲੁਧਿਆਣਾ ਵਿਚ ਨੌਕਰੀ ਕਰਨ ਲੱਗਿਆ, ਤਾਂ ਉਸਨੂੰ ਆਪਣੇ ਪੜ੍ਹਨ ਲਿਖਣ ਦੇ ਸ਼ੌਕ ਨੂੰ ਅਮਲੀ ਜਾਮਾ ਪਹਿਨਾਉਣ ਦਾ ਅਵਸਰ ਮਿਲ ਗਿਆ। ਉਸਨੇ ਅਕਾਡਮੀ ਦੀ ਲਾਇਬ੍ਰੇਰੀ ਦਾ ਪੂਰਾ ਲਾਹਾ ਲਿਆ। ਉਸਦੀ ਪੁਸਤਕਾਂ ਪੜ੍ਹਨ ਦੀ ਪ੍ਰਵਿਰਤੀ ਨੂੰ ਚਾਰ ਚੰਨ ਲੱਗ ਗਏ। ਗਿਆਨ ਦੀ ਰੌਸ਼ਨੀ ਨੇ ਉਸਦੇ ਦਿਮਾਗ ਦੇ ਕਪਾਟ ਖੋਲ੍ਹ ਦਿੱਤੇ ਤੇ ਬੁੱਧ ਸਿੰਘ ਨੀਲੋਂ ਸੁੱਧ-ਬੁੱਧ ਭੁਲਕੇ ਲਾਇਬਰੇਰੀ ਦੀਆਂ ਪੁਸਤਕਾਂ ਦੇ ਰਖਵਾਲੇ ਦੇ ਨਾਲ ਹੀ ਪੁਸਤਕਾਂ ਦਾ ਰਸੀਆ ਬਣ ਗਿਆ। ਪੀ.ਐੱਚ.ਡੀ. ਦੇ ਥੀਸਜ਼ ਦੇ ਖਰੜਿਆਂ ਦੀਆਂ ਗ਼ਲਤੀਆਂ ਵੀ ਫੜ੍ਹਨ ਲੱਗ ਪਿਆ। ਇਹ ਸਾਰਾ ਕੁਝ ਉਸਦੇ ਦਿਮਾਗੀ ਤੌਰ 'ਤੇ ਚੇਤੰਨ ਤੇ ਚਿੰਤਕ ਹੋਣ ਦੀ ਭਾਵਨਾ ਦਾ ਨਤੀਜਾ ਸੀ। ਭਾਵੇਂ ਉਹ ਪੰਜਾਬੀ ਸਾਹਿਤ ਅਕਾਡਮੀ ਦੀ ਨੌਕਰੀ ਤੋਂ ਰੁਖ਼ਸਤ ਹੋ ਗਿਆ, ਪ੍ਰੰਤੂ ਪੁਸਤਕਾਂ ਨਾਲ ਉਸਦਾ ਪਿਆਰ ਬਰਕਰਾਰ ਹੈ। ਉਹ ਹਰ ਵਕਤ ਗਿਆਨ ਦੇ ਸਮੁੰਦਰ ਵਿਚ ਅਜਿਹੀਆਂ ਤਾਰੀਆਂ ਲਾਉਂਦਾ ਰਹਿੰਦਾ ਹੈ, ਜਿਸਦੀਆਂ ਲਹਿਰਾਂ ਸਾਹਿਤਕ ਖੇਤਰ ਵਿਚ ਜਵਾਰ ਭਾਟੇ ਵਰਗੀਆਂ ਛੱਲਾਂ ਪੈਦਾ ਕਰ ਦਿੰਦੀਆਂ ਹਨ। ਸਾਹਿਤਕ ਖੇਤਰ ਵਿਚ ਤਰਥੱਲੀ ਮੱਚ ਜਾਂਦੀ ਹੈ, ਹਲਚਲ ਪੈਦਾ ਹੋ ਜਾਂਦੀ ਹੈ। ਕਈ ਵਿਦਵਾਨ ਸਾਹਿਤਕਾਰ ਭਮੱਤਰ ਕੇ ਅਸਹਿਜ ਹੋ ਜਾਂਦੇ ਹਨ। ਉਸਦੀਆਂ ਲਿਖਤਾਂ ਨਾਲ ਅਖੌਤੀ ਸਾਹਿਤਕਾਰਾਂ ਦੀ ਨੀਂਦ ਉਡ ਜਾਂਦੀ ਹੈ। ਉਹ ਬਹੁਤ ਹੀ ਬੇਬਾਕੀ ਅਤੇ ਦਲੇਰੀ ਨਾਲ ਲਿਖਦਾ ਹੈ, ਜਿਸਦਾ ਕਈ ਵਾਰ ਤਿੱਖਾ ਵਿਅੰਗ ਅਖੌਤੀ ਸਾਹਿਤਕਾਰਾਂ/ਬੁੱਧੀਜੀਵੀਆਂ ਨੂੰ ਬਰਦਾਸ਼ਤ ਕਰਨਾ ਅਸੰਭਵ ਹੋ ਜਾਂਦਾ ਹੈ। ਉਸਦੀ ਸ਼ਬਦਾਂ ਦੀ ਚੋਣ ਵੀ ਸਮਾਂ, ਸਥਾਨ, ਸਥਿਤੀ ਅਤੇ ਵਾਕ ਦੀ ਬਣਤਰ ਵਿਸ਼ੇ ਅਨੁਸਾਰ ਢੁਕਵੀਂ ਹੁੰਦੀ ਹੈ। ਇਹ ਕੁਦਰਤੀ ਹੈ ਕਿ ਸੱਚਾਈ ਹਮੇਸ਼ਾ ਕੌੜੀ ਲੱਗਦੀ ਹੈ। ਉਹ ਹੱਕ ਸੱਚ ਦਾ ਪਹਿਰੇਦਾਰ ਬਣਕੇ ਵਿਚਰਦਾ ਹੈ। ਉਹ ਚਿਕਣੀਆਂ ਚੋਪੜੀਆਂ ਹੋਈਆਂ ਮਿੱਠੀਆਂ ਗੱਲਾਂ ਕਰਨ ਵਿਚ ਵਿਸ਼ਵਾਸ ਨਹੀਂ ਰੱਖਦਾ, ਜਿਹੜੀਆਂ ਗ਼ਲਤ ਕਦਰਾਂ-ਕੀਮਤਾਂ ਦੀ ਸਿੱਧੇ/ਅਸਿੱਧੇ ਢੰਗ ਨਾਲ ਸਪੋਰਟ ਕਰਦੀਆਂ ਹੋਣ। ਪੀ.ਐੱਚ.ਡੀ. ਦੇ ਥੀਸਜ਼ਾਂ ਵਿਚ ਨਕਲ ਦੀ ਪ੍ਰਵਿਰਤੀ ਦੇ ਉਸਨੇ ਤੱਥਾਂ ਨਾਲ ਪਰਦੇ ਫਾਸ਼ ਕੀਤੇ ਹਨ। ਇੱਥੋਂ ਤੱਕ ਕਿ ਉਮੀਦਵਾਰਾਂ ਦੇ ਗਾਈਡ ਪ੍ਰੋਫ਼ੈਸਰਾਂ ਨੂੰ ਵੀ ਵਾਹਣੇ ਪਾ ਦਿੰਦਾ ਹੈ। ਇਕੱਲੀ-ਇਕੱਲੀ ਲਾਈਨ, ਪੈਰਿਆਂ ਅਤੇ ਪੰਨਿਆਂ ਦੀ ਨਕਲ ਦੇ ਸਬੂਤ ਦਿੰਦਾ ਹੈ, ਸਬੂਤਾਂ ਤੋਂ ਬਿਨਾ ਗੱਲ ਨਹੀਂ ਕਰਦਾ। ਯਥਾਰਥਵਾਦੀ ਪਹੁੰਚ ਦਾ ਮਾਲਕ ਹੈ। ਉਹ ਸੱਚੋ-ਸੱਚ ਲਿਖਕੇ ਮੂੰਹ 'ਤੇ ਕਹਿਣ ਦੀ ਜ਼ੁਅਰਤ ਰੱਖਦਾ ਹੈ, ਪ੍ਰੰਤੂ ਕਈ ਵਾਰ ਭਾਵਨਾਵਾਂ ਦੇ ਵੇਗ ਵਿਚ ਵਹਿ ਕੇ ਲਕਸ਼ਮਣ ਰੇਖਾ ਵੀ ਪਾਰ ਕਰ ਜਾਂਦਾ ਹੈ।



ਤਸਵੀਰ ਤੇ ਸੰਪਰਕ : ਬੁੱਧ ਸਿੰਘ ਨੀਲੋਂ : 9464370823

> **ਇਹ ਸਾਰਾ ਕੁਝ ਉਸਦੇ ਦਿਮਾਗੀ ਤੌਰ 'ਤੇ ਚੇਤੰਨ ਤੇ ਚਿੰਤਕ ਹੋਣ ਦੀ ਭਾਵਨਾ ਦਾ ਨਤੀਜਾ ਸੀ। ਭਾਵੇਂ ਉਹ ਪੰਜਾਬੀ ਸਾਹਿਤ ਅਕਾਡਮੀ ਦੀ ਨੌਕਰੀ ਤੋਂ ਰੁਖ਼ਸਤ ਹੋ ਗਿਆ, ਪ੍ਰੰਤੂ ਪੁਸਤਕਾਂ ਨਾਲ ਉਸਦਾ ਪਿਆਰ ਬਰਕਰਾਰ ਹੈ। ਉਹ ਹਰ ਵਕਤ ਗਿਆਨ ਦੇ ਸਮੁੰਦਰ ਵਿਚ ਅਜਿਹੀਆਂ ਤਾਰੀਆਂ ਲਾਉਂਦਾ ਰਹਿੰਦਾ ਹੈ, ਜਿਸਦੀਆਂ ਲਹਿਰਾਂ ਸਾਹਿਤਕ ਖੇਤਰ ਵਿਚ ਜਵਾਰ ਭਾਟੇ ਵਰਗੀਆਂ ਛੱਲਾਂ ਪੈਦਾ ਕਰ ਦਿੰਦੀਆਂ ਹਨ। ਸਾਹਿਤਕ ਖੇਤਰ ਵਿਚ ਤਰਥੱਲੀ ਮੱਚ ਜਾਂਦੀ ਹੈ, ਹਲਚਲ ਪੈਦਾ ਹੋ ਜਾਂਦੀ ਹੈ।**

ਅਜਿਹੀਆਂ ਗੱਲਾਂ ਲਿਖਣ ਕਰਕੇ ਉਸਨੂੰ ਧਮਕੀਆਂ ਵੀ ਮਿਲੀਆਂ ਹਨ, ਪ੍ਰੰਤੂ ਉਹ ਡਰ, ਭੈਅ ਤੋਂ ਕੋਹਾਂ ਦੂਰ ਹੈ। ਰਾਜਨੀਤਿਕ, ਸਾਹਿਤਕ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਖੇਤਰ ਵਿਚ ਆ ਰਹੀਆਂ ਗਿਰਾਵਟਾਂ ਉਸਦੇ ਲੇਖਾਂ ਦੇ ਮੁੱਖ ਵਿਸ਼ੇ ਹੁੰਦੇ ਹਨ। ਉਸਦੀ ਇੱਕ ਖ਼ੂਬੀ ਹੈ ਕਿ ਉਹ ਕਿਸੇ ਦੀ ਵੀ ਗ਼ਲਤੀ ਨੂੰ ਬਖ਼ਸ਼ਦਾ ਨਹੀਂ, ਭਾਵੇਂ ਕੋਈ ਕਿਤਨਾ ਵੱਡਾ ਵਿਅਕਤੀ ਹੋਵੇ। ਸਮਾਜਿਕ ਵਿਸੰਗਤੀਆਂ ਨੂੰ ਵੇਖਣ ਪਰਖਣ ਦੇ ਉਸਦੇ ਆਪਣੇ ਹੀ ਮਾਪ-ਦੰਡ ਹਨ, ਜਿਹੜਾ ਉਨ੍ਹਾਂ ਮਾਪ-ਦੰਡਾਂ 'ਤੇ ਖ਼ਰਾ ਨਹੀਂ ਉਤਰਦਾ, ਉਸਨੂੰ ਉਹ ਆੜੇ ਹੱਥੀਂ ਲੈਂਦਾ ਹੈ। ਉਹ ਸ਼ਬਦਾਵਲੀ ਵੀ ਥੋੜ੍ਹੀ ਸਖ਼ਤ ਤੇ ਚੁੱਭਵੀਂ ਵਰਤਦਾ ਹੈ, ਪ੍ਰੰਤੂ ਸਾਹਿਤਕ ਪਾਣ ਚਾੜ੍ਹਕੇ ਲਿਖਦਾ ਹੈ, ਤਾਂ ਜੋ ਸਹਿਣਯੋਗ ਤਕਲੀਫ਼ ਹੋਵੇ। ਇਸ ਕਰਕੇ ਉਸ ਦੀਆਂ ਫੇਸਬੁੱਕ ਅਤੇ ਸੋਸ਼ਲ ਮੀਡੀਆ 'ਤੇ ਪਾਈਆਂ ਪੋਸਟਾਂ ਨੂੰ ਬੇਥਾਹ ਪਸੰਦ ਕੀਤਾ ਜਾਂਦਾ ਹੈ। ਫੇਸਬੁੱਕ 'ਤੇ ਉਸਦੇ ਕਾਲਮ 'ਬੁੱਧ ਬੋਲ', 'ਬੁੱਧ ਬਾਣ', 'ਤਾਇਆ ਬਿਸ਼ਨਾ', 'ਪਿਆਜ ਦੇ ਛਿਲਕੇ', 'ਇਲਤੀਨਾਮਾ', 'ਬੁੱਧ ਚਿੰਤਨ', 'ਬੁੱਕਲ ਦੇ ਸੱਪ', 'ਲੋਕਾਂ ਨੂੰ ਲੱਗੀਆਂ ਜੋਕਾਂ', ਆਦਿ ਬਹੁਤ ਹਰਮਨ ਪਿਆਰੇ ਹਨ। ਇਨ੍ਹਾਂ ਕਾਲਮਾਂ ਅਧੀਨ ਜਿਹੜੇ ਲੇਖ ਲਿਖਦਾ ਹੈ, ਉਨ੍ਹਾਂ ਲੇਖਾਂ ਦੇ ਸਿਰਲੇਖ ਵੀ ਪਾਠਕਾਂ ਨੂੰ ਟੁੰਬਦੇ ਹੋਏ ਪੜ੍ਹਨ ਲਈ ਪ੍ਰੇਰਿਤ ਕਰਦੇ ਹਨ। ਪਾਠਕ ਉਸਦੇ ਇਨ੍ਹਾਂ ਕਾਲਮਾਂ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ। ਉਸਦੀ ਇਹ ਵੀ ਕਮਾਲ ਹੈ ਕਿ ਹਰ ਰੋਜ਼ ਨਵੇਂ ਵਿਸ਼ੇ 'ਤੇ ਲਿਖਦਾ ਹੈ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਉਹ ਲਗਾਤਾਰ ਇਤਨਾ ਕਿਵੇਂ ਲਿਖ ਲੈਂਦਾ ਹੈ? ਕਈ ਵਾਰ ਉਸਦੇ ਸਾਹਿਤਕ ਤੁਣਕੇ ਦਾ ਤੀਰ ਇਤਨਾ ਤਿੱਖਾ ਹੁੰਦਾ ਹੈ ਕਿ ਉਸਦੇ ਜ਼ਖ਼ਮਾਂ ਦੀ ਚੀਸ ਸੰਬੰਧਤ ਲੋਕਾਂ ਨੂੰ ਤੜਪਾਉਂਦੀ ਰਹਿੰਦੀ ਹੈ। ਕੁਝ ਲੋਕ ਉਸਨੂੰ ਬਾਗ਼ੀ ਵੀ ਕਹਿੰਦੇ ਹਨ। ਅਸਲ ਵਿਚ ਹਾਲਾਤ ਹੀ ਅਜਿਹੇ ਹੁੰਦੇ ਹਨ, ਜਿਹੜੇ ਇਨਸਾਨ ਨੂੰ ਬਗ਼ਾਵਤ ਦੇ ਰਸਤੇ ਤੋਰ ਦਿੰਦੇ ਹਨ।

ਅਜੋਕੇ ਸੂਚਨਾ ਦੇ ਯੁੱਗ ਵਿਚ ਲੋਕ ਸੂਚਨਾ ਨੂੰ ਹੀ ਗਿਆਨ ਸਮਝ ਬੈਠਦੇ ਹਨ, ਪ੍ਰੰਤੂ ਸੂਚਨਾ ਅਤੇ ਗਿਆਨ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੁੰਦਾ ਹੈ। ਪੜ੍ਹਿਆ-ਲਿਖਿਆ ਇਨਸਾਨ ਅੱਜਕੱਲ੍ਹ ਸੂਚਨਾ ਦੇਣ ਦਾ ਮਾਹਿਰ ਬਣ ਗਿਆ ਹੈ। ਲੋਕ ਸੂਚਨਾ ਦੇਣ ਵਾਲੇ ਨੂੰ ਹੀ ਪੜ੍ਹਿਆ, ਲਿਖਿਆ ਸਮਝਦੇ ਹਨ। ਡਿਗਰੀਆਂ ਵਾਲੇ ਵਿਅਕਤੀਆਂ ਨੂੰ ਪੜ੍ਹਿਆ ਲਿਖਿਆ ਗਿਣਿਆਂ ਜਾਂਦਾ ਹੈ। ਜਦੋਂਕਿ ਇਹ ਜ਼ਰੂਰੀ ਨਹੀਂ ਕਿ ਹਰ ਪੜ੍ਹਿਆ, ਲਿਖਿਆ ਵਿਅਕਤੀ ਗਿਆਨਵਾਨ ਹੋਵੇ, ਪ੍ਰੰਤੂ ਡਿਗਰੀਆਂ ਤੋਂ ਬਿਨਾ ਵਿਅਕਤੀ ਗਿਆਨਵਾਨ ਹੋ ਸਕਦਾ ਹੈ। ਬੁੱਧ ਸਿੰਘ ਨੀਲੋਂ ਜਿਹੜਾ ਬਹੁਤਾ ਪੜ੍ਹ-ਲਿਖ ਨਹੀਂ ਸਕਿਆ, ਪ੍ਰੰਤੂ ਗਿਆਨਵਾਨ ਉਹ ਡਿਗਰੀਆਂ ਵਾਲਿਆਂ, ਇੱਥੋਂ ਤੱਕ ਕਿ ਪੀ.ਐੱਚ.ਡੀ. ਵਾਲਿਆਂ ਨਾਲੋਂ ਵੀ ਜ਼ਿਆਦਾ ਹੋ ਗਿਆ ਹੈ। ਉਹ ਬਹੁਤ ਹੀ ਵਿਦਵਤਾ ਭਰਪੂਰ ਗਿਆਨ ਵਾਲੀਆਂ ਰਚਨਾਵਾਂ ਲਿਖਦਾ ਹੈ, ਜਿਨ੍ਹਾਂ ਨੂੰ ਪੜ੍ਹਕੇ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਕਿਸੇ ਕਾਲਜ ਜਾਂ ਯੂਨੀਵਰਸਿਟੀ ਦੇ ਪ੍ਰਾ. ਅਧਿਆਪਕ ਨੇ ਲਿਖੀਆਂ ਹੋਣ। ਆਧੁਨਿਕ ਜ਼ਮਾਨੇ ਵਿਚ ਲੇਖਕਾਂ ਦਾ ਜਮਘਟਾ ਛਾਇਆ ਹੋਇਆ ਹੈ। ਬਹੁਤ ਸਾਰੇ ਕਥਿਤ ਵਿਦਵਾਨ ਸਾਹਿਤਕਾਰ ਧੜਾ-ਧੜ ਪੁਸਤਕਾਂ ਪ੍ਰਕਾਸ਼ਤ ਕਰਵਾ ਰਹੇ ਹਨ। ਬਹੁਤੀਆਂ ਪੁਸਤਕਾਂ ਕਵਿਤਾ ਦੀਆਂ ਪ੍ਰਕਾਸ਼ਤ ਹੋ ਰਹੀਆਂ ਹਨ। ਪੁਸਤਕਾਂ ਪ੍ਰਕਾਸ਼ਤ ਕਰਵਾਉਣਾ ਕੋਈ ਗ਼ਲਤ ਗੱਲ ਨਹੀਂ, ਸਗੋਂ ਸਾਹਿਤਕਾਰਾਂ ਨੂੰ ਸਾਰਥਿਕ ਸਾਹਿਤ ਪ੍ਰਕਾਸ਼ਤ ਕਰਵਾਉਣਾ ਚਾਹੀਦਾ ਹੈ, ਜਿਹੜਾ ਸਮਾਜ ਨੂੰ ਕੋਈ ਸੇਧ ਦੇ ਸਕੇ। ਆਮ ਤੌਰ 'ਤੇ ਰੁਮਾਂਟਿਕ ਸਾਹਿਤ ਰਚਿਆ ਜਾ ਰਿਹਾ ਹੈ, ਜਿਹੜਾ ਪੜ੍ਹਨ ਲਈ ਦਿਲਚਸਪ ਤੇ ਰਸਦਾਇਕ ਤਾਂ ਹੋ ਸਕਦਾ ਹੈ, ਪ੍ਰੰਤੂ ਉਸਦਾ ਆਮ ਲੋਕਾਂ ਨੂੰ ਬਹੁਤਾ ਲਾਭ ਨਹੀਂ ਹੁੰਦਾ, ਪੜ੍ਹਿਆ ਉਹ ਹੀ ਜ਼ਿਆਦਾ ਜਾਂਦਾ ਹੈ। ਹੁਣ ਕਿੱਸਿਆਂ ਦਾ ਯੁੱਗ ਖ਼ਤਮ ਹੋ ਗਿਆ ਹੈ। ਅਸਲ ਵਿਚ ਸਾਹਿਤ ਦਾ ਮੰਤਵ ਸਮਾਜ ਲਈ ਪ੍ਰੇਰਨਾਦਾਇਕ ਹੋਣਾ ਹੁੰਦਾ ਹੈ, ਪ੍ਰੰਤੂ ਅਜਿਹੇ ਸਾਹਿਤ ਵਿਚ ਦਿਲਚਸਪੀ ਪੈਦਾ ਕਰਨ ਲਈ ਰੁਮਾਂਸਵਾਦ ਦੀ ਪਾਣ ਚੜ੍ਹਾ ਦਿੱਤੀ ਜਾਂਦੀ ਹੈ। ਰੁਮਾਂਸਵਾਦ ਦੇ ਤੜਕੇ 'ਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ, ਪ੍ਰੰਤੂ ਉਹ ਲੋਕਾਈ ਦੇ ਹਿੱਤਾਂ 'ਤੇ ਪਹਿਰਾ ਨਹੀਂ ਦਿੰਦਾ। ਬੁੱਧ ਸਿੰਘ ਨੀਲੋਂ ਰੁਮਾਂਟਿਕ ਸਾਹਿਤ ਨਹੀਂ ਲਿਖਦਾ, ਪ੍ਰੰਤੂ ਉਸਦਾ ਲਿਖਿਆ ਸਮਾਜ ਦੀਆਂ ਵਿਸੰਗਤੀਆਂ ਦਾ ਪਰਦਾਫਾਸ਼ ਕਰਨ ਵਾਲਾ ਹੁੰਦਾ ਹੈ। ਸਮਾਜ ਵਿਚ ਇਸ ਆਧੁਨਿਕਤਾ ਦੇ ਦੌਰ ਵਿਚ ਬਹੁਤ ਕੁਝ ਅਜਿਹਾ ਲਿਖਿਆ ਜਾ ਰਿਹਾ ਹੈ, ਜਿਸਦਾ ਸਮਾਜਿਕ ਤਾਣੇ-ਬਾਣੇ ਦੀ ਬਿਹਤਰੀ ਨਾਲ ਸੰਬੰਧ ਨਹੀਂ ਹੁੰਦਾ, ਸਗੋਂ ਦਿਲਚਸਪੀ ਪੈਦਾ ਕਰਨ ਲਈ ਕਈ ਕਾਲਪਨਿਕ ਘਟਨਾਵਾਂ ਸ਼ਾਮਲ ਕਰ ਲਈਆਂ ਜਾਂਦੀਆਂ ਹਨ। ਬੁੱਧ ਸਿੰਘ ਨੀਲੋਂ ਹਰ ਰੋਜ਼ ਲਗਾਤਾਰ ਕਿਸੇ ਨਾ ਕਿਸੇ ਨਵੇਂ ਸਮਾਜਿਕ ਸਰੋਕਾਰਾਂ ਵਾਲੇ ਵਿਸ਼ੇ ਬਾਰੇ ਆਪਣੇ ਸਾਰਥਿਕ ਵਿਚਾਰ ਲਿਖਕੇ ਸਮਾਜ ਨੂੰ ਸੇਧ ਦੇਣ ਦੀ ਕੋਸ਼ਿਸ਼ ਕਰਦਾ ਹੈ। ਉਹ ਗ਼ਰੀਬ ਲਿਖਾਰੀ ਹੈ, ਇਸ ਕਰਕੇ ਪੁਸਤਕਾਂ ਨਹੀਂ ਛਪਵਾ ਸਕਿਆ, ਕਿਉਂਕਿ ਆਪਣੇ ਕੋਲੋਂ ਪੈਸੇ ਖ਼ਰਚਕੇ ਪੁਸਤਕ ਪ੍ਰਕਾਸ਼ਤ ਕਰਵਾਉਣੀ ਉਸਦੇ ਵਸ ਦੀ ਗੱਲ ਨਹੀਂ। ਉਸਨੂੰ ਤਾਂ ਪਰਿਵਾਰ ਪਾਲਣ ਦੇ ਲਾਲੇ ਪਏ ਹੋਏ ਹਨ। ਹੈਰਾਨੀ ਇਸ ਗੱਲ ਦੀ ਹੈ, ਅਜਿਹੇ ਹਾਲਾਤ ਵਿਚ ਵੀ ਉਹ ਲਿਖੀ ਜਾ ਰਿਹਾ ਹੈ। ਲਿਖਣਾ ਉਸ ਲਈ ਇੱਕ ਨਸ਼ਾ ਹੈ। ਬੁੱਧ ਸਿੰਘ ਨੀਲੋਂ ਫੋਰ-ਇਨ-ਵਨ ਹੈ। ਉਹ ਪੱਤਰਕਾਰ, ਕਾਲਮ ਨਵੀਸ, ਅਨੁਵਾਦਕ ਅਤੇ ਸਾਹਿਤਕਾਰ ਹੈ। ਉਸਦੀ ਸੰਪਾਦਤ ਕੀਤੀ ਪੁਸਤਕ 'ਕਲਾਮ ਬਾਬੂ ਰਜਬ ਅਲੀ' 2009 ਵਿਚ ਪ੍ਰਕਾਸ਼ਤ ਹੋਈ ਸੀ, ਜਿਸ ਦੀਆਂ ਹੁਣ ਤੱਕ ਪੰਜ ਐਡੀਸ਼ਨਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਸਨੇ ਸੱਤ ਪੁਸਤਕਾਂ ਅਨੁਵਾਦ ਵੀ ਕੀਤੀਆਂ ਹਨ। ਉਸਦੀ ਇੱਕ ਪੁਸਤਕ 'ਪੰਜਾਬੀ ਸਾਹਿਤ ਦਾ ਮਾਫ਼ੀਆ' ਜਲਦੀ ਹੀ ਪ੍ਰਕਾਸ਼ਤ ਹੋ ਰਹੀ ਹੈ, ਜਿਸਦੀ ਬੇਸਬਰੀ ਨਾਲ ਉਡੀਕ ਹੋ ਰਹੀ ਹੈ। ਇਸ ਪੁਸਤਕ ਦੇ ਪ੍ਰਕਾਸ਼ਤ ਹੋਣ ਨਾਲ ਅਖੌਤੀ ਵਿਦਵਾਨਾਂ/ ਸਾਹਿਤਕਾਰਾਂ/ ਬੁੱਧੀਜੀਵਆਂ ਨੂੰ ਲੈਣੇ ਦੇ ਦੇਣੇ ਪੈ ਜਾਣੇ ਹਨ, ਕਿਉਂਕਿ ਨਕਲ ਨਾਲ ਲਈਆਂ ਪੀ.ਐੱਚ.ਡੀ. ਦੀਆਂ ਡਿਗਰੀਆਂ ਚਰਚਾ ਦਾ ਵਿਸ਼ਾ ਬਣਨਗੀਆਂ। ਬੁੱਧ ਸਿੰਘ ਨੀਲੋਂ ਪਰਿਵਾਰ ਦੇ ਗੁਜ਼ਾਰੇ ਲਈ ਪੰਜਾਬੀ ਦੇ ਅਖਬਾਰਾਂ ਦੇ ਸੰਪਾਦਕੀ ਮੰਡਲਾਂ ਵਿਚ ਕੰਮ ਕਰਦਾ ਰਿਹਾ ਹੈ। ਇਸ ਸਮੇਂ ਉਹ 'ਪ੍ਰਾਈਮ ਉਦੈ' ਅਖ਼ਬਾਰ ਦਾ ਸੰਪਾਦਕ ਹੈ। ਉਸਦਾ ਬਲਜੀਤ ਕੌਰ ਨਾਲ ਵਿਆਹ ਹੋਇਆ ਹੈ ਤੇ ਉਸਦਾ ਇੱਕ ਲੜਕਾ ਗੌਰਵਦੀਪ ਸਿੰਘ ਹੈ। ਉਸਦਾ ਜੱਦੀ ਪਿੰਡ ਨੀਲੋਂ, ਜ਼ਿਲ੍ਹਾ ਲੁਧਿਆਣਾ ਵਿਚ ਹੈ। ਇਸ ਸਮੇਂ ਉਹ ਸਾਹਨੇਵਾਲ ਰਹਿ ਰਿਹਾ ਹੈ।

ਬਲਦੇਵ ਸਿੰਘ ਬੇਦੀ
ਜਲੰਧਰ
ਪੰਜਾਬ ਮੇਲ USA




# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਦੀ ਝਲਕ ਦਰਸਾਉਂਦਾ ਇਕ ਵਿਲੱਖਣ ਚਾਰਟ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਇਕ ਧਾਰਮਿਕ ਗ੍ਰੰਥ ਹੀ ਨਹੀਂ, ਬਲਕਿ ਇਸ ਵਿਚ ਦਰਜ ਬਾਣੀ ਮਨੁੱਖਤਾ ਲਈ ਰਾਹਦਾਰੀ ਦਾ ਸੰਦੇਸ਼ ਵੀ ਹੈ। ਸੱਚ, ਸਬਰ ਅਤੇ ਵਿਚਾਰ ਦੇ ਜੀਵੰਤ ਪ੍ਰਤੀਕ ਇਸ ਪਵਿੱਤਰ ਗ੍ਰੰਥ ਵਿਚ ਦਰਜ ਬਾਣੀ ਦੀ ਡੂੰਘਾਈ ਅਤੇ ਵਿਸ਼ਾਲਤਾ ਨੂੰ ਸਮਝਣਾ ਹਰ ਕਿਸੇ ਲਈ ਮਾਣ ਵਾਲੀ ਗੱਲ ਹੈ। ਇਸੇ ਰਾਹ 'ਤੇ ਅੱਗੇ ਵਧਦਿਆਂ ਜਲੰਧਰ ਜ਼ਿਲ੍ਹੇ ਦੇ ਰਹਿਣ ਵਾਲੇ ਡਾ. ਗੁਰਸ਼ਰਨ ਸਿੰਘ ਰੰਧਾਵਾ ਜੀ ਨੇ ਆਪਣੀ ਦੋ ਸਾਲਾਂ ਦੀ ਲਗਾਤਾਰ ਅਧਿਐਨ, ਖੋਜ ਅਤੇ ਮਿਹਨਤ ਨਾਲ ਇੱਕ ਅਜਿਹਾ ਵਿਲੱਖਣ ਚਾਰਟ ਤਿਆਰ ਕੀਤਾ ਹੈ, ਜੋਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਮੁੱਢਲੀ ਜਾਣਕਾਰੀ ਨੂੰ ਇਕ ਝਲਕ ਵਿਚ ਪੇਸ਼ ਕਰਦਾ ਹੈ।

ਇਹ ਚਾਰਟ ਗੁਰਬਾਣੀ ਅਧਿਐਨ ਦੇ ਖੇਤਰ ਵਿਚ ਇਕ ਨਵੀਂ ਸੋਚ ਅਤੇ ਵਿਗਿਆਨਕ ਨਜ਼ਰੀਏ ਨਾਲ ਪੇਸ਼ ਕੀਤੀ ਗਈ ਇਕ ਨਿਵੇਕਲੀ ਪਹਿਲਕਦਮੀ ਹੈ। ਡਾ. ਰੰਧਾਵਾ ਨੇ ਇਸ ਦਾ ਨਾਮ ਗੁਰਬਾਣੀ ਦੇ ਮਹਾਂ ਵਾਕ "ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ" ਤੋਂ ਪ੍ਰੇਰਿਤ ਹੋ ਕੇ "ਸੱਚ, ਸਬਰ ਤੇ ਵਿਚਾਰ ਦਾ ਥਾਲ" ਰੱਖਿਆ ਹੈ। ਇਹ ਨਾਮ ਨਾ ਸਿਰਫ਼ ਇਸ ਚਾਰਟ ਦੇ ਤਿੰਨ ਮੂਲ ਭਾਗਾਂ ਨੂੰ ਦਰਸਾਉਂਦਾ ਹੈ, ਸਗੋਂ ਗੁਰਬਾਣੀ ਦੇ ਸੰਦੇਸ਼ ਨੂੰ ਵੀ ਉਜਾਗਰ ਕਰਦਾ ਹੈ।


ਇਸ ਚਾਰਟ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲਾ ਹਿੱਸਾ ਅੱਠ ਗੋਲ ਚੱਕਰਾਂ 'ਤੇ ਆਧਾਰਿਤ ਹੈ, ਜਿਨ੍ਹਾਂ ਨੂੰ ਵੱਖ-ਵੱਖ ਰੰਗਾਂ ਨਾਲ ਦਰਸਾਇਆ ਗਿਆ ਹੈ। ਹਰ ਰੰਗ ਇੱਕ ਗੁਰੂ ਸਾਹਿਬ, ਭਗਤ ਜਾਂ ਭੱਟ ਸਾਹਿਬ ਦੀ ਬਾਣੀ ਨਾਲ ਸੰਬੰਧਿਤ ਹੈ। ਇਨ੍ਹਾਂ ਚੱਕਰਾਂ ਰਾਹੀਂ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਕਿਸ ਰਚਨਾਕਾਰ ਦੀ ਬਾਣੀ ਕਿਹੜੇ ਰਾਗ ਵਿਚ ਰਚੀ ਗਈ ਹੈ ਅਤੇ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਹੜੇ ਅੰਗ 'ਤੇ ਦਰਜ ਹੈ। ਇਸ ਨਾਲ ਬਾਣੀ ਦੇ ਵਿਸ਼ੇਸ਼ ਸਰੋਤ ਅਤੇ ਸੰਗੀਤਕ ਰੂਹ ਦੀ ਪਛਾਣ ਕਰਨ ਵਿਚ ਬੇਹੱਦ ਸਹੂਲਤ ਮਿਲਦੀ ਹੈ। ਇਹ ਚਾਰਟ ਗੁਰਬਾਣੀ ਪੜ੍ਹਨ ਵਾਲੇ ਨੂੰ ਸਿਰਫ਼ ਧਾਰਮਿਕ ਪਾਠ ਹੀ ਨਹੀਂ, ਸਗੋਂ ਰਚਨਾ ਦੇ ਸੰਗੀਤਕ ਤੇ ਸਾਧਨਕ ਪੱਖਾਂ ਨਾਲ ਵੀ ਜੋੜਦਾ ਹੈ।

ਚਾਰਟ ਦਾ ਦੂਜਾ ਹਿੱਸਾ, ਜੋ ਸਫੈਦ ਰੰਗ ਵਿਚ ਹੈ, ਗੁਰੂ ਗ੍ਰੰਥ ਸਾਹਿਬ ਜੀ ਦੇ ਰਚਨਾਕਾਰਾਂ ਦੀ ਵਿਅਕਤੀਗਤ ਜਾਣਕਾਰੀ ਨੂੰ ਦਰਸਾਉਂਦਾ ਹੈ। ਇੱਥੇ ਹਰ ਗੁਰੂ ਸਾਹਿਬ, ਭਗਤ ਸਾਹਿਬ, ਭੱਟ ਤੇ ਹੋਰ ਮਹਾਨ ਸ਼ਖ਼ਸੀਅਤਾਂ ਦਾ ਨਾਮ, ਜਨਮ ਕਾਲ ਅਤੇ ਇੱਕ ਪ੍ਰਮੁੱਖ ਸਿੱਖਿਆ ਲਿਖੀ ਗਈ ਹੈ ਅਤੇ ਇਸ ਹਿੱਸੇ 'ਚ ਵੀ ਰੰਗਾਂ ਨੂੰ ਬਹੁਤ ਹੀ ਖੂਬਸੂਰਤ ਢੰਗ ਨਾਲ ਵਰਤਿਆ ਗਿਆ ਹੈ। ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਅਲੱਗ-ਅਲੱਗ ਕਰਨ ਲਈ ਇਨ੍ਹਾਂ ਰੰਗਾਂ ਦੀ ਵਰਤੋਂ ਲਿਖਤੀ ਰੂਪ 'ਚ ਕੀਤੀ ਗਈ ਹੈ, ਤਾਂ ਜੋ ਇਹ ਹਿੱਸਾ ਨਾ ਸਿਰਫ਼ ਵਿਦਿਆਰਥੀਆਂ ਲਈ, ਸਗੋਂ ਹਰ ਆਮ ਪਾਠਕ ਲਈ ਬੇਹੱਦ ਪ੍ਰੇਰਨਾਦਾਇਕ ਹੋਵੇ ਕਿਉਂਕਿ ਇਹ ਸਿੱਖੀ ਦੇ ਆਦਰਸ਼ਾਂ ਨੂੰ ਸੰਖੇਪ ਤੇ ਸਪੱਸ਼ਟ ਰੂਪ ਵਿਚ ਪੇਸ਼ ਕਰਦਾ ਹੈ।




**ਚਾਰਟ ਦਾ ਦੂਜਾ ਹਿੱਸਾ, ਜੋ ਸਫੈਦ ਰੰਗ ਵਿਚ ਹੈ, ਗੁਰੂ ਗ੍ਰੰਥ ਸਾਹਿਬ ਜੀ ਦੇ ਰਚਨਾਕਾਰਾਂ ਦੀ ਵਿਅਕਤੀਗਤ ਜਾਣਕਾਰੀ ਨੂੰ ਦਰਸਾਉਂਦਾ ਹੈ। ਇੱਥੇ ਹਰ ਗੁਰੂ ਸਾਹਿਬ, ਭਗਤ ਸਾਹਿਬ, ਭੱਟ ਤੇ ਹੋਰ ਮਹਾਨ ਸ਼ਖ਼ਸੀਅਤਾਂ ਦਾ ਨਾਮ, ਜਨਮ ਕਾਲ ਅਤੇ ਇੱਕ ਪ੍ਰਮੁੱਖ ਸਿੱਖਿਆ ਲਿਖੀ ਗਈ ਹੈ ਅਤੇ ਇਸ ਹਿੱਸੇ 'ਚ ਵੀ ਰੰਗਾਂ ਨੂੰ ਬਹੁਤ ਹੀ ਖੂਬਸੂਰਤ ਢੰਗ ਨਾਲ ਵਰਤਿਆ ਗਿਆ ਹੈ। ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਅਲੱਗ-ਅਲੱਗ ਕਰਨ ਲਈ ਇਨ੍ਹਾਂ ਰੰਗਾਂ ਦੀ ਵਰਤੋਂ ਲਿਖਤੀ ਰੂਪ 'ਚ ਕੀਤੀ ਗਈ ਹੈ, ਤਾਂ ਜੋ ਇਹ ਹਿੱਸਾ ਨਾ ਸਿਰਫ਼ ਵਿਦਿਆਰਥੀਆਂ ਲਈ, ਸਗੋਂ ਹਰ ਆਮ ਪਾਠਕ ਲਈ ਬੇਹੱਦ ਪ੍ਰੇਰਨਾਦਾਇਕ ਹੋਵੇ ਕਿਉਂਕਿ ਇਹ ਸਿੱਖੀ ਦੇ ਆਦਰਸ਼ਾਂ ਨੂੰ ਸੰਖੇਪ ਤੇ ਸਪੱਸ਼ਟ ਰੂਪ ਵਿਚ ਪੇਸ਼ ਕਰਦਾ ਹੈ।**

6 ਫਰਵਰੀ,1954 ਨੂੰ ਕਪੂਰਥਲੇ ਜ਼ਿਲ੍ਹੇ ਦੇ ਲਾਗਲੇ ਪਿੰਡ ਕਾਦੂਪੁਰ ਵਿਖੇ ਜਨਮੇ ਡਾ. ਗੁਰਸ਼ਰਨ ਸਿੰਘ ਰੰਧਾਵਾ ਸਿਰਫ਼ ਇੱਕ ਵਿਗਿਆਨੀ ਜਾਂ ਖੋਜ ਕਰਤਾ ਹੀ ਨਹੀਂ, ਸਗੋਂ ਇੱਕ ਸਿੱਖ ਚਿੰਤਕ, ਕਵੀ, ਲੇਖਕ, ਫੋਟੋਗ੍ਰਾਫਰ ਤੇ ਪ੍ਰੇਰਨਾਦਾਇਕ ਵਕਤਾ ਵੀ ਹਨ। ਆਈ.ਆਈ.ਟੀ. ਰੁੜਕੀ ਵਿਖੇ ਬਾਇਓ ਟੈਕਨਾਲੋਜੀ ਦੇ ਪ੍ਰੋਫ਼ੈਸਰ ਤੇ ਵਿਭਾਗ ਮੁਖੀ ਰਹਿਣ ਤੋਂ ਇਲਾਵਾ ਉਹ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਵਾਈਸ ਚਾਂਸਲਰ ਅਤੇ ਨਾਰਥ ਡਕੋਟਾ ਸਟੇਟ ਯੂਨੀਵਰਸਿਟੀ (ਅਮਰੀਕਾ) ਵਿਚ ਵਿਜ਼ਿਟਿੰਗ ਸਾਇੰਟਿਸਟ ਵੀ ਰਹਿ ਚੁੱਕੇ ਹਨ। ਇਕ ਵਿਗਿਆਨੀ ਵਜੋਂ ਆਪਣੇ 34 ਸਾਲਾਂ ਕਾਰਜਕਾਲ ਤੋਂ 2018 ਵਿਚ ਸੇਵਾਮੁਕਤ ਹੋਣ ਤੋਂ ਬਾਅਦ ਅਤੇ ਕਰੋਨਾ ਕਾਲ ਦੌਰਾਨ ਕਰੋਨਾਗ੍ਰਸਤ ਹੋਣ 'ਤੇ ਉਨ੍ਹਾਂ ਨੇ ਆਪਣਾ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਐਨ ਲਈ ਸਮਰਪਿਤ ਕੀਤਾ। ਦਿਨ-ਰਾਤ ਬਾਣੀ ਦੀਆਂ ਰਚਨਾਵਾਂ, ਉਨ੍ਹਾਂ ਦੇ ਕਾਲ, ਰਾਗਾਂ ਤੇ ਅੰਗਾਂ ਦੀ ਡੂੰਘੀ ਖੋਜ ਕਰਦਿਆਂ ਡਾ. ਰੰਧਾਵਾ ਨੇ ਇਸ ਚਾਰਟ ਦਾ ਹਰੇਕ ਹਿੱਸਾ ਆਪਣੇ ਹੱਥੀਂ ਤਿਆਰ ਕੀਤਾ, ਜਿਸ ਨੂੰ ਬਾਅਦ ਵਿਚ ਡਿਜੀਟਲ ਰੂਪ ਦਿੱਤਾ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ, "ਜਿਵੇਂ ਵਿਗਿਆਨ ਵਿਚ ਸੂਤਰਾਂ ਰਾਹੀਂ ਗੁੱਥੀਆਂ ਖੋਲ੍ਹੀਆਂ ਜਾਂਦੀਆਂ ਹਨ, ਉਸੇ ਤਰ੍ਹਾਂ ਗੁਰਬਾਣੀ ਵਿਚ ਜੀਵਨ ਦੇ ਸੂਤਰ ਛੁਪੇ ਹੋਏ ਹਨ ਅਤੇ ਇਹ ਚਾਰਟ ਉਨ੍ਹਾਂ ਸੂਤਰਾਂ ਨੂੰ ਆਮ ਮਨੁੱਖ ਲਈ ਆਸਾਨ ਰੂਪ ਵਿਚ ਪੇਸ਼ ਕਰਦਾ ਹੈ।"



ਡਾ. ਗੁਰਸ਼ਰਨ ਸਿੰਘ ਰੰਧਾਵਾ

ਇਹ ਵਿਲੱਖਣ ਰੂਪੀ ਸੱਚ, ਸਬਰ ਤੇ ਵਿਚਾਰ ਦਾ ਥਾਲ ਹੁਣ ਸਿਰਫ਼ ਇਕ ਖੋਜ-ਪ੍ਰਯੋਗ ਹੀ ਨਹੀਂ ਰਿਹਾ, ਸਗੋਂ ਇੱਕ ਆਤਮਕ ਦ੍ਰਿਸ਼ਟੀ ਦਾ ਮਾਧਿਅਮ ਵੀ ਬਣ ਚੁੱਕਿਆ ਹੈ। ਡਾ. ਰੰਧਾਵਾ ਇਸ ਚਾਰਟ ਨੂੰ ਦੇਸ਼-ਵਿਦੇਸ਼ ਦੇ ਵੱਖ-ਵੱਖ ਗੁਰੂ-ਘਰਾਂ, ਧਾਰਮਿਕ ਅਸਥਾਨਾਂ ਅਤੇ ਵਿੱਦਿਅਕ ਸੰਸਥਾਵਾਂ ਵਿਚ ਆਪ ਵੀ ਸੇਵਾ 'ਚ ਲਗਾ ਰਹੇ ਹਨ, ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਲੋਕ ਇਸ ਤੋਂ ਲਾਭ ਪ੍ਰਾਪਤ ਕਰ ਸਕਣ। ਉਨ੍ਹਾਂ ਨੇ ਦੱਸਿਆ ਕਿ ਜਲਦ ਹੀ ਉਹ ਇਸ ਚਾਰਟ ਦੀ ਵੈੱਬਸਾਈਟ ਵੀ ਸ਼ੁਰੂ ਕਰਨ ਜਾ ਰਹੇ ਹਨ, ਜਿਸ ਰਾਹੀਂ ਇਸ ਵਿਲੱਖਣ ਖੋਜ ਨੂੰ ਸੰਸਾਰ ਭਰ ਦੇ ਸਿੱਖਾਂ ਤੱਕ ਪਹੁੰਚਾਇਆ ਜਾਏਗਾ ਅਤੇ ਇਹ ਡਿਜ਼ੀਟਲ ਪਹੁੰਚ ਨਾ ਸਿਰਫ਼ ਵਿਦਿਆਰਥੀਆਂ ਲਈ ਸਿਖਲਾਈ ਦਾ ਸਰੋਤ ਹੋਵੇਗੀ, ਸਗੋਂ ਗੁਰਮਤਿ ਵਿਚ ਦਿਲਚਸਪੀ ਰੱਖਣ ਵਾਲੇ ਹਰ ਵਿਅਕਤੀ ਲਈ ਪ੍ਰੇਰਨਾ ਦਾ ਸਰੋਤ ਵੀ ਬਣੇਗੀ।

ਡਾ. ਰੰਧਾਵਾ ਦਾ ਇਹ ਵੀ ਮੰਨਣਾ ਹੈ ਕਿ ਗੁਰੂ-ਘਰਾਂ ਤੋਂ ਇਲਾਵਾ ਇਹ ਚਾਰਟ ਹਰ ਸਿੱਖ ਪਰਿਵਾਰ ਦੇ ਘਰ ਵਿਚ ਹੋਣਾ ਚਾਹੀਦਾ ਹੈ। ਉਹ ਕਹਿੰਦੇ ਹਨ "ਜੇ ਅਸੀਂ ਆਪਣੇ ਘਰ ਦੀ ਦੀਵਾਰ 'ਤੇ ਇਹ ਚਾਰਟ ਲਗਾਈਏ, ਤਾਂ ਇਹ ਸਿਰਫ਼ ਇਕ ਚਾਰਟ ਨਹੀਂ, ਸਗੋਂ ਗੁਰਬਾਣੀ ਨਾਲ ਜੁੜਨ ਦਾ ਇਕ ਅਜਿਹਾ ਸਾਧਨ ਹੋਵੇਗਾ, ਜੋ ਸਾਨੂੰ ਯਾਦ ਦਿਵਾਉਂਦਾ ਰਹੇਗਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਡੇ ਜੀਵਨ ਲਈ ਕਿੰਨੀ ਮਹੱਤਵਪੂਰਨ ਹੈ।" ਇਹ ਚਾਰਟ ਸਾਨੂੰ ਸਿੱਖੀ ਦੇ ਉਸ ਆਧਾਰ ਨਾਲ ਜੋੜਦਾ ਹੈ, ਜਿਸ ਵਿਚ ਧਾਰਮਿਕ ਗਿਆਨ, ਵਿਗਿਆਨਕ ਵਿਵਸਥਾ ਅਤੇ ਆਤਮਕ ਚੇਤਨਾ ਤਿੰਨੇ ਇਕੱਠੇ ਹੋ ਕੇ ਇਕ ਸੱਚੇ ਸਿੱਖ ਦਾ ਜੀਵਨ ਘੜਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖੀ ਜੀਵਨ ਲਈ ਅੰਮ੍ਰਿਤ ਹੈ, ਜਿਸ ਨੂੰ ਸਮਝਣ ਲਈ ਡਾ. ਗੁਰਸ਼ਰਨ ਸਿੰਘ ਰੰਧਾਵਾ ਵਰਗੇ ਵਿਅਕਤੀਆਂ ਦੀ ਮਿਹਨਤ ਪ੍ਰੇਰਨਾਦਾਇਕ ਉਦਾਹਰਨ ਹੈ। ਵਿਗਿਆਨ ਅਤੇ ਅਧਿਆਤਮਕ ਦੇ ਮਿਲਾਪ ਨਾਲ ਤਿਆਰ ਕੀਤਾ ਇਹ ਚਾਰਟ ਸਿੱਖ ਧਰਮ ਦੀ ਡੂੰਘਾਈ ਨੂੰ ਨਵੇਂ ਅੰਗੀਕਾਰ 'ਚ ਪੇਸ਼ ਕਰਦਾ ਹੈ। ਇਹ ਗੁਰਬਾਣੀ ਦੀ ਉਹ ਦ੍ਰਿਸ਼ਮਾਨ ਰੂਹ ਹੈ, ਜੋ ਸਾਨੂੰ ਯਾਦ ਦਿਵਾਉਂਦੀ ਹੈ ਕਿ ਸੱਚ, ਸਬਰ ਅਤੇ ਵਿਚਾਰ ਹੀ ਸਾਡੇ ਜੀਵਨ ਦੇ ਤਿੰਨ ਅਸਲੀ ਮੂਲ ਹਨ।

# ਸਾਧਨਾ ਤੋਂ ਸੁੰਦਰਤਾ ਵੱਲ


ਸ਼ਹਿਨਾਜ਼ ਹੁਸੈਨ

ਸੰਪਰਕ: 98685-20019

(ਲੇਖਿਕਾ ਇੱਕ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸ਼ੰਸਾ ਪ੍ਰਾਪਤ ਸੁੰਦਰਤਾ ਮਾਹਰ ਹੈ ਅਤੇ ਹਰਬਲ ਕਵੀਨ ਦੇ ਤੌਰ 'ਤੇ ਪ੍ਰਸਿੱਧ ਹੈ)



ਪੰਜਾਬੀ ਅਨੁਵਾਦ : ਚਾਨਣ ਦੀਪ ਸਿੰਘ ਔਲਖ

ਪੰਜਾਬ ਮੇਲ USA


ਅੱਜ ਦੇ ਭੱਜ-ਦੌੜ ਵਾਲੇ ਜੀਵਨ ਵਿਚ ਸੁੰਦਰਤਾ ਪ੍ਰਾਪਤ ਕਰਨ ਲਈ ਔਰਤਾਂ ਦਾ ਪਾਊਡਰ, ਕਰੀਮਾਂ, ਸਿਰਪਾਂ, ਸੁੰਦਰਤਾ ਸੈਲੂਨ ਅਤੇ ਸੁੰਦਰਤਾ ਮਾਹਰਾਂ 'ਤੇ ਨਿਰਭਰਤਾ ਵਧੇਰੇ ਜ਼ਰੂਰੀ ਹੋ ਗਈ ਹੈ। ਉਹ ਮਹਿਸੂਸ ਕਰਦੀਆਂ ਹਨ ਕਿ ਨਰਮ, ਆਕਰਸ਼ਕ, ਨਿਰਪੱਖ ਅਤੇ ਨਰਮ ਚਮੜੀ ਮਹਿੰਗੇ ਸ਼ਿੰਗਾਰਾਂ ਦੀ ਵਧੇਰੇ ਵਰਤੋਂ ਅਤੇ ਮਹਿੰਗੇ ਸੁੰਦਰਤਾ ਸੈਲੂਨ ਦੇ ਇਲਾਜ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ। ਪਰ ਇਹ ਪੂਰੀ ਤਰ੍ਹਾਂ ਸਹੀ ਨਹੀਂ ਹੈ। ਕਿਉਂਕਿ ਸੁੰਦਰਤਾ ਨੂੰ ਸਰੀਰਕ, ਭਾਵਨਾਤਮਕ ਅਤੇ ਅਧਿਆਤਮਿਕ ਅਵਸਥਾਵਾਂ ਦਾ ਮਿਸ਼ਰਣ ਮੰਨਿਆ ਜਾਂਦਾ ਹੈ। ਕਿਸੇ ਵਿਅਕਤੀ ਦੀਆਂ ਮਾਨਸਿਕ ਅਤੇ ਸਰੀਰਕ ਸਥਿਤੀਆਂ ਇੱਕ ਦੂਜੇ ਨਾਲ ਸਬੰਧਤ ਹੁੰਦੀਆਂ ਹਨ ਅਤੇ ਮਾਨਸਿਕ ਅਵਸਥਾ ਦਾ ਸਰੀਰਕ ਸਥਿਤੀ 'ਤੇ ਸਿੱਧਾ ਅਸਰ ਹੁੰਦਾ ਹੈ। ਇਸਦਾ ਇੱਕ ਹੋਰ ਪਹਿਲੂ ਵੀ ਹੈ, ਜਿਸ ਨੂੰ ਅਸੀਂ ਰੂਹਾਨੀ ਜਾਂ ਅੰਦਰੂਨੀ ਸੁੰਦਰਤਾ ਦੇ ਨਾਮ ਨਾਲ ਜਾਣਦੇ ਹਾਂ। ਅੰਦਰੂਨੀ ਸੁੰਦਰਤਾ ਨੂੰ ਮਨੁੱਖੀ ਢਾਂਚੇ ਦਾ ਇਕ ਹਿੱਸਾ ਮੰਨਿਆ ਜਾਂਦਾ ਹੈ ਅਤੇ ਸੁੰਦਰਤਾ ਨੂੰ ਅੰਦਰੂਨੀ ਸੁੰਦਰਤਾ ਦੀ ਗਣਨਾ ਕੀਤੇ ਬਿਨਾਂ ਪੂਰੀ ਤਰ੍ਹਾਂ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਵਿਅਕਤੀ ਦੀ ਸ਼ਖਸੀਅਤ ਲਈ ਤੁਹਾਨੂੰ ਸਰੀਰਕ ਅਤੇ ਅਧਿਆਤਮਕ ਸੁੰਦਰਤਾ ਨੂੰ ਸਮਝਣਾ ਹੋਵੇਗਾ।

ਕਿਸੇ ਵੀ ਔਰਤ ਦੀ ਸੁੰਦਰਤਾ ਸਿਰਫ ਮਹਿੰਗੇ ਉਤਪਾਦਾਂ ਦੀ ਵਰਤੋਂ ਦਾ ਨਤੀਜਾ ਨਹੀਂ ਹੁੰਦੀ, ਬਲਕਿ ਸਾਡੇ ਵਿਚਾਰ, ਭਾਵਨਾਤਮਕ ਸੰਤੁਲਨ ਸਾਡੀ ਚਮੜੀ, ਵਾਲਾਂ ਆਦਿ ਦੀ ਸੁੰਦਰਤਾ ਨੂੰ ਵੀ ਪ੍ਰਭਾਵਤ ਕਰਦੇ ਹਨ। ਸਾਰਾ ਸੰਸਾਰ ਸਾਡੀ ਮਾਨਸਿਕ ਸਥਿਤੀ ਨੂੰ ਸਾਡੀ ਚਮੜੀ ਦੇ ਭਾਵਾਂ ਦੁਆਰਾ ਜਾਣਦਾ ਹੈ। ਜੇ ਅਸੀਂ ਸ਼ਰਮਿੰਦਾ ਮਹਿਸੂਸ ਕਰਦੇ ਹਾਂ, ਤਾਂ ਸਾਡੀ ਚਮੜੀ ਪੀਲੀ ਹੋ ਜਾਂਦੀ ਹੈ, ਜਦੋਂ ਕਿ ਡਰ ਦੇ ਮਾਹੌਲ ਵਿਚ ਸਾਡੀ ਚਮੜੀ ਚਿੱਟੀ ਹੋ ਜਾਂਦੀ ਹੈ! ਸਾਡੀ ਚਮੜੀ/ਰੰਗ ਮੁਸੀਬਤਾਂ ਦੇ ਦੌਰਾਨ ਰਾਤੋ-ਰਾਤ ਖੁਸ਼ਕ, ਪੀਲਾ ਜਾਂ ਫੇਡ ਹੋ ਜਾਂਦਾ ਹੈ। ਅੱਜ ਦੀ ਤਣਾਅ ਨਾਲ ਭਰੀ ਜ਼ਿੰਦਗੀ ਵਿਚ ਵਾਲਾਂ ਦਾ ਝੜਨਾ, ਚਿੱਟਾ ਹੋਣਾ, ਨਹੁੰ-ਮੁਹਾਸੇ, ਝੁਰੜੀਆਂ ਆਦਿ ਆਮ ਸਮੱਸਿਆਵਾਂ ਹੋ ਗਈਆਂ ਹਨ।

ਮੈਡੀਟੇਸ਼ਨ ਕਰਨਾ ਕੇਵਲ ਇੱਕ ਮਾਨਸਿਕ, ਸਰੀਰਕ ਅਤੇ ਅਧਿਆਤਮਕ ਸਬੰਧਸੂਤਰ ਹੀ ਨਹੀਂ ਹੈ, ਬਲਕਿ ਮੈਡੀਟੇਸ਼ਨ ਤਣਾਅ, ਬੇਚੈਨੀ, ਡਰ ਅਤੇ ਚਿੰਤਾ ਨੂੰ ਵੀ ਦੂਰ ਕਰਦਾ ਹੈ, ਜੋ ਚਮੜੀ ਦੇ ਸਾਰੇ ਵਿਕਾਰਾਂ ਲਈ ਜ਼ਿੰਮੇਵਾਰ ਮੰਨੇ ਜਾਂਦੇ ਹਨ। ਮੈਡੀਟੇਸ਼ਨ ਕਰਨ ਨਾਲ ਸਰੀਰ ਵਿਚ ਇਮਿਊਨਿਟੀ ਵੱਧਦੀ ਹੈ, ਮਨ ਸ਼ਾਂਤ ਹੁੰਦਾ ਹੈ ਅਤੇ ਤਣਾਅ ਘੱਟ ਹੁੰਦਾ ਹੈ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਜਿਸ ਦੇ ਕਾਰਨ ਕੁਦਰਤੀ ਸੁੰਦਰਤਾ, ਨਿਰਮਤਾ, ਆਕਰਸ਼ਣ ਅਤੇ ਚਮਕ ਚਮੜੀ ਵਿਚ ਝਲਕਦੀ ਹੈ ਅਤੇ ਤੁਹਾਡੀ ਸੁੰਦਰਤਾ ਨੂੰ ਚਾਰ ਚੰਨ ਲੱਗਦੇ ਹਨ।

ਮੈਡੀਟੇਸ਼ਨ ਕਰਨ ਨਾਲ ਚਮੜੀ ਵਿਚ ਕੁਦਰਤੀ "ਸੀਬੂਮ ਤੇਲ" ਪੈਦਾ ਹੁੰਦਾ ਹੈ, ਜੋ ਚਮੜੀ ਦੇ ਹਾਰਮੋਨ ਅਤੇ ਚਮੜੀ ਵਿਚ ਆਕਸੀਜਨ ਦੇ ਸੰਚਾਰ ਨੂੰ ਸੰਤੁਲਿਤ ਕਰਦਾ ਹੈ, ਸਰੀਰ 'ਚ ਖੂਨ ਦੇ ਪ੍ਰਵਾਹ ਨੂੰ ਸੰਤੁਲਿਤ ਕਰਦਾ ਹੈ। ਜੋ ਤੁਹਾਡੀ ਸੁੰਦਰਤਾ ਨੂੰ ਵਧਾਉਂਦਾ ਹੈ ਅਤੇ ਤੁਹਾਡੀ ਸ਼ਖਸੀਅਤ ਨੂੰ ਵਧਾਉਂਦਾ ਹੈ।





ਕਿਸੇ ਵੀ ਔਰਤ ਦੀ ਸੁੰਦਰਤਾ ਸਿਰਫ ਮਹਿੰਗੇ ਉਤਪਾਦਾਂ ਦੀ ਵਰਤੋਂ ਦਾ ਨਤੀਜਾ ਨਹੀਂ ਹੁੰਦੀ, ਬਲਕਿ ਸਾਡੇ ਵਿਚਾਰ, ਭਾਵਨਾਤਮਕ ਸੰਤੁਲਨ ਸਾਡੀ ਚਮੜੀ, ਵਾਲਾਂ ਆਦਿ ਦੀ ਸੁੰਦਰਤਾ ਨੂੰ ਵੀ ਪ੍ਰਭਾਵਤ ਕਰਦੇ ਹਨ। ਸਾਰਾ ਸੰਸਾਰ ਸਾਡੀ ਮਾਨਸਿਕ ਸਥਿਤੀ ਨੂੰ ਸਾਡੀ ਚਮੜੀ ਦੇ ਭਾਵਾਂ ਦੁਆਰਾ ਜਾਣਦਾ ਹੈ। ਜੇ ਅਸੀਂ ਸ਼ਰਮਿੰਦਾ ਮਹਿਸੂਸ ਕਰਦੇ ਹਾਂ, ਤਾਂ ਸਾਡੀ ਚਮੜੀ ਪੀਲੀ ਹੋ ਜਾਂਦੀ ਹੈ, ਜਦੋਂ ਕਿ ਡਰ ਦੇ ਮਾਹੌਲ ਵਿਚ ਸਾਡੀ ਚਮੜੀ ਚਿੱਟੀ ਹੋ ਜਾਂਦੀ ਹੈ! ਸਾਡੀ ਚਮੜੀ/ਰੰਗ ਮੁਸੀਬਤਾਂ ਦੇ ਦੌਰਾਨ ਰਾਤੋ-ਰਾਤ ਖੁਸ਼ਕ, ਪੀਲਾ ਜਾਂ ਫੇਡ ਹੋ ਜਾਂਦਾ ਹੈ। ਅੱਜ ਦੀ ਤਣਾਅ ਨਾਲ ਭਰੀ ਜ਼ਿੰਦਗੀ ਵਿਚ ਵਾਲਾਂ ਦਾ ਝੜਨਾ, ਚਿੱਟਾ ਹੋਣਾ, ਨਹੁੰ-ਮੁਹਾਸੇ, ਝੁਰੜੀਆਂ ਆਦਿ ਆਮ ਸਮੱਸਿਆਵਾਂ ਹੋ ਗਈਆਂ ਹਨ।

ਸ਼ੁਰੂ ਵਿਚ ਤੁਸੀਂ ਮੁੱਢਲੀਆਂ ਗੱਲਾਂ ਤੋਂ ਸ਼ੁਰੂ ਕਰ ਸਕਦੇ ਹੋ। ਆਪਣੇ ਕਮਰੇ ਦੇ ਸ਼ਾਂਤ ਵਾਤਾਵਰਣ ਵਿਚ ਬੈੱਡ ਜਾਂ ਬਿਸਤਰੇ 'ਤੇ ਲੇਟੋ ਅਤੇ ਆਪਣੇ ਸਰੀਰ ਨੂੰ ਅਰਾਮਦਾਇਕ ਸਥਿਤੀ ਵਿਚ ਰੱਖੋ, ਜੇ ਤੁਹਾਨੂੰ ਆਪਣੀ ਪਿੱਠ/ਬਾਂਹ/ਮੋਢੇ ਆਦਿ ਵਿਚ ਦਰਦ ਹੈ ਜਾਂ ਕੋਈ ਹੋਰ ਸਰੀਰਕ ਸਮੱਸਿਆ ਹੈ, ਤਾਂ ਇਸ ਨੂੰ ਨਜ਼ਰਅੰਦਾਜ਼ ਨਾ ਕਰੋ। ਆਪਣੀਆਂ ਅੱਖਾਂ ਬੰਦ ਕਰੋ ਅਤੇ ਲੰਬੇ ਡੂੰਘੇ ਸਾਹ ਲਓ ਅਤੇ ਇਸ ਤੋਂ ਬਾਅਦ ਸਾਧਾਰਣ ਡੂੰਘੇ ਸਾਹ ਲੈਂਦੇ ਰਹੋ ਅਤੇ ਆਪਣਾ ਧਿਆਨ ਆਪਣੇ ਸਾਹ 'ਤੇ ਕੇਂਦਰਿਤ ਕਰੋ ਅਤੇ ਇਸ ਪ੍ਰਕਿਰਿਆ ਨੂੰ ਜਾਰੀ ਰਹਿਣ ਦਿਓ। ਸ਼ੁਰੂ ਵਿਚ, ਤੁਹਾਨੂੰ ਸਵੇਰੇ ਅਤੇ ਸ਼ਾਮ ਨੂੰ ਸਵਾਸਾਂ 'ਤੇ 5 ਮਿੰਟ ਲਈ ਧਿਆਨ ਦੇਣਾ ਚਾਹੀਦਾ ਹੈ ਅਤੇ ਫਿਰ ਨਿਰੰਤਰ ਅਭਿਆਸ ਨਾਲ ਆਪਣੇ ਸਮੇਂ ਦੀ ਮਿਆਦ ਨੂੰ ਵਧਾਉਂਦੇ ਰਹੋ।

ਧਿਆਨ ਦੇ ਦੌਰਾਨ ਸਮਾਜਿਕ ਜਾਂ ਹੋਰ ਸਮਾਗਮਾਂ 'ਤੇ ਬਹੁਤ ਜ਼ਿਆਦਾ ਕੇਂਦਰਿਤ ਨਾ ਕਰੋ। ਤੁਸੀਂ ਘਟਨਾਵਾਂ ਨੂੰ ਆਪਣੇ ਵਿਚਾਰਾਂ ਵਿਚ ਆਉਣ ਦਿਓ ਪਰ ਉਨ੍ਹਾਂ 'ਤੇ ਬਹੁਤ ਜ਼ਿਆਦਾ ਕੇਂਦਰਿਤ ਨਾ ਕਰੋ, ਬਲਕਿ ਉਨ੍ਹਾਂ ਨੂੰ ਬਾਹਰ ਨਿਕਲਣ ਦਿਓ ਅਤੇ ਆਪਣੇ ਆਪ ਨੂੰ ਕਿਸੇ ਵੀ ਵਿਚਾਰ ਨਾਲ ਨਾ ਜੋੜੋ ਅਤੇ ਇਸ 'ਤੇ ਆਪਣੇ ਵਿਚਾਰਾਂ ਨੂੰ ਬਿਲਕੁਲ ਨਾ ਬਦਲੋ। ਵਿਚਾਰਾਂ ਦੇ ਨਿਯਮਤ ਪ੍ਰਵਾਹ ਦੇ ਕਾਰਨ, ਇਕ ਸਮੇਂ ਤੁਹਾਡੇ ਵਿਚਾਰ ਤੁਹਾਡੇ ਆਪ ਆ ਜਾਣਗੇ ਅਤੇ ਤੁਸੀਂ ਧਿਆਨ ਦੀ ਆਸ ਵਿਚ ਸ਼ਾਮਲ ਹੋ ਜਾਓਗੇ।

ਆਪਣੀ ਜੀਵਨ ਸ਼ੈਲੀ ਵਿਚ ਮੈਡੀਟੇਸ਼ਨ ਜੋੜ ਕੇ ਇਸ ਨੂੰ ਆਪਣੇ ਰੋਜ਼ਮਰ੍ਹਾ ਦਾ ਹਿੱਸਾ ਬਣਾਓ। ਦਵਾਈ ਵਾਂਗ ਮੈਡੀਟੇਸ਼ਨ ਤੋਂ ਤੁਰੰਤ ਆਰਾਮ/ਨਤੀਜੇ ਦੀ ਉਮੀਦ ਨਾ ਕਰੋ। ਮੈਡੀਟੇਸ਼ਨ ਇੱਕ ਨਿਰੰਤਰ ਪ੍ਰਕਿਰਿਆ ਹੈ ਅਤੇ ਤੁਹਾਨੂੰ ਨਤੀਜੇ ਇੱਕ ਨਿਸ਼ਚਿਤ ਸਮੇਂ ਦੇ ਬਾਅਦ ਪ੍ਰਾਪਤ ਹੋਣਗੇ। ਧਿਆਨ ਵਿਚ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਬਰ ਨਾ ਛੱਡੋ, ਪਰ ਕੁਦਰਤ ਨੂੰ ਆਪਣਾ ਚੱਕਰ ਪੂਰਾ ਕਰਨ ਦਿਓ। ਧਿਆਨ ਲਗਾਉਣ ਤੋਂ ਇੱਕ ਘੰਟਾ ਪਹਿਲਾਂ ਕੋਈ ਭੋਜਨ, ਚਾਹ, ਕੌਫੀ ਆਦਿ ਤੋਂ ਪਰਹੇਜ਼ ਕਰੋ ਅਤੇ ਜੇ ਤੁਸੀਂ ਨਿਯਮਤ ਧਿਆਨ ਲਗਾਉਂਦੇ ਹੋ ਤਾਂ ਚੰਗਾ ਹੈ ਕਿ ਮਾਸਾਹਾਰੀ ਭੋਜਨ, ਸ਼ਰਾਬ, ਅੰਡੇ ਆਦਿ ਖਾਣ ਤੋਂ ਪਰਹੇਜ਼ ਕਰੋ। ਨਿਯਮਤ ਧਿਆਨ ਨਾਲ ਸਰੀਰ ਵਿਚ ਹਵਾ ਦਾ ਸੰਚਾਰ ਚੱਲਦਾ ਹੈ, ਜਿਸ ਦੇ ਕਾਰਨ ਸਰੀਰ ਵਿਚ ਟਿਸ਼ੂ ਅਤੇ ਸੈੱਲ ਮੁੜ ਜੀਵਿਤ ਹੁੰਦੇ ਹਨ, ਜਿਸ ਕਾਰਨ ਸਰੀਰ ਵਿਚ ਜਵਾਨੀ ਅਤੇ ਸੁੰਦਰਤਾ ਬਹਾਲ ਹੋ ਜਾਂਦੀ ਹੈ ਅਤੇ ਤੁਹਾਡੀ ਸ਼ਖਸੀਅਤ ਉਭਰ ਆਉਂਦੀ ਹੈ। ਮੈਡੀਟੇਸ਼ਨ ਤੁਹਾਡੇ ਖੂਨ ਦੇ ਦਬਾਅ ਨੂੰ ਨਿਯਮਤ ਰੂਪ ਵਿਚ ਸੰਤੁਲਿਤ ਕਰਦਾ ਹੈ, ਜੋ ਕਿ ਤਣਾਅ ਸੰਬੰਧੀ ਬਿਮਾਰੀਆਂ ਜਿਵੇਂ ਕਿ ਸਿਰਦਰਦ, ਅਲਸਰ, ਭੁੱਖ ਦੀ ਕਮੀ, ਮਾਸਪੇਸ਼ੀ ਦੇ ਤਣਾਅ ਅਤੇ ਜੋੜਾਂ ਦੇ ਦਰਦ ਤੋਂ ਛੁਟਕਾਰਾ ਪਾਉਂਦਾ ਹੈ। ਵਿਗਿਆਨਕ ਤੌਰ 'ਤੇ ਇਹ ਸਾਬਤ ਹੋਇਆ ਹੈ ਕਿ ਮੈਡੀਟੇਸ਼ਨ ਸਰੀਰ ਵਿਚ ਇਕ ਰਸਾਇਣ ਨੂੰ ਛੱਡਦਾ ਹੈ, ਜੋ ਸਰੀਰ ਵਿਚ ਤਣਾਅ ਅਤੇ ਹਾਰਮੋਨਜ਼ ਦੇ ਰਸਾਇਣ ਦਾ ਮੁਕਾਬਲਾ ਕਰਨ ਨਾਲ ਤੁਹਾਨੂੰ ਪੂਰੀ ਮਾਨਸਿਕ ਸ਼ਾਂਤੀ ਦੀ ਸਥਿਤੀ ਵਿਚ ਲਿਆਉਂਦਾ ਹੈ ਅਤੇ ਇਹ ਤੁਹਾਡੀ ਜਵਾਨੀ ਅਤੇ ਸੁੰਦਰਤਾ ਵਿਚ ਚਾਰ ਚੰਦ ਲਗਾਉਂਦਾ ਹੈ।

- ਜਤਿੰਦਰ ਪਨੂੰ
ਪੰਜਾਬ ਮੇਲ USA



# ਹਾਲਾਤ ਦਾ ਵਹਿਣ ਸਮਝਦੇ ਸੱਜਣ ਵੀ ਇਸ ਬਾਰੇ ਬੋਲਣ ਤੋਂ ਝਿਜਕਦੇ ਕਿਉਂ ਹਨ !

ਸਾਡੇ ਆਸ-ਪਾਸ ਵਾਲੇ ਬਹੁਤ ਸਾਰੇ ਲੋਕਾਂ ਨੂੰ ਤੇ ਕਈ ਵਾਰ ਖੁਦ ਮੈਨੂੰ ਵੀ, ਅਗਲੇ ਪੰਜ-ਸੱਤ ਸਾਲਾਂ ਤੱਕ ਦੀ ਘੋਖਵੀਂ ਨਜ਼ਰ ਮਾਰ ਕੇ ਕਿਸੇ ਦ੍ਰਿਸ਼ ਦੀ ਲੋੜ ਜੋਗੀ ਵਿਆਖਿਆ ਕਰ ਛੱਡਣੀ ਚੋਖੀ ਜਾਪਦੀ ਹੈ। ਕੌਮਾਂ ਲਈ ਜ਼ਿੰਦਗੀ ਦੇ ਵਕਫੇ ਬਹੁਤ ਜ਼ਿਆਦਾ ਲੰਮੇਰੇ ਪੈਂਡੇ ਵਾਲੇ ਹੁੰਦੇ ਹਨ ਅਤੇ ਪੰਜ-ਸੱਤ ਸਾਲ ਇਨ੍ਹਾਂ ਦੇ ਹਿਸਾਬ ਨਾਲ ਕਿਸੇ ਗਿਣਤੀ ਵਿੱਚ ਨਹੀਂ ਸਮਝਣੇ ਚਾਹੀਦੇ। ਇਸ ਲਈ ਇਹ ਗੱਲਾਂ ਕਰਨੀਆਂ ਫਜ਼ੂਲ ਹਨ ਕਿ ਅਗਲੀ ਚੋਣ ਜਾਂ ਉਸ ਤੋਂ ਅਗਲੀ ਚੋਣ ਵਿੱਚ ਫਲਾਣੀ ਪਾਰਟੀ ਜਾਂ ਫਲਾਣੀ ਧਿਰ ਜਿੱਤ ਜਾਂ ਹਾਰ ਸਕਦੀ ਹੈ। ਮਾਮਲਾ ਧਿਰਾਂ ਤੋਂ ਵੱਧ ਵਿਚਾਰਾਂ ਦਾ ਹੁੰਦਾ ਹੈ ਤੇ ਵਿਚਾਰਾਂ ਦੇ ਪੱਖੋਂ ਅਗਲੇ ਕਈ ਸਾਲਾਂ ਦੌਰਾਨ ਕਿਹੜੀ ਧਿਰ ਅਗੇਤ ਫੜ ਸਕਦੀ ਹੈ, ਇਸ ਵੱਲ ਵੇਖੇ ਬਿਨਾਂ ਸਮੁੱਚੀ ਸਥਿਤੀ ਦਾ ਵਿਸ਼ਲੇਸ਼ਣ ਕਰੀ ਜਾਣਾ ਫਜ਼ੂਲ ਦੀ ਕਸਰਤ ਬਣ ਕੇ ਰਹਿ ਜਾਂਦਾ ਹੈ। ਇਹੋ ਗੱਲ ਇਸ ਵੇਲੇ ਪੰਜਾਬ ਵਿਧਾਨ ਸਭਾ ਦੀਆਂ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਅਤੇ ਉਨ੍ਹਾਂ ਵਿੱਚ ਉੱਭਰਨ ਵਾਲੀ ਕਿਸੇ ਧਿਰ ਬਾਰੇ ਕਹੀ ਜਾ ਸਕਦੀ ਹੈ।

ਪੰਜਾਬ ਜਾਂਦਾ ਕਿੱਧਰ ਦਿੱਸਦਾ ਹੈ? ਇਸ ਵਕਤ ਵਿਰੋਧ ਦੀ ਸਭ ਤੋਂ ਵੱਡੀ ਧਿਰ ਕਾਂਗਰਸ ਪਾਰਟੀ ਦੇ ਅੰਦਰੂਨੀ ਹਾਲਾਤ ਜਿੱਦਾਂ ਦੇ ਦਿੱਸਦੇ ਹਨ, ਜੇ ਉਨ੍ਹਾਂ ਵਿੱਚ ਮੋੜਾ ਨਹੀਂ ਪੈਂਦਾ, ਜੇ ਏਸੇ ਤਰ੍ਹਾਂ ਅੱਠ ਜਣੇ ਮੁੱਖ ਮੰਤਰੀ ਦੀ ਕੁਰਸੀ ਦੇ ਦਾਅਵੇਦਾਰ ਬਣੇ ਰਹਿਣਗੇ ਤਾਂ ਉਨ੍ਹਾਂ ਦੀ ਝੋਲੀ ਵਿੱਚ ਖੈਰ ਨਹੀਂ ਪੈਣੀ ਜਾਪਦੀ। ਹਾਲ ਦੀ ਘੜੀ ਉਹ ਲੋਕ ਏਦਾਂ ਦੀਆਂ ਹਰਕਤਾਂ ਤੋਂ ਹਟਣ ਵਾਲੇ ਨਹੀਂ ਜਾਪਦੇ। ਦੂਸਰੀ ਧਿਰ ਅਕਾਲੀਆਂ ਦੀ ਹੈ, ਜਿਹੜੀ ਸਿਰਸੇ ਡੇਰੇ ਨਾਲ ਕਦੀ ਸਾਂਝਾਂ ਅਤੇ ਕਦੀ ਉਸ ਵਿਰੁੱਧ ਹੁਕਮ ਜਾਰੀ ਕਰਾਉਣ, ਕਦੀ ਮੁਆਫੀ ਦਿਵਾਉਣ ਅਤੇ ਕਦੀ ਮੁਆਫੀ ਦੇ ਹੁਕਮ ਵਾਪਸ ਕਰਵਾਉਣ ਕਾਰਨ ਇਹੋ ਜਿਹੀ ਜਿੱਲ੍ਹਣ ਵਿੱਚ ਫਸੀ ਹੈ ਕਿ ਅੱਜ ਤੱਕ ਪੰਜਾਬ ਦੇ ਲੋਕਾਂ ਅਤੇ ਖਾਸ ਤੌਰ ਉੱਤੇ ਸਿੱਖ ਭਾਈਚਾਰੇ ਵਿੱਚ ਉਸ ਦੀ ਪਹਿਲਾਂ ਵਾਂਗ ਪੱਕੀ ਹਮਾਇਤ ਬਹਾਲ ਹੀ ਨਹੀਂ ਹੋ ਸਕੀ। ਤੀਸਰੀ ਧਿਰ ਪੰਜਾਬ ਵਿੱਚ ਲੋਕਾਂ ਦੀ ਅਣਕਿਆਸੀ ਹਮਾਇਤ ਨਾਲ ਚੁਣੀ ਗਈ ਵੱਡੀ ਬਹੁ-ਗਿਣਤੀ ਨਾਲ ਮਜ਼ਬੂਤ ਹੋਣ ਦੇ ਦਾਅਵੇ ਕਰਦੀ ਆਮ ਆਦਮੀ ਪਾਰਟੀ ਹੈ। ਉਸ ਦੀ ਲੀਡਰਸ਼ਿਪ ਨੂੰ ਪੰਜਾਬੀ ਦਾ ਇਹ ਅਖਾਣ ਯਾਦ ਨਹੀਂ ਕਿ 'ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹ ਸਕਦੀ।' ਲੰਮੇਰੇ ਰਾਜ ਦੇ ਸੁਫਨੇ ਲੈਣ ਵਾਲੇ ਕਈ ਹੋਰ ਪਹਿਲਿਆਂ ਵਾਂਗ ਇਹ ਵੀ ਸੋਚਦੇ ਹਨ ਕਿ ਸਾਡੇ ਮੂਹਰੇ ਜਦੋਂ ਕੋਈ ਤਕੜੀ ਟੱਕਰ ਲੈਣ ਵਾਲੀ ਧਿਰ ਨਹੀਂ ਦਿੱਸਦੀ ਤਾਂ ਸਾਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਅਤੇ ਆਪਣੇ ਏਸੇ ਵਹਿਮ ਹੇਠ ਆਪਣੇ ਤੋਂ ਪਹਿਲਿਆਂ ਵਾਲੀਆਂ ਗਲਤੀਆਂ ਦੁਹਰਾਉਂਦੇ ਜਾਂਦੇ ਹਨ। ਹਾਲਾਤ ਤੋਂ ਲੱਗਦਾ ਹੈ ਕਿ ਜਨਤਕ ਫਤਵੇ ਦੀ ਅਗਲੀ ਘੜੀ ਸਿਰ ਉੱਤੇ ਆਣ ਪੁੱਜਣ ਤੱਕ ਉਨ੍ਹਾਂ ਇਸ ਵਹਿਮ ਦੀ ਸਥਿਤੀ ਵਿੱਚੋਂ ਨਹੀਂ ਨਿਕਲਣਾ ਤੇ 'ਅਬ ਪਛਤਾਏ ਹੋਤ ਕਿਆ, ਜਬ ਚਿੜੀਆ ਚੁਗ ਗਈ ਖੇਤ' ਵਾਲੀ ਸਥਿਤੀ ਬਣਨ ਤੱਕ ਉਹ ਇਹੋ ਜਿਹਾ ਤਜਰਬਾ ਕਰ ਕੇ ਹੀ ਰਹਿਣਗੇ।

ਏਦਾਂ ਦੇ ਹਾਲਾਤ ਵਿੱਚ ਸਿਰਫ ਇੱਕ ਧਿਰ, ਦੁਹਰਾ ਕੇ ਕਹਿ ਸਕਦੇ ਹਾਂ ਕਿ ਸਿਰਫ ਇੱਕ ਧਿਰ ਆਪਣੀ ਸੋਚ ਤੇ ਪਹੁੰਚ ਵਿੱਚ ਪੂਰੀ ਸਪੱਸ਼ਟਤਾ ਹੀ ਨਹੀਂ, ਪੂਰੀ ਰਣਨੀਤੀ ਨਾਲ ਚਲਦੀ ਦਿੱਸਦੀ ਹੈ ਤੇ ਉਹ ਕੇਂਦਰ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਹੈ। ਮੇਰੇ ਸਮੇਤ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚ ਕਚਰਾ ਮੰਨੇ ਜਾਂਦੇ ਅਤੇ ਆਮ ਲੋਕਾਂ ਤੋਂ ਨਿੱਖੜੇ ਹੋਏ ਲੀਡਰਾਂ ਨੂੰ ਭਾਜਪਾ ਵਾਲੇ ਆਪਣੇ ਨਾਲ ਮਿਲਾਉਣ ਲਈ ਹਰ ਵਕਤ ਤਿਆਰ ਹਨ ਅਤੇ ਇਹੋ ਲੋਕ ਭਵਿੱਖ ਵਿੱਚ ਉਨ੍ਹਾਂ ਦੀ ਬੇੜੀ ਵਿੱਚ ਪੱਥਰ ਬਣ ਸਕਦੇ ਹਨ। ਉਹ ਆਪਣੇ ਅੰਦਰ ਦੀ ਹਰ ਗੱਲ ਤਾਂ ਦੱਸਣ ਵਾਲੇ ਨਹੀਂ, ਪਰ ਇਹ ਗੱਲ ਸਾਫ ਕਹਿੰਦੇ ਹਨ ਕਿ ਏਦਾਂ ਦੇ ਬੰਦਿਆਂ ਤੋਂ ਜਿੱਦਾਂ ਦਾ ਖਤਰਾ ਬਾਕੀ ਪਾਰਟੀਆਂ ਨੂੰ ਹੁੰਦਾ ਹੈ, ਭਾਜਪਾ ਨੂੰ ਬਿਲਕੁਲ ਨਹੀਂ। ਉਨ੍ਹਾਂ ਦੀ ਧਾਰਨਾ ਹੈ ਕਿ ਇਸ ਪਾਰਟੀ ਅੰਦਰ ਜਿੱਦਾਂ ਦਾ ਮਜ਼ਬੂਤ ਡਿਸਿਪਲਿਨ ਰੱਖਿਆ ਜਾਂਦਾ ਹੈ, ਉਸ ਦੇ ਹੁੰਦਿਆਂ ਦੂਸਰੀਆਂ ਪਾਰਟੀਆਂ ਤੋਂ ਆਏ ਆਗੂ ਇੱਕ ਵਾਰੀ ਇਸ ਵਿੱਚ ਆਉਣ ਤੋਂ ਬਾਅਦ ਸਹੀ ਸ਼ਬਦਾਂ ਵਿੱਚ ਏਦਾਂ 'ਬੱਚੂ' ਬਣ ਕੇ ਦਿਨ ਕੱਟਦੇ ਹਨ ਕਿ ਕਿਸੇ ਦੀ ਕੁਸਕਣ ਜੋਗੀ ਹਿੰਮਤ ਨਹੀਂ ਹੁੰਦੀ। ਕੁਝ ਰਾਜਾਂ ਵਿੱਚ ਏਦਾਂ ਬਾਹਰੋਂ ਆਏ ਆਗੂਆਂ ਨੂੰ ਵਿਖਾਵੇ ਦਾ ਮੁੱਖ ਮੰਤਰੀ ਬਣਾਉਣ ਜਾਂ ਸੂਬਾ ਪ੍ਰਧਾਨਗੀ ਅਹੁਦਾ ਦੇਣ ਦਾ ਤਜਰਬਾ ਉਹ ਕਾਮਯਾਬੀ ਨਾਲ ਕਰ ਚੁੱਕੇ ਹਨ ਅਤੇ ਜਿਹੜਾ ਕੋਈ ਉਸ ਪਾਰਟੀ ਨਾਲ ਇੱਕ ਵਾਰੀ ਰਲ ਗਿਆ, ਫਿਰ ਉਸ ਦੇ ਬੁਣੇ ਹੋਏ ਚੱਕਰ ਤੋਂ ਬਾਹਰ ਨਿਕਲਣ ਦੀ ਗੱਲ ਸੋਚਣ ਜੋਗਾ ਨਹੀਂ ਸੀ ਰਹਿੰਦਾ। ਇਸ ਲਈ ਉਹ ਏਥੇ ਪੰਜਾਬ ਵਿੱਚ ਵੀ ਜਿੱਦਾਂ ਅਤੇ ਜਿਹੜਾ ਮਿਲ ਜਾਂਦਾ ਹੈ, ਉਨ੍ਹਾਂ ਸਭ ਨੂੰ ਆਪਣੇ ਨਾਲ ਮਿਲਾ ਕੇ ਆਪਣੀ ਪਲਟਨ ਤਕੜੀ ਗਿਣਤੀ ਵਾਲੀ ਕਰਨ ਦੇ ਆਹਰ ਵਿੱਚ ਲੱਗੇ ਹੋਏ ਹਨ। ਅਗਲੇ ਦਿਨੀਂ ਇਹ ਹੱਲਾ ਹੋਰ ਤੇਜ਼ ਹੋਣ ਵਾਲਾ ਹੈ।

ਬੀਤੇ ਹਫਤੇ ਪੰਜਾਬ ਦੇ ਚਾਰ ਜਣੇ, ਜਿਹੜੇ ਆਗੂ ਦੱਸੇ ਗਏ ਹਨ, ਉਨ੍ਹਾਂ ਆਪਣੇ ਵਿੱਚ ਹੋਰ ਵੀ ਸ਼ਾਮਲ ਕੀਤੇ ਹਨ। ਉਹ ਆਗੂ ਕਿੱਡੇ ਵੱਡੇ ਹਨ, ਇਹ ਗੱਲ ਮਾਅਨੇ ਹੀ ਨਹੀਂ ਰੱਖਦੀ, ਅਰਥ ਭਰਪੂਰ ਇਹ ਹੈ ਕਿ ਉਨ੍ਹਾਂ ਦਾ ਭਾਜਪਾ ਵੱਲ ਜਾਣਾ ਓਧਰ ਵੱਲ ਦਲਬਦਲੀਆਂ ਵਾਲੀ ਇੱਕ ਖਾਸ ਲੜੀ ਅੱਗੇ ਵਧਦੇ ਜਾਣ ਦਾ ਇੱਕ ਹੋਰ ਮਣਕਾ ਹੈ ਤੇ ਏਦਾਂ ਦੇ ਮਣਕੇ ਉਹ ਹਰ ਵਿਧਾਨ ਸਭਾ ਹਲਕੇ ਨੂੰ ਆਪਣੀ ਪਕੜ ਹੇਠ ਕਰਨ ਲਈ ਲਗਤਾਰ ਕਰ ਰਹੇ ਹਨ ਅਤੇ ਕੋਈ ਵੀ ਹੋਰ ਧਿਰ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਮੁਕਾਬਲਾ ਕਰਨ ਵਾਲੀ ਨਹੀਂ ਦਿੱਸ ਰਹੀ। ਜਗਮੀਤ ਸਿੰਘ ਬਰਾੜ ਜਾਂ ਉਸ ਦਾ ਭਰਾ ਰਿਪਜੀਤ ਸਿੰਘ ਬਰਾੜ ਆਪਣੀ ਸਰਗਰਮੀ ਵਾਲੇ ਇਲਾਕੇ ਵਿੱਚ ਅੱਜ ਭਾਰੂ ਨਹੀਂ ਜਾਪਦੇ ਹੋਣੇ, ਪਰ ਹਲਕੇ ਦੇ ਹਰ ਪਿੰਡ ਵਿੱਚ ਕੁਝ ਨਾ ਕੁਝ ਰਸੂਖਦਾਰ ਲੋਕਾਂ ਤੱਕ ਲਗਾਤਾਰ ਸਾਂਝ ਰੱਖਣ ਲਈ ਜਾਣੇ ਜਾਂਦੇ ਹਨ। ਜਦੋਂ ਚੋਣਾਂ ਨੇੜੇ ਪੁੱਜ ਕੇ ਇਨ੍ਹਾਂ ਨੂੰ ਥਾਪੜਾ ਦੇ ਕੇ ਤੋਰ ਦਿੱਤਾ ਗਿਆ ਅਤੇ ਖਰਚੇ ਲਈ ਦੇਸ਼ ਦੇ ਵੱਡੇ ਪੂੰਜੀਦਾਰਾਂ ਦੇ ਬੰਦਿਆਂ ਨੇ ਰਾਤ ਨੂੰ ਆ ਕੇ ਹੌਸਲੇ ਬੁਲੰਦ ਕਰ ਦਿੱਤੇ ਤਾਂ ਪਿੰਡਾਂ ਵਿਚਲੇ ਜਿਹੜੇ ਰਸੂਖਦਾਰਾਂ ਤੱਕ ਅੱਜ ਓਪਰਾ ਜਿਹਾ ਸੰਪਰਕ ਜਾਪਦਾ ਹੈ, ਉਹ ਸਾਰੇ ਇਨ੍ਹਾਂ ਨਾਲ ਤੁਰ ਸਕਦੇ ਹਨ। ਏਦਾਂ ਪਹਿਲਾਂ ਵੀ ਕਈ ਵਾਰੀ ਹੋ ਚੁੱਕਾ ਹੋਣ ਦਾ ਤਜਰਬਾ ਮੌਜੂਦ ਹੈ।

ਭਾਜਪਾ ਬਾਰੇ ਇਹ ਗੱਲ ਜ਼ੋਰ ਨਾਲ ਕਹੀ ਜਾਂਦੀ ਹੈ ਕਿ ਉਹ ਇਹੋ ਜਿਹੇ ਲੋਕਾਂ ਨੂੰ ਆਪਣੇ ਵਿੱਚ ਸ਼ਾਮਲ ਕਰ ਵੀ ਲਵੇ ਤਾਂ ਇਨ੍ਹਾਂ ਵਿੱਚ ਕੋਈ ਏਦਾਂ ਦਾ ਲੱਭਣਾ ਔਖਾ ਹੈ, ਜਿਹੜਾ ਖੁਦ ਨੀਤੀ ਘੜਨ ਤੇ ਅਮਲ ਦੇ ਮੈਦਾਨ ਵਿੱਚ ਕੋਈ ਤਕੜਾ ਕਦਮ ਚੁੱਕਣ ਵਰਗੀ ਸਮਰੱਥਾ ਦਾ ਮਾਲਕ ਹੋਵੇ। ਬਿਨਾਂ ਸ਼ੱਕ ਇਨ੍ਹਾਂ ਵਿੱਚ ਕੁਝ ਬੰਦੇ ਸਮਰੱਥਾਵਾਨ ਵੀ ਕਹੇ ਜਾ ਸਕਦੇ ਹਨ, ਪਰ ਜਿਨ੍ਹਾਂ ਨੂੰ ਅੱਜ ਨਿਗੱਲੇ ਬੰਦੇ ਮੰਨਿਆ ਜਾਂਦਾ ਹੈ, ਡਿਸਿਪਲਿਨ ਵਿੱਚ ਬੱਝੀ ਹੋਈ ਇਸ ਧਿਰ ਕੋਲ ਇਹੋ ਜਿਹੇ ਬੰਦੇ ਵਰਤਣ ਦਾ ਪ੍ਰਬੰਧ ਵੀ ਪੂਰਾ ਸਾਬਤ ਹੋ ਚੁੱਕਾ ਹੈ। ਮਨੋਹਰ ਲਾਲ ਖੱਟਰ ਹਰਿਆਣੇ ਦਾ ਜਦੋਂ ਮੁੱਖ ਮੰਤਰੀ ਬਣਾਇਆ ਤਾਂ ਉਸ ਪੰਚਾਇਤ ਨੂੰ ਸਾਂਭਣ ਦਾ ਤਜਰਬਾ ਤੱਕ ਨਹੀਂ ਸੀ। ਉਸ ਵੇਲੇ ਸਰਕਾਰੀ ਚੈਨਲ ਦੂਰਦਰਸ਼ਨ ਤੋਂ ਕਿਹਾ ਸੀ ਕਿ ਖੱਟਰ ਦੇ ਬਹਾਨੇ ਨਰਿੰਦਰ ਮੋਦੀ ਦੀ ਟੀਮ ਇੱਕ ਤਜਰਬੇ ਦਾ ਯਤਨ ਕਰ ਰਹੀ ਹੈ ਕਿ ਦਿੱਲੀ ਬੈਠ ਕੇ ਰਾਜਾਂ ਦਾ ਪ੍ਰਬੰਧ ਚਲਾਇਆ ਜਾ ਸਕਦਾ ਹੈ। ਜੇ ਇਹ ਤਜਰਬਾ ਕਾਮਯਾਬੀ ਨਾਲ ਸਿਰੇ ਚੜ੍ਹ ਗਿਆ ਤਾਂ ਫਿਰ ਹੋਰ ਰਾਜਾਂ ਵਿੱਚ ਵੀ ਇਹੋ ਕੀਤਾ ਜਾਵੇਗਾ। ਪਿਛਲੇਰੇ ਸਾਲ ਭਾਰਤ ਦੇ ਦੋ ਹੋਰ ਰਾਜ ਵੀ ਇਸ ਤਜਰਬੇ ਦੀ ਤੱਕੜੀ ਉੱਤੇ ਰੱਖ ਦਿੱਤੇ ਗਏ, ਜਿਨ੍ਹਾਂ ਵਿੱਚ ਪੰਜਾਬ ਨਾਲੋਂ ਦੁੱਗਣਾ ਵੱਡਾ ਰਾਜਸਥਾਨ ਸ਼ਾਮਲ ਹੈ। ਓਥੇ ਜਿਸ ਲੀਡਰ ਨੂੰ ਮੁੱਖ ਮੰਤਰੀ ਬਣਾਇਆ ਗਿਆ, ਉਹ ਅਹੁਦੇ ਦੀ ਸਹੁੰ ਚੁੱਕਣ ਤੋਂ ਇੱਕ ਦਿਨ ਪਹਿਲਾਂ ਤੱਕ ਸਿਰਫ ਆਪਣੇ ਪਿੰਡ ਦਾ ਸਰਪੰਚ ਸੀ, ਪਹਿਲਾਂ ਕਦੀ ਵਿਧਾਇਕ ਵੀ ਨਹੀਂ ਬਣਿਆ ਤੇ ਇਸ ਵੱਡੀ ਕੁਰਸੀ ਉੱਤੇ ਜਿਹੜੇ ਤਜਰਬੇਕਾਰ ਆਗੂ ਅੱਖ ਟਿਕਾਈ ਫਿਰਦੇ ਸਨ, ਸਭ ਲਾਂਭੇ ਕਰ ਕੇ ਰਾਜ ਦੀ ਕਮਾਨ ਇਸ ਨੂੰ ਫੜਾਈ ਗਈ ਤੇ ਫਿਰ ਦਿੱਲੀ ਤੋਂ ਰਾਜ ਚਲਾਇਆ ਜਾ ਰਿਹਾ ਹੈ।




ਅੰਗਰੇਜ਼ੀ ਦਾ ਸ਼ਬਦ 'ਰੈਜਮੈਂਟੇਸ਼ਨ' ਇਸ ਸੋਚ ਦਾ ਪ੍ਰਤੀਕ ਹੁੰਦਾ ਹੈ ਕਿ ਕੇਂਦਰੀ ਕਮਾਂਡ ਤੋਂ ਫੌਜ ਨੂੰ ਹੇਠਾਂ ਤੱਕ ਬੰਧੇਜ ਵਿੱਚ ਰੱਖ ਕੇ ਕਿਵੇਂ ਚਲਾਇਆ ਜਾ ਸਕਦਾ ਹੈ ਅਤੇ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਨਾਲ ਉਨ੍ਹਾਂ ਦੇ ਕਾਰਜਕਰਤਾਵਾਂ ਨੂੰ ਇਸ ਤਰ੍ਹਾਂ ਦੀ ਸਿਰਫ ਸਿੱਖਿਆ ਨਹੀਂ ਦਿੱਤੀ ਜਾਂਦੀ, ਸਗੋਂ ਇੱਕ ਸੋਚ ਉਨ੍ਹਾਂ ਦੇ ਮਨਾਂ ਵਿੱਚ ਭਰੀ ਜਾਂਦੀ ਹੈ ਕਿ ਤੁਸੀਂ ਫੌਜੀ ਰੈਜਮੈਂਟ ਵਾਂਗ ਚੱਲਣਾ ਹੈ। ਇਸ ਕਾਰਨ ਉਹ ਲੋਕ ਫਿਰ ਕਦੀ ਕਿਸੇ ਗੱਲ ਉੱਤੇ ਕਿੰਤੂ ਨਹੀਂ ਕਰਦੇ ਤੇ ਜਿਹੜਾ ਕੋਈ ਉਨ੍ਹਾਂ ਵਿੱਚ ਨਵਾਂ ਸ਼ਾਮਲ ਹੁੰਦਾ ਹੈ, ਉਸ ਨੂੰ ਪਹਿਲਾ ਸਬਕ ਇਹੋ ਪੜ੍ਹਾਇਆ ਜਾਂਦਾ ਹੈ ਕਿ ਹੋਰ ਜੋ ਮਰਜ਼ੀ ਕਰੇ, ਬੰਧੇਜ ਤੋਂ ਬਾਹਰ ਜਾਣ ਦੀ ਗੱਲ ਕਦੇ ਨਾ ਸੋਚੇ। ਇਸ ਕਾਰਨ ਭਾਜਪਾ ਦੀ ਲੀਡਰਸ਼ਿਪ ਨੂੰ ਇਸ ਦੀ ਚਿੰਤਾ ਬਿਲਕੁਲ ਨਹੀਂ ਕਿ ਨਵੇਂ ਆਏ ਇਹ ਆਗੂ ਕੋਈ ਖਰਾਬੀ ਕਰ ਸਕਣਗੇ, ਸਗੋਂ ਪੂਰਾ ਯਕੀਨ ਹੈ ਕਿ ਏਦਾਂ ਕਰ ਹੀ ਨਹੀਂ ਸਕਦੇ।

ਇਸ ਸਾਰੀ ਕਹਾਣੀ ਵਿੱਚੋਂ ਸਾਰੇ ਲੋਕ ਇਹ ਸੋਚ ਸਕਦੇ ਹਨ ਕਿ ਇਹ ਇੱਕ ਰਾਜਸੀ ਪਾਰਟੀ ਨੂੰ ਆਪਣੇ ਬੰਧੇਜ ਵਿੱਚ ਰੱਖ ਕੇ ਚਲਾਉਣ ਦਾ ਚੱਕਰ ਹੀ ਹੈ, ਪਰ ਗੱਲ ਸਿਰਫ ਏਨੀ ਨਹੀਂ, ਓਦੋਂ ਅੱਗੇ ਇਸ ਦੇਸ਼ ਨੂੰ ਬੰਧੇਜ ਵਾਲੇ ਪ੍ਰਬੰਧ ਵਿੱਚ ਏਦਾਂ ਲਛਮਣ-ਰੇਖਾ ਅੰਦਰ ਰੱਖਣ ਤੱਕ ਜਾਣੀ ਹੈ ਕਿ ਕੋਈ ਵਿਰੋਧ ਹੀ ਨਾ ਰਹੇ। ਪੁਰਾਤਨ ਰਿਸ਼ੀਆਂ ਵਾਲੇ ਪ੍ਰਬੰਧ ਦੀਆਂ ਕਹਾਣੀਆਂ ਦੱਸੀਆਂ ਜਾਂਦੀਆਂ ਹਨ, ਜਿੱਥੇ ਮਿਲਣ ਵਾਲੀ ਆਗਿਆ ਜਾਇਜ਼ ਜਾਂ ਨਾਜਾਇਜ਼ ਦਾ ਸਵਾਲ ਹੀ ਨਹੀਂ ਚੁੱਕਿਆ ਜਾਣਾ ਚਾਹੀਦਾ, ਜਿਸ ਨੂੰ ਗੁਰੂ ਮੰਨ ਲਿਆ, ਉਹ ਗੁਰੂ-ਦਕਸ਼ਿਣਾ ਵਿੱਚ ਅੰਗੂਠਾ ਵੱਢ ਕੇ ਦੇਣ ਲਈ ਵੀ ਕਹਿ ਦੇਵੇ ਤਾਂ ਕਿੰਤੂ ਨਹੀਂ ਕਰਨਾ, ਆਗਿਆ ਦਾ ਪਾਲਣ ਕਰਨਾ ਹੁੰਦਾ ਹੈ। ਅਵੱਗਿਆ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ ਜਾਂਦੀ ਅਤੇ ਇਸ ਆਗਿਆਕਾਰੀ ਪ੍ਰਬੰਧ ਵਿੱਚੋਂ 'ਪੁਰਾਤਨ ਯੁੱਗ' ਦੇ ਮਜ਼ਬੂਤ 'ਇੰਦਰ ਪ੍ਰਸਥ' ਦੀ ਕਾਮਨਾ ਇਸ ਤਰ੍ਹਾਂ ਪੇਸ਼ ਕੀਤੀ ਜਾਂਦੀ ਹੈ ਕਿ ਭਾਵੁਕ ਹੋਏ ਲੋਕ ਓਦੋਂ ਅੱਗੇ ਕੁਝ ਸੋਚਦੇ ਹੀ ਨਹੀਂ। ਪੰਜਾਬ ਵਿੱਚ ਇਸ ਵਕਤ ਇਸ ਮਕਸਦ ਲਈ ਇੱਕ ਖਾਸ ਸੋਚ ਹੇਠ ਕੰਮ ਕੀਤਾ ਜਾਣ ਲੱਗ ਪਿਆ ਹੈ, ਜਿਸ ਨੂੰ ਵਿਚਾਰਵਾਨ ਲੋਕ ਸਮਝਦੇ ਹਨ ਤਾਂ ਬੋਲਣ ਲਈ ਦਲੀਲਾਂ ਲੱਭਣ ਵਿੱਚ ਮੁਸ਼ਕਲ ਮਹਿਸੂਸ ਕਰਨ ਲੱਗਦੇ ਹਨ। ਕਈ ਉਹ ਲੋਕ ਮਿਲੇ ਹਨ, ਜਿਹੜੇ ਸੋਚ ਪੱਖੋਂ ਇਸ ਤਰ੍ਹਾਂ ਦੇ ਵਰਤਾਰੇ ਨੂੰ ਠੀਕ ਨਹੀਂ ਮੰਨਦੇ, ਪਰ ਦੋ ਗੱਲਾਂ ਕਾਰਨ ਇਸ ਦੇ ਵਿਰੋਧ ਤੋਂ ਪਾਸਾ ਵੱਟਦੇ ਹਨ। ਪਹਿਲੀ ਗੱਲ ਇਹ ਕਿ ਇਸ ਦੇ ਵਿਰੋਧ ਦਾ ਕੋਈ ਸਮਾਂ ਨਹੀਂ ਰਹਿ ਗਿਆ, ਏਨਾ ਪਾਣੀ ਪੁਲਾਂ ਹੇਠੋਂ ਵਗ ਚੁੱਕਾ ਹੈ ਕਿ ਮੋੜਾ ਪੈਣ ਦੀ ਕੋਈ ਸੰਭਾਵਨਾ ਨਹੀਂ ਰਹੀ। ਦੂਸਰੇ ਇਹੋ ਜਿਹੇ ਮਿਲਦੇ ਹਨ, ਜਿਹੜੇ ਸਿੱਧਾ ਨਾ ਵੀ ਕਹਿਣ ਤਾਂ ਇਸ਼ਾਰਿਆਂ ਵਿੱਚ ਇਹ ਦੱਸ ਜਾਂਦੇ ਹਨ ਕਿ ਗੱਲ ਅੱਜ ਦੀ ਨਹੀਂ, ਉਸ ਭਵਿੱਖ ਦੇ ਸਮੇਂ ਦੀ ਹੈ, ਜਦੋਂ ਸਭ ਕੁਝ ਉਨ੍ਹਾਂ ਦੇ ਹੱਥ ਆ ਜਾਣਾ ਹੈ, ਜੇ ਅੱਜ ਉਨ੍ਹਾਂ ਵਿਰੁੱਧ ਕੁਝ ਬੋਲਿਆ ਤਾਂ ਓਦੋਂ ਵਰਤਣ ਵਾਸਤੇ ਰਿਕਾਰਡ ਰੱਖ ਸਕਦੇ ਹਨ। ਗੁਲਾਮ ਸੋਚ ਬੋਲਣ ਤੋਂ ਰੋਕ ਸਕਦੀ ਹੋਵੇ ਜਾਂ ਭਵਿੱਖ ਦਾ ਸਹਿਮ ਰੋਕਦਾ ਹੋਵੇ, ਦੋਵੇਂ ਹਾਲਾਤ ਵਿੱਚ ਇਸ ਵੇਲੇ ਉਨ੍ਹਾਂ ਦਾ ਚੁੱਪ ਰਹਿਣਾ ਚੁਭਦਾ ਹੈ।

ਜਦੋਂ ਭਾਰਤ ਦੇ ਰਾਜਨੀਤਕ ਹਾਲਾਤ ਏਦਾਂ ਦੇ ਵਹਿਣ ਵਿੱਚ ਵਗਦੇ ਦਿਖਾਈ ਦੇ ਰਹੇ ਹੋਣ, ਉਸ ਵੇਲੇ ਭਵਿੱਖ ਦੇ ਕਿਹੋ ਜਿਹੇ ਭਾਰਤ ਦੀ ਕਲਪਨਾ ਕੀਤੀ ਜਾ ਸਕਦੀ ਹੈ, ਇਹ ਗੱਲ ਹਰ ਕਿਸੇ ਲਈ ਸਿਰ ਨਾਲ ਸੋਚਣ ਵਾਲੀ ਹੈ।

ਬੀਤੇ ਹਫਤੇ ਪੰਜਾਬ ਦੇ ਚਾਰ ਜਣੇ, ਜਿਹੜੇ ਆਗੂ ਦੱਸੇ ਗਏ ਹਨ, ਉਨ੍ਹਾਂ ਆਪਣੇ ਵਿੱਚ ਹੋਰ ਵੀ ਸ਼ਾਮਲ ਕੀਤੇ ਹਨ। ਉਹ ਆਗੂ ਕਿੱਡੇ ਵੱਡੇ ਹਨ, ਇਹ ਗੱਲ ਮਾਅਨੇ ਹੀ ਨਹੀਂ ਰੱਖਦੀ, ਅਰਥ ਭਰਪੂਰ ਇਹ ਹੈ ਕਿ ਉਨ੍ਹਾਂ ਦਾ ਭਾਜਪਾ ਵੱਲ ਜਾਣਾ ਓਧਰ ਵੱਲ ਦਲਬਦਲੀਆਂ ਵਾਲੀ ਇੱਕ ਖਾਸ ਲੜੀ ਅੱਗੇ ਵਧਦੇ ਜਾਣ ਦਾ ਇੱਕ ਹੋਰ ਮਣਕਾ ਹੈ ਤੇ ਏਦਾਂ ਦੇ ਮਣਕੇ ਉਹ ਹਰ ਵਿਧਾਨ ਸਭਾ ਹਲਕੇ ਨੂੰ ਆਪਣੀ ਪਕੜ ਹੇਠ ਕਰਨ ਲਈ ਲਗਤਾਰ ਕਰ ਰਹੇ ਹਨ ਅਤੇ ਕੋਈ ਵੀ ਹੋਰ ਧਿਰ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਮੁਕਾਬਲਾ ਕਰਨ ਵਾਲੀ ਨਹੀਂ ਦਿੱਸ ਰਹੀ। ਜਗਮੀਤ ਸਿੰਘ ਬਰਾੜ ਜਾਂ ਉਸ ਦਾ ਭਰਾ ਰਿਪਜੀਤ ਸਿੰਘ ਬਰਾੜ ਆਪਣੀ ਸਰਗਰਮੀ ਵਾਲੇ ਇਲਾਕੇ ਵਿੱਚ ਅੱਜ ਭਾਰੂ ਨਹੀਂ ਜਾਪਦੇ ਹੋਣੇ, ਪਰ ਹਲਕੇ ਦੇ ਹਰ ਪਿੰਡ ਵਿੱਚ ਕੁਝ ਨਾ ਕੁਝ ਰਸੂਖਦਾਰ ਲੋਕਾਂ ਤੱਕ ਲਗਾਤਾਰ ਸਾਂਝ ਰੱਖਣ ਲਈ ਜਾਣੇ ਜਾਂਦੇ ਹਨ।

ਡਾਕਟਰ ਅਜੀਤ ਸਿੰਘ ਕੋਟ ਕਪੂਰਾ
ਮੋਬਾਈਲ ਨੰਬਰ +1-657-464-4066
ਪੰਜਾਬ ਮੇਲ USA



# ਪ੍ਰੇਸ਼ਾਨੀ

## ਕਹਾਣੀ



ਰਿੰਕੂ ਆਪਣੇ ਮਾਪਿਆਂ ਉਤਮ ਸਿੰਘ ਅਤੇ ਗੁਰਦੀਪ ਕੌਰ ਦਾ ਇਕਲੌਤਾ ਪੁੱਤਰ ਸੀ। ਉਹ ਬਹੁਤ ਹੀ ਸ਼ਰਾਰਤੀ ਸੀ। ਹਰ ਰੋਜ਼ ਕਿਸੇ ਨਾ ਕਿਸੇ ਸ਼ਰਾਰਤ ਕਾਰਨ ਉਸ ਨੂੰ ਆਪਣੇ ਅਧਿਆਪਕ ਪਾਸੋਂ ਝਿੜਕਾਂ ਪੈ ਹੀ ਜਾਂਦੀਆਂ ਸਨ। ਉਸ ਨੇ ਆਪਣੀਆਂ ਆਦਤਾਂ ਨੂੰ ਬਦਲਣ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਸੀ। ਉਸ ਦੇ ਮਾਪੇ ਵੀ ਇਸ ਗੱਲੋਂ ਪ੍ਰੇਸ਼ਾਨ ਸਨ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦਾ ਬੱਚਾ ਪੜ੍ਹਾਈ ਲਿਖਾਈ ਵੱਲ ਆਪਣਾ ਮਨ ਕੇਂਦਰਿਤ ਕਰੇ। ਉਤਮ ਸਿੰਘ ਹਰ ਹਫਤੇ ਆਪਣੇ ਟਰੱਕ ਲੈ ਕੇ ਚਲਾ ਜਾਂਦਾ ਸੀ ਅਤੇ ਐਤਵਾਰ ਵਾਪਿਸ ਆਉਂਦਾ ਸੀ। ਇਕ ਦਿਨ ਘਰੇ ਰਹਿ ਕੇ ਸੋਮਵਾਰ ਫਿਰ ਆਪਣਾ ਟਰੱਕ ਲੈ ਕੇ ਚਲਾ ਜਾਂਦਾ ਸੀ। ਘਰ ਵਿਚ ਰਿੰਕੂ ਤੇ ਗੁਰਦੀਪ ਕੌਰ ਹੀ ਘਰ ਵਿਚ ਰਹਿ ਜਾਂਦੇ ਸਨ। ਰਿੰਕੂ ਆਪਣੀ ਮਾਂ ਗੁਰਦੀਪ ਕੌਰ ਦਾ ਕਹਿਣਾ ਤਾਂ ਬਿਲਕੁਲ ਹੀ ਮੰਨਦਾ ਨਹੀਂ ਸੀ। ਉਹ ਰੋਜ਼ਾਨਾ ਉਸ ਨੂੰ ਨਾਸ਼ਤਾ ਕਰਵਾ ਕੇ ਅਤੇ ਲੰਚ ਤਿਆਰ ਕਰਕੇ ਸਕੂਲ ਭੇਜ ਦਿੰਦੀ ਸੀ। ਉਹ ਹਰ ਰੋਜ਼ ਕਿਸੇ ਨਾ ਕਿਸੇ ਨਾਲ ਝਗੜਾ ਕਰ ਕੇ ਵਾਪਸ ਆ ਜਾਇਆ ਕਰਦਾ ਸੀ। ਇਕ ਦਿਨ ਉਤਮ ਸਿੰਘ ਸਕੂਲ ਵਿਚ ਅਧਿਆਪਕ ਨੂੰ ਮਿਲਣ ਸਕੂਲ ਚਲਾ ਗਿਆ ਅਤੇ ਉਹ ਚਾਹੁੰਦਾ ਸੀ ਕਿ ਰਿੰਕੂ ਨੂੰ ਅਧਿਆਪਕ ਦੀ ਸਲਾਹ ਨਾਲ ਕਿਸੇ ਤਰ੍ਹਾਂ ਪੜ੍ਹਾਈ ਵੱਲ ਮੋੜਿਆ ਜਾਵੇ ਅਤੇ ਰਿੰਕੂ ਸ਼ਰਾਰਤਾਂ ਤੋਂ ਕਿਨਾਰਾ ਕਰ ਲਵੇ। ਉਤਮ ਸਿੰਘ ਇਹ ਸੋਚਦਾ ਸੀ ਕਿ ਹੋ ਸਕਦਾ ਹੈ ਕਿ ਇਸ ਦਾ ਅਧਿਆਪਕ ਸਾਡੀ ਕੋਈ ਮਦਦ ਕਰ ਸਕੇ ਤੇ ਸਾਡੀ ਪ੍ਰੇਸ਼ਾਨੀ ਦੂਰ ਹੋ ਸਕੇ। ਅਧਿਆਪਕ ਨੇ ਦੱਸਿਆ ਕਿ ਰਿੰਕੂ ਦਾ ਦਿਮਾਗ ਤਾਂ ਤੇਜ਼ ਹੈ ਪਰ ਇਹ ਸ਼ਰਾਰਤਾਂ ਵੱਲ ਜ਼ਿਆਦਾ ਧਿਆਨ ਦਿੰਦਾ ਹੈ, ਜੇਕਰ ਤੁਸੀਂ ਇਸ ਨੂੰ ਕਹਾਣੀਆਂ ਵੱਲ ਕੇਂਦਰਿਤ ਕਰ ਸਕੋ, ਤਾਂ ਕੁਝ ਸੁਧਾਰ ਹੋ ਸਕਦਾ ਹੈ। ਮੈਂ ਸਕੂਲ ਦੀ ਲਾਇਬ੍ਰੇਰੀ ਵਿਚੋਂ ਇਸ ਨੂੰ ਕਿਤਾਬ ਲੈ ਕੇ ਦੇਵਾਂਗਾ ਅਤੇ ਤੁਸੀਂ ਇਸ ਤੋਂ ਉਹ ਕਹਾਣੀ ਸੁਣਨੀ ਹੋਵੇਗੀ। ਜੇਕਰ ਇਹ ਚੰਗੀ ਤਰ੍ਹਾਂ ਨਾ ਪੜ੍ਹ ਸਕੇ ਤਾਂ ਤੁਸੀਂ ਇਸ ਦੀ ਸਹਾਇਤਾ ਕਰ ਦੇਣਾ। ਮੈਂ ਇਸ ਤੋਂ ਇਹ ਕਹਾਣੀ ਸੁਣਾਂਗਾ ਉਸ ਵਿਚ ਗਲਤੀਆਂ ਵੀ ਸੁਧਾਰ ਕਰ ਦੇਵਾਂਗਾ। ਫਿਰ ਇਹ ਕਹਾਣੀ ਸਾਰੀ ਜਮਾਤ ਨੂੰ ਸੁਣਾਏਗਾ ਅਤੇ ਫਿਰ ਇਹ ਸਵੇਰ ਦੀ ਸਭਾ ਵਿਚ ਸੁਣਾਏਗਾ। ਇਸ ਤਰ੍ਹਾਂ ਇਸ ਦਾ ਧਿਆਨ ਸਿੱਧੇ ਪਾਸੇ ਵੱਲ ਹੋ ਜਾਵੇਗਾ। ਸ਼ਰਾਰਤਾਂ ਤੋਂ ਧਿਆਨ ਪਾਸੇ ਹੋ ਜਾਵੇਗਾ। ਮੈਨੂੰ ਤੁਹਾਡੀ ਪ੍ਰੇਸ਼ਾਨੀ ਨੂੰ ਹੱਲ ਕਰਨ ਦਾ ਇਹ ਢੰਗ ਅਜ਼ਮਾ ਲੈਣ ਦਿਉ। ਜੇਕਰ ਮਸਲੇ ਦਾ ਹੱਲ ਇਹ ਨਾ ਹੋਇਆ, ਤਾਂ ਫਿਰ ਮਸਲੇ ਨੂੰ ਹੱਲ ਕਰਨ ਦਾ ਹੋਰ ਕੋਈ ਤਰੀਕਾ ਵਿਚਾਰ ਸਕਦੇ ਹਾਂ। ਪਰ ਉਤਮ ਸਿੰਘ ਨੇ ਰਿੰਕੂ ਨੂੰ ਸੁਧਾਰਨ ਵਾਲੀ ਇਹ ਸਲਾਹ ਚੰਗੀ ਲੱਗੀ ਅਤੇ ਉਸ ਨੇ ਅਧਿਆਪਕ ਨੂੰ ਇਹ ਨੁਸਕਾ ਅਜ਼ਮਾਉਣ ਵਿਚ ਹਾਂ ਕਰ ਦਿੱਤੀ। ਘਰੇ ਆ ਕੇ ਉਸ ਨੇ ਗੁਰਦੀਪ ਕੌਰ ਨੂੰ ਦੱਸਿਆ ਕਿ ਤੁਸੀਂ ਇਸ ਨੂੰ ਕਹਾਣੀ ਪੜ੍ਹਾਉਣੀ ਹੋਵੇਗੀ, ਫਿਰ ਇਹ ਯਾਦ ਕਰੇਗਾ ਅਤੇ ਅਧਿਆਪਕ ਨੂੰ ਸੁਣਾਵੇਗਾ। ਇਸ ਤਰ੍ਹਾਂ ਅਸੀਂ ਇਸ ਦਾ ਧਿਆਨ ਚੰਗੇ ਪਾਸੇ ਵੱਲ ਕਰ ਦਕਦੇ ਹਾਂ। ਅਗਲੇ ਦਿਨ ਰਿੰਕੂ ਨੂੰ ਅਧਿਆਪਕ ਨੇ ਕਹਾਣੀਆਂ ਦੀ ਪੁਸਤਕ ਦੇ ਦਿੱਤੀ। ਉਸ ਵਿਚ ਤਸਵੀਰਾਂ ਸਮੇਤ ਕਹਾਣੀਆਂ ਸਨ। ਰਿੰਕੂ ਨੂੰ ਉਹ ਕਿਤਾਬ ਸੋਹਣੀ ਲੱਗੀ। ਉਸ ਨੇ ਘਰੇ ਆਪਣੀ ਮਾਂ ਨੂੰ ਦਿਖਾਈ। ਉਸ ਦੀ ਮਾਂ ਨੇ ਉਹ ਕਿਤਾਬ ਦੇਖੀ ਅਤੇ ਉਸ ਵਿਚੋਂ ਕਹਾਣੀਆਂ ਨੂੰ ਦੇਖਿਆ ਅਤੇ ਰਿੰਕੂ ਨੂੰ ਪੁੱਛਿਆ ਕਿ ਪੰਜਵੀਂ ਕਹਾਣੀ ਵਿਚ ਸੁੰਦਰ ਤਸਵੀਰਾਂ ਸਨ ਅਤੇ ਪੁੱਛਿਆ ਕਿ ਆਪਾਂ ਰਲ ਕੇ ਇਸ ਕਹਾਣੀ ਨੂੰ ਪੜ੍ਹਦੇ ਹਾਂ। ਦੋਵਾਂ ਨੇ ਮਿਲ ਕੇ ਕਹਾਣੀ ਪੜ੍ਹੀ ਪਰ ਰਿੰਕੂ ਨੂੰ ਪੂਰੀ ਕਹਾਣੀ ਸੁਆਦਲੀ ਮਹਿਸੂਸ ਹੋਈ ਪਰ ਉਸ ਨੂੰ ਪੂਰੀ ਸਮਝ ਨਾ ਆਈ। ਗੁਰਦੀਪ ਕੌਰ ਦੱਸ ਜਮਾਤਾਂ ਪੜ੍ਹੀ ਹੋਈ ਸੀ, ਉਸ ਨੂੰ ਕਹਾਣੀ ਸਮਝ ਆ ਗਈ। ਪਰ ਉਸ ਦਾ ਰੋਟੀ ਪਾਣੀ ਕਰਨ ਦਾ ਸਮਾਂ ਹੋ ਚੁੱਕਾ ਸੀ। ਉਸ ਨੇ ਰਿੰਕੂ ਨੂੰ ਕਿਹਾ ਕਿ ਆਪਾਂ ਰਾਤ ਦੀ ਰੋਟੀ ਖਾ ਲਈਏ, ਫਿਰ ਮੈਂ ਤੈਨੂੰ ਇਹ ਕਹਾਣੀ ਸਮਝਾਵਾਂਗੀ। ਰਿੰਕੂ ਮੰਨ ਗਿਆ।

ਰਾਤ ਦੀ ਰੋਟੀ ਖਾ ਕੇ ਉਸ ਦੀ ਮਾਂ ਉਸ ਨੂੰ ਕਹਾਣੀ ਸੁਣਾਉਣ ਲੱਗ ਪਈ। ਕਹਾਣੀ ਅਨੁਸਾਰ ਇਕ ਵਾਰ ਇਕ ਰਾਜਾ ਸੀ। ਉਸ ਦਾ ਮੁੱਖ ਮੰਤਰੀ ਬਹੁਤ ਹੀ ਸਿਆਣਾ ਸੀ। ਇਕ ਦਿਨ ਰਾਜਾ ਤਲਵਾਰ ਨਾਲ ਅਭਿਆਸ ਕਰ ਰਿਹਾ ਸੀ ਕਿ ਉਸ ਦੀ ਛੋਟੀ ਉਂਗਲ ਤਲਵਾਰ ਨਾਲ ਕੱਟੀ ਗਈ। ਜਦੋਂ ਉਸ ਨੇ ਆਪਣੇ ਮੰਤਰੀ ਨੂੰ ਦੱਸਿਆ ਕਿ ਮੇਰੀ ਉਂਗਲ ਕੱਟੀ ਗਈ ਹੈ, ਤਾਂ ਮੁੱਖ ਮੰਤਰੀ ਨੇ ਆਖਿਆ ਕਿ ਚੰਗਾ ਹੋਇਆ ਹੈ, ਇਸ ਵਿਚ ਵੀ ਕੋਈ ਭਲਾਈ ਹੋਵੇਗੀ।

ਇਹ ਸ਼ਬਦ ਸੁਣ ਕੇ ਰਾਜਾ ਗੁੱਸੇ ਹੋ ਗਿਆ ਤੇ ਕਿਹਾ ਕਿ ਮੇਰੀ ਉਂਗਲ ਵੱਢੀ ਗਈ ਹੈ, ਤੂੰ ਕਹਿੰਦਾ ਹੈਂ ਕਿ ਚੰਗਾ ਹੋਇਆ ਹੈ। ਰਾਜੇ ਨੇ ਆਪਣੇ ਮੁੱਖ ਮੰਤਰੀ ਨੂੰ ਕੈਦ ਕਰ ਦਿੱਤਾ। ਨਵਾਂ ਮੁੱਖ ਮੰਤਰੀ ਚੁਣ ਕੇ ਰੱਖ ਲਿਆ। ਪਹਿਲਾਂ ਵਾਲਾ ਮੁੱਖ ਮੰਤਰੀ ਕੈਦ ਵਿਚ ਸਜ਼ਾ ਭੁਗਤਣ ਲੱਗ ਪਿਆ। ਉਸ ਨੇ ਕਿਹਾ ਕਿ ਇਹ ਵੀ ਚੰਗਾ ਹੋਇਆ, ਇਸ ਵਿਚ ਵੀ ਕੋਈ ਭਲਾਈ ਹੋਵੇਗੀ।

ਸਮਾਂ ਆਪਣੀ ਚਾਲ ਚੱਲਦਾ ਗਿਆ, ਸਵੇਰ ਉਗਦੀ ਅਤੇ ਸ਼ਾਮ ਵਿਚ ਢਲ ਜਾਂਦੀ ਸੀ। ਇਸ ਤਰ੍ਹਾਂ ਦਿਨ, ਮਹੀਨੇ ਗੁਜ਼ਰਦੇ ਗਏ। ਇਕ ਦਿਨ ਰਾਜਾ ਆਪਣੇ ਨਵੇਂ ਮੁੱਖ ਮੰਤਰੀ ਅਤੇ ਹੋਰ ਸਿਪਾਹੀਆਂ ਨੂੰ ਨਾਲ ਲੈ ਕੇ ਸ਼ਿਕਾਰ ਲਈ ਚਲਾ ਗਿਆ। ਉਹ ਸ਼ਿਕਾਰ ਦੀ ਭਾਲ ਵਿਚ ਦੂਰ ਜੰਗਲ ਵਿਚ ਜਾ ਪਹੁੰਚੇ। ਜੰਗਲ ਵਿਚ ਫਿਰਦੇ ਹੋਰ ਕਬੀਲੇ ਦੇ ਲੋਕਾਂ ਨੇ ਰਾਜੇ ਨੂੰ ਫੜ ਲਿਆ। ਉਹ ਕਬੀਲਾ ਯੱਗ ਕਰ ਰਿਹਾ ਸੀ। ਉਨ੍ਹਾਂ ਨੂੰ ਬਲੀ ਚੜ੍ਹਾਉਣ ਲਈ ਇਕ ਮਨੁੱਖ ਦੀ ਲੋੜ ਸੀ। ਉਹ ਖੁਸ਼ ਹੋਏ ਕਿ ਹੁਣ ਇਸ ਦੀ ਬਲੀ ਦਿੱਤੀ ਜਾਵੇਗੀ ਤੇ ਸਾਡਾ ਭਗਵਾਨ ਖੁਸ਼ ਹੋ ਜਾਵੇਗਾ। ਜਦੋਂ ਉਹ ਕਬੀਲੇ ਦੇ ਸਰਦਾਰ ਕੋਲ ਰਾਜੇ ਨੂੰ ਲੈ ਕੇ ਪਹੁੰਚੇ, ਤਾਂ ਉਸ ਦੇ ਸਾਰੇ ਅੰਗ ਚੈੱਕ ਕੀਤੇ ਗਏ। ਸਰਦਾਰ ਨੇ ਕਿਹਾ ਕਿ ਇਸ ਦੀ ਬਲੀ ਕਬੂਲ ਨਹੀਂ ਹੋਵੇਗੀ ਕਿਉਂ ਜੋ ਇਸ ਦੇ ਹੱਥ ਦੀ ਇਕ ਉਂਗਲੀ ਵੱਢੀ ਹੋਈ ਹੈ। ਰਾਜੇ ਨੂੰ ਛੱਡ ਦਿੱਤਾ ਗਿਆ। ਰਾਜਾ ਖੁਸ਼ ਹੋ ਗਿਆ ਕਿਉਂ ਜੋ ਉਸ ਦੀ ਜਾਨ ਬਖਸ਼ੀ ਗਈ ਸੀ। ਉਸ ਨੂੰ ਆਪਣਾ ਪੁਰਾਣਾ ਮੁੱਖ ਮੰਤਰੀ ਯਾਦ ਆਇਆ, ਜਿਸ ਨੇ ਕਿਹਾ ਸੀ ਕਿ ਉਂਗਲ ਵੱਢੀ ਗਈ ਹੈ, ਚੰਗਾ ਹੋਇਆ ਹੈ, ਇਸ ਵਿਚ ਕੋਈ ਭਲਾਈ ਹੋਵੇਗੀ। ਜਦੋਂ ਰਾਜਾ ਆਪਣੇ ਰਾਜ ਅੰਦਰ ਵਾਪਸ ਆਇਆ, ਤਾਂ ਉਸ ਨੇ ਆਪਣੇ ਉਸ ਮੁੱਖ ਮੰਤਰੀ ਨੂੰ ਰਿਹਾਅ ਕਰ ਦਿੱਤਾ। ਮੁੱਖ ਮੰਤਰੀ ਜਦੋਂ ਰਿਹਾਅ ਹੋ ਕੇ ਰਾਜ ਦਰਬਾਰ ਵਿਚ ਪੁੱਜਾ, ਤਾਂ ਰਾਜੇ ਨੇ ਸਾਰੀ ਜੰਗਲ ਵਾਲੀ ਘਟਨਾ ਉਸ ਨੂੰ ਦੱਸੀ ਅਤੇ ਪੁੱਛਿਆ ਕਿ ਜਦੋਂ ਤੈਨੂੰ ਕੈਦ ਕੀਤਾ ਗਿਆ ਸੀ, ਤੂੰ ਕਿਹਾ ਸੀ ਕਿ ਚੰਗਾ ਹੋਇਆ, ਇਸ ਵਿਚ ਕੋਈ ਭਲਾਈ ਹੋਵੇਗੀ। ਕਿ ਤੂੰ ਸਮਝਾ ਸਕਦਾ ਹੈਂ ਕਿ ਉਸ ਵਿਚ ਕੀ ਚੰਗਿਆਈ ਸੀ। ਮੁੱਖ ਮੰਤਰੀ ਨੇ ਦੱਸਿਆ ਕਿ ਜੇਕਰ ਮੈਂ ਉਸ ਦਿਨ ਤੁਹਾਡੇ ਨਾਲ ਹੁੰਦਾ, ਤਾਂ ਮੇਰੀ ਬਲੀ ਦਿੱਤੀ ਜਾਣੀ ਸੀ, ਕਿਉਂ ਜੋ ਮੇਰੇ ਤਾਂ ਸਾਰੇ ਅੰਗ ਪੂਰੇ ਸਨ। ਇਸ ਲਈ ਮੇਰੇ ਲਈ ਇਹ ਚੰਗਾ ਹੋਇਆ ਕਿ ਮੈਂ ਕੈਦ ਦੇ ਅੰਦਰ ਸੀ ਅਤੇ ਤੁਹਾਡੇ ਨਾਲ ਨਹੀਂ ਸੀ।

ਜਦੋਂ ਮਾਂ ਨੇ ਸਾਰੀ ਕਹਾਣੀ ਹੌਲੀ-ਹੌਲੀ ਰਿੰਕੂ ਨੂੰ ਸੁਣਾਈ, ਤਾਂ ਉਸ ਨੂੰ ਕਹਾਣੀ ਦੀ ਸਮਝ ਪੈ ਗਈ। ਉਸ ਨੇ ਕਹਾਣੀ ਨੂੰ ਯਾਦ ਕਰ ਲਿਆ। ਅਗਲੇ ਦਿਨ ਉਹ ਕਹਾਣੀ ਸਕੂਲ ਵਿਚ ਸਾਰੀ ਕਲਾਸ ਦੇ ਸਾਹਮਣੇ ਸੁਣਾਈ, ਤਾਂ ਸਾਰੇ ਬੱਚੇ ਖੁਸ਼ ਹੋਏ ਅਤੇ ਉਨ੍ਹਾਂ ਨੇ ਤਾੜੀਆਂ ਮਾਰੀਆਂ। ਅਧਿਆਪਕ ਨੇ ਰਿੰਕੂ ਨੂੰ ਸ਼ਾਬਾਸ਼ ਦਿੱਤੀ। ਉਸ ਨੇ ਘਰੇ ਆ ਕਿ ਆਪਣੀ ਮਾਂ ਨੂੰ ਸਾਰੀ ਗੱਲ ਦੱਸੀ। ਉਸ ਦਿਨ ਉਤਮ ਸਿੰਘ ਵੀ ਘਰ ਵਿਚ ਹੀ ਸੀ। ਉਸ ਨੇ ਸਾਰੀ ਗੱਲ ਸੁਣ ਕੇ ਰਿੰਕੂ ਨੂੰ ਕਿਹਾ ਕਿ ਦੇਖ ਤੂੰ ਚੰਗਾ ਕੰਮ ਕੀਤਾ ਤੇ ਸਾਰੇ ਖੁਸ਼ ਹੋਏ, ਤੈਨੂੰ ਸਾਰਿਆਂ ਵਲੋਂ ਸ਼ਾਬਾਸ਼ ਵੀ ਮਿਲੀ ਹੈ। ਹੁਣ ਤੂੰ ਹੋਰ ਕਹਾਣੀਆਂ ਵੀ ਆਪਣੀ ਮਾਂ ਦੀ ਸਹਾਇਤਾ ਨਾਲ ਪੜ੍ਹ ਕੇ ਸੁਣਾਏਂਗਾ, ਤਾਂ ਸਾਰੇ ਬੱਚੇ ਖੁਸ਼ ਹੋਣਗੇ ਤੇ ਤੇਰੇ ਦੋਸਤ ਬਣਨਾ ਚਾਹੁਣਗੇ। ਜਦੋਂ ਤੂੰ ਉਨ੍ਹਾਂ ਨੂੰ ਤੰਗ ਕਰਦਾ ਸੀ, ਉਹ ਸਾਰੇ ਤੇਰੇ ਤੋਂ ਡਰਦੇ ਸਨ ਅਤੇ ਕੋਈ ਵੀ ਤੇਰਾ ਦੋਸਤ ਨਹੀਂ ਬਣਨਾ ਚਾਹੁੰਦਾ ਸੀ। ਹੁਣ ਜਦੋਂ ਤੂੰ ਕੋਈ ਕਹਾਣੀ ਸਵੇਰ ਦੀ ਸਭਾ ਵਿਚ ਸੁਣਾਵੇਂਗਾ, ਤਾਂ ਸਾਰਾ ਸਕੂਲ ਤੇਰੀ ਵਾਹ-ਵਾਹ ਕਰੇਗਾ। ਤੇਰਾ ਨਾਂ ਸਕੂਲ ਵਿਚ ਉੱਚਾ ਹੋਵੇਗਾ। ਤੇਰੇ ਨਾਂ ਦੇ ਨਾਲ ਸਾਡਾ ਨਾਂ ਵੀ ਰੌਸ਼ਨ ਹੋਵੇਗਾ। ਅਧਿਆਪਕਾਂ ਦਾ ਕਹਿਣਾ ਮੰਨਿਆ ਕਰ, ਉਹ ਤੈਨੂੰ ਸਿੱਧੇ ਰਸਤੇ 'ਤੇ ਪਾ ਕੇ ਤੈਨੂੰ ਇਕ ਸਫਲ ਇਨਸਾਨ ਬਣਨ ਵਿਚ ਤੇਰੀ ਸਹਾਇਤਾ ਕਰ ਸਕਦੇ ਹਨ।

# ਭਾਰਤੀ ਮੀਡੀਆ ਦਾ 100 ਸਾਲ ਦਾ ਸਫ਼ਰ

## ਅਖਬਾਰਾਂ ਤੋਂ ਡਿਜੀਟਲ ਯੁੱਗ ਤੱਕ

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



ਭਾਰਤੀ ਮੀਡੀਆ ਦਾ ਸਫ਼ਰ ਬੜਾ ਦਿਲਚਸਪ, ਮਹੱਤਵਪੂਰਨ ਅਤੇ ਮਾਣਮੱਤਾ ਹੈ, ਜਿਸ ਨੇ ਲਗਭਗ ਸੌ ਸਾਲਾਂ ਵਿਚ ਬਹੁਤ ਸਾਰੇ ਉਤਰਾਅ-ਚੜ੍ਹਾਅ ਵੇਖੇ ਹਨ। ਇਹ ਸਫ਼ਰ ਪ੍ਰਿੰਟ ਮੀਡੀਆ ਤੋਂ ਸ਼ੁਰੂ ਹੋ ਕੇ ਰੇਡੀਓ, ਟੈਲੀਵਿਜ਼ਨ ਅਤੇ ਅੱਜ ਦੇ ਡਿਜੀਟਲ ਯੁੱਗ ਤੱਕ ਫੈਲਿਆ ਹੋਇਆ ਹੈ।

ਆਰੰਭਿਕ ਦੌਰ ਅਤੇ ਆਜ਼ਾਦੀ ਦਾ ਸੰਘਰਸ਼: ਭਾਰਤ ਵਿਚ ਪੱਤਰਕਾਰੀ ਦਾ ਆਰੰਭ ਤਾਂ ਅਸਲ ਵਿਚ 1780 ਵਿਚ 'ਹਿੱਕੀਜ਼ ਬੰਗਾਲ ਗਜ਼ਟ' ਨਾਲ ਹੋ ਗਿਆ ਸੀ। ਹਿੰਦੀ ਪੱਤਰਕਾਰੀ ਦੀ ਸ਼ੁਰੂਆਤ 1826 ਵਿਚ 'ਉਦੰਤ ਮਾਰਤੰਡ' ਨਾਲ ਹੋਈ ਅਤੇ ਪੰਜਾਬੀ ਪੱਤਰਕਾਰੀ ਦਾ ਪਿਛੋਕੜ 19ਵੀਂ ਸਦੀ ਦੇ ਅੱਧ ਨਾਲ ਜੁੜਦਾ ਹੈ।

* ਰਾਸ਼ਟਰਵਾਦੀ ਭਾਵਨਾ: 20ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿਚ, ਖਾਸ ਤੌਰ 'ਤੇ ਆਜ਼ਾਦੀ ਦੀ ਲੜਾਈ ਦੌਰਾਨ, ਭਾਰਤੀ ਮੀਡੀਆ ਨੇ ਰਾਸ਼ਟਰਵਾਦੀ ਭਾਵਨਾ ਅਤੇ ਰਾਸ਼ਟਰੀ ਚੇਤਨਾ ਨੂੰ ਜਗਾਉਣ ਵਿਚ ਅਹਿਮ ਭੂਮਿਕਾ ਨਿਭਾਈ। ਅੰਗਰੇਜ਼ੀ ਹਕੂਮਤ ਦੀ ਸਖ਼ਤੀ ਅਤੇ ਸੈਂਸਰਸ਼ਿਪ ਦੇ ਬਾਵਜੂਦ, ਬਹੁਤ ਸਾਰੇ ਸੰਪਾਦਕਾਂ ਅਤੇ ਅਖ਼ਬਾਰਾਂ ਨੇ ਸੱਚ ਲਿਖਣਾ ਜਾਰੀ ਰੱਖਿਆ, ਜਿਸ ਨਾਲ ਆਜ਼ਾਦੀ ਦੇ ਸੰਘਰਸ਼ ਨੂੰ ਬਲ ਮਿਲਿਆ ਅਤੇ ਪ੍ਰੈੱਸ ਦੀ ਆਜ਼ਾਦੀ ਪ੍ਰਤੀ ਚੇਤੰਨਤਾ ਵਧੀ।

ਰੇਡੀਓ ਅਤੇ ਟੈਲੀਵਿਜ਼ਨ ਦੀ ਆਮਦ:

ਮੀਡੀਆ ਨੇ ਪ੍ਰਿੰਟ ਤੋਂ ਅੱਗੇ ਵਧ ਕੇ ਇੱਕ ਨਵੇਂ ਦਾਇਰੇ ਵਿਚ ਪ੍ਰਵੇਸ਼ ਕੀਤਾ।

- **ਰੇਡੀਓ:** ਸਾਲ 1927 ਵਿਚ ਰੇਡੀਓ ਪ੍ਰਸਾਰਨ ਦੀ ਸ਼ੁਰੂਆਤ ਹੋਈ, ਜੋ ਬਾਅਦ ਵਿਚ 1937 ਵਿਚ ਆਲ ਇੰਡੀਆ ਰੇਡੀਓ (All India Radio) ਬਣਿਆ ਅਤੇ 1957 ਤੋਂ ਆਕਾਸ਼ਵਾਣੀ ਵਜੋਂ ਜਾਣਿਆ ਜਾਣ ਲੱਗਾ। ਰੇਡੀਓ ਲੰਮੇ ਸਮੇਂ ਤੱਕ ਦੇਸ਼ ਭਰ ਵਿਚ ਸੂਚਨਾ ਅਤੇ ਮਨੋਰੰਜਨ ਦਾ ਇੱਕ ਮਜ਼ਬੂਤ ਤੇ ਪ੍ਰਭਾਵਸ਼ਾਲੀ ਸਾਧਨ ਬਣਿਆ ਰਿਹਾ।
- **ਟੈਲੀਵਿਜ਼ਨ:** 1959 ਵਿਚ ਟੈਲੀਵਿਜ਼ਨ ਦੀ ਆਮਦ ਹੋਈ, ਜਿਸ ਨੇ ਭਾਰਤੀ ਦਰਸ਼ਕਾਂ ਦੇ ਸਾਹਮਣੇ ਇੱਕ ਨਵੀਂ ਦੁਨੀਆਂ ਖੋਲ੍ਹ ਦਿੱਤੀ। ਸਰਕਾਰੀ ਚੈਨਲ ਦੂਰਦਰਸ਼ਨ ਨੇ ਲੰਮਾ ਸਮਾਂ ਲੋਕਾਂ ਨੂੰ ਸੂਚਨਾ, ਸਿੱਖਿਆ ਅਤੇ ਮਨੋਰੰਜਨ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਸੰਭਾਲੀ।

### ਉਦਾਰੀਕਰਨ ਅਤੇ ਨਿੱਜੀਕਰਨ ਦਾ ਪ੍ਰਭਾਵ:

1990 ਦੇ ਦਹਾਕੇ ਵਿਚ ਭਾਰਤ ਦੇ ਆਰਥਿਕ ਉਦਾਰੀਕਰਨ ਤੋਂ ਬਾਅਦ ਮੀਡੀਆ ਖੇਤਰ ਵਿਚ ਇੱਕ ਵੱਡੀ ਕ੍ਰਾਂਤੀ ਆਈ।

- **ਨਿੱਜੀ ਚੈਨਲ:** ਨਿੱਜੀ ਟੈਲੀਵਿਜ਼ਨ ਚੈਨਲਾਂ ਦੇ ਆਉਣ ਨਾਲ ਮੀਡੀਆ ਦਾ ਦ੍ਰਿਸ਼ ਪੂਰੀ ਤਰ੍ਹਾਂ ਬਦਲ ਗਿਆ। ਮੁਕਾਬਲੇਬਾਜ਼ੀ ਵਧੀ ਅਤੇ ਦਰਸ਼ਕਾਂ ਕੋਲ ਚੋਣਾਂ ਦਾ ਵਿਸ਼ਾਲ ਖੇਤਰ ਖੁੱਲ੍ਹ ਗਿਆ। ਅੱਜ ਭਾਰਤ ਵਿਚ ਹਜ਼ਾਰਾਂ ਟੈਲੀਵਿਜ਼ਨ ਚੈਨਲ ਹਨ।
- **ਪ੍ਰਿੰਟ ਮੀਡੀਆ ਦਾ ਵਿਸਥਾਰ:** ਇਸ ਦੌਰ ਵਿਚ ਪ੍ਰਿੰਟ ਮੀਡੀਆ ਵੀ ਫੈਲਿਆ। ਅੱਜ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਅਖਬਾਰਾਂ ਦਾ ਬਾਜ਼ਾਰ ਹੈ, ਜਿੱਥੇ ਹਜ਼ਾਰਾਂ ਅਖਬਾਰਾਂ ਪ੍ਰਕਾਸ਼ਿਤ ਹੁੰਦੀਆਂ ਹਨ।




### ਡਿਜੀਟਲ ਯੁੱਗ ਦੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ:

ਸਮਾਰਟ ਫ਼ੋਨ ਅਤੇ ਇੰਟਰਨੈੱਟ ਦੀ ਪਹੁੰਚ ਨੇ ਭਾਰਤੀ ਮੀਡੀਆ ਨੂੰ ਇੱਕ ਨਵੇਂ ਪੜਾਅ ਵਿਚ ਪਹੁੰਚਾਇਆ ਹੈ:- ਡਿਜੀਟਲ ਮੀਡੀਆ ਦਾ ਯੁੱਗ।

- **ਡਿਜੀਟਲ ਕ੍ਰਾਂਤੀ:** 21ਵੀਂ ਸਦੀ ਵਿਚ ਆਨਲਾਈਨ ਮੀਡੀਆ, ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ਦਾ ਬੋਲਬਾਲਾ ਹੈ। ਸੂਚਨਾ ਪਲਾਂ ਵਿਚ ਦੁਨੀਆਂ ਭਰ ਵਿਚ ਪਹੁੰਚ ਜਾਂਦੀ ਹੈ।
- **ਚੌਥਾ ਥੰਮ੍ਹ:** ਭਾਰਤੀ ਮੀਡੀਆ ਨੂੰ ਦੇਸ਼ ਦੇ ਵਿਸ਼ਾਲ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ, ਜੋ ਸਰਕਾਰ ਨੂੰ ਜਵਾਬਦੇਹ ਬਣਾਉਣ ਅਤੇ ਲੋਕਾਂ ਦੀ ਆਵਾਜ਼ ਬਣਨ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ।
- **ਚੁਣੌਤੀਆਂ:** ਜਿਵੇਂ-ਜਿਵੇਂ ਮੀਡੀਆ ਦਾ ਪ੍ਰਚਾਰ-ਪ੍ਰਸਾਰ ਵਧ ਰਿਹਾ ਹੈ, ਤਿਵੇਂ-ਤਿਵੇਂ ਚੁਣੌਤੀਆਂ ਵੀ ਵਧ ਰਹੀਆਂ ਹਨ। ਖ਼ਬਰਾਂ ਵਿਚ ਸੰਤੁਲਨ ਬਣਾਈ ਰੱਖਣਾ, ਫ਼ਰਜ਼ੀ ਖ਼ਬਰਾਂ ਦਾ ਮੁਕਾਬਲਾ ਕਰਨਾ ਅਤੇ ਮੀਡੀਆ ਦੀ ਨੈਤਿਕਤਾ ਨੂੰ ਕਾਇਮ ਰੱਖਣਾ ਅੱਜ ਦੇ ਡਿਜੀਟਲ ਯੁੱਗ ਦੀਆਂ ਮੁੱਖ ਚੁਣੌਤੀਆਂ ਹਨ।

ਸੰਖੇਪ ਵਿਚ, ਭਾਰਤੀ ਮੀਡੀਆ ਦਾ ਇਹ ਸੌ ਸਾਲਾਂ ਦਾ ਸਫ਼ਰ ਤਕਨਾਲੋਜੀ, ਰਾਜਨੀਤੀ ਅਤੇ ਸਮਾਜਿਕ ਬਦਲਾਵਾਂ ਦਾ ਇੱਕ ਲੰਮਾ ਅਤੇ ਗਤੀਸ਼ੀਲ ਇਤਿਹਾਸ ਹੈ, ਜੋ ਦੇਸ਼ ਦੇ ਨਿਰਮਾਣ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਵਿਚ ਨਿਰੰਤਰ ਯੋਗਦਾਨ ਪਾ ਰਿਹਾ ਹੈ।

ਭਾਰਤੀ ਮੀਡੀਆ ਦਾ ਇਹ ਸੌ ਸਾਲਾ ਸਫ਼ਰ ਸਿਰਫ਼ ਤਕਨੀਕੀ ਤਰੱਕੀ ਦੀ ਕਹਾਣੀ ਨਹੀਂ, ਬਲਕਿ ਲੋਕਾਂ ਦੀ ਆਵਾਜ਼, ਸੱਚ ਦੀ ਤਲਾਸ਼ ਅਤੇ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਦੀ ਕਹਾਣੀ ਹੈ। ਮੀਡੀਆ ਨੇ ਦੇਸ਼ ਨੂੰ ਜੋੜਿਆ, ਜਗਾਇਆ ਅਤੇ ਅੱਗੇ ਵਧਣ ਦਾ ਹੌਸਲਾ ਦਿੱਤਾ ਅਤੇ ਇਹ ਸਫ਼ਰ ਅਜੇ ਜਾਰੀ ਹੈ।

-ਡਾ. ਸਤਿੰਦਰ ਪਾਲ ਸਿੰਘ
ਈ 1716, ਰਾਜਾਜੀਪੁਰਮ
ਲਖਨਊ - 226017
ਪੰਜਾਬ ਮੇਲ USA



# ਮਉਲੀ ਧਰਤੀ ਮਉਲਿਆ ਅਕਾਸੁ



ਮੌਸਮ, ਰੁੱਤਾਂ ਆਉਂਦੀਆਂ ਜਾਂਦੀਆਂ, ਮਨੁੱਖ ਨੂੰ ਕੁਦਰਤ ਦੇ ਨਵੇਂ-ਨਵੇਂ ਰੰਗ ਵਿਖਾਉਂਦੀਆਂ ਰਹਿੰਦੀਆਂ ਹਨ। ਆਮ ਦ੍ਰਿਸ਼ਟੀ ਧਾਰਕ ਇਨ੍ਹਾਂ ਰੰਗਾਂ ਦੀ ਦਿੱਖ 'ਚ ਹੀ ਉਲਝ ਕੇ ਰਹਿ ਜਾਂਦੀ ਹੈ। ਪ੍ਰਕ੍ਰਿਤੀ ਦੇ ਰੰਗਾਂ ਦੇ ਗੁਣਗਾਨ ਕਰਨ ਵਾਲੇ ਅਸੰਖ ਹੋਏ ਹਨ। ਪਰ ਕੁਦਰਤ ਦੇ ਇਹ ਰੰਗ ਇੱਕ ਖਾਸ ਮਕਸਦ ਰੱਖਦੇ ਹਨ, ਜਿਸ ਨੂੰ ਵਿਰਲੇ ਹੀ ਸਮਝ ਸਕੇ। ਪ੍ਰਕ੍ਰਿਤੀ ਕੋਈ ਕੌਤਕ ਨਹੀਂ ਹੈ, ਇਸ ਰਾਹੀਂ ਪ੍ਰਮਾਤਮਾ ਦੇ ਗੁਣ ਪ੍ਰਗਟ ਹੁੰਦੇ ਹਨ। ਮੌਸਮਾਂ, ਰੁੱਤਾਂ ਕਾਰਨ ਸਦਾ ਜੀਵਨ ਵਿਚ ਇੱਕ ਅਦ੍ਰਿਸ਼ ਆਨੰਦ ਅਤੇ ਜਿਗਿਆਸਾ ਬਣੀ ਰਹਿੰਦੀ ਹੈ। ਇਸ ਨੂੰ ਅੰਤਰ ਪ੍ਰੇਰਨਾ ਤੇ ਅੰਤਰ ਦ੍ਰਿਸ਼ਟੀ ਰਾਹੀਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ, ਜੋ ਕੇਵਲ ਗੁਰਬਾਣੀ ਤੋਂ ਪ੍ਰਾਪਤ ਹੁੰਦੀ ਹੈ। ਇਹ ਗੁਰੂ ਨਾਨਕ ਸਾਹਿਬ ਦਾ ਗੁਰਸਿੱਖ 'ਤੇ ਮਹਾਨ ਉਪਕਾਰ ਹੈ, ਜਿਸ ਨੇ ਗੁਰਸਿੱਖ ਨੂੰ ਇਲਾਹੀ ਰਸ ਨਾਲ ਭਰਪੂਰ ਕਰ ਦਿੱਤਾ। ਗੁਰੂ ਨਾਨਕ ਸਾਹਿਬ ਕੋਮਲ ਭਾਵਨਾਵਾਂ ਅਤੇ ਪ੍ਰੇਮ ਸਿੰਝੀ ਦ੍ਰਿਸ਼ਟੀ ਦੇ ਯੁੱਗ ਨਾਇਕ ਸਨ। ਆਪ ਨੂੰ ਪ੍ਰਮਾਤਮਾ ਤੇ ਪ੍ਰਮਾਤਮਾ ਦੀ ਸਿਰਜੀ ਸ੍ਰਿਸ਼ਟੀ ਦੇ ਕਣ-ਕਣ ਨਾਲ ਅਨੁਰਾਗ ਸੀ। ਆਪ ਸਦਾ ਹੀ ਕੁਦਰਤ ਦੇ ਨੇੜੇ ਰਹੇ, ਕੁਦਰਤ ਦੇ ਵਿਸਮਾਦ ਨੂੰ ਆਪਣੀ ਬਾਣੀ ਵਿਚ ਪ੍ਰਗਟ ਕਰ ਪ੍ਰਮਾਤਮਾ ਨਾਲ ਜੋੜਨ ਦਾ ਮਾਧਿਅਮ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਾਰ, ਦਿਵਸ, ਮਾਂਹ, ਰੁੱਤਾਂ ਦਾ ਵਿਸਥਾਰ ਨਾਲ ਵਰਣਨ ਮਿਲਦਾ ਹੈ। ਚੇਤ ਤੇ ਵੈਸਾਖ ਦੇ ਮਹੀਨਿਆਂ ਨੂੰ ਬਸੰਤ ਰੁੱਤ ਦਾ ਕਾਲ ਮੰਨਿਆ ਗਿਆ ਹੈ।

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥
ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ॥
ਘਰਿ ਨਾਹੁ ਨਿਹਚਲੁ ਅਨਦੁ ਸਖੀਏ ਚਰਨ ਕਮਲ ਪ੍ਰਫੁਲਿਆ॥
ਸੁੰਦਰੁ ਸੁਘੜੁ ਸੁਜਾਣੁ ਬੇਤਾ ਗੁਣ ਗੋਵਿੰਦ ਅਮੁਲਿਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੨੭)

ਗੁਰੂ ਅਰਜਨ ਸਾਹਿਬ ਨੇ ਬਸੰਤ ਰੁੱਤ ਨੂੰ ਸਾਲ ਦੀ ਸਰਸ ਰੁੱਤ ਕਿਹਾ। ਇਹ ਰੁੱਤ ਸੁੱਖ ਪ੍ਰਦਾਨ ਕਰਨ ਵਾਲੀ ਹੈ ਕਿਉਂਕਿ ਮਨ ਅੰਦਰ ਪ੍ਰਮਾਤਮਾ ਦਾ ਪ੍ਰੇਮ ਵੱਸ ਗਿਆ ਹੈ, ਜਿਸ ਨੇ ਸਵਾਸ ਸਵਾਸ ਪ੍ਰਫੁੱਲਿਤ ਕਰ ਦਿੱਤਾ ਹੈ। ਅੰਤਰ ਪ੍ਰਫੁੱਲਿਤ ਹੈ, ਤਾਂ ਹੀ ਬਸੰਤ ਰੁੱਤ ਦੀ ਪ੍ਰਫੁੱਲਤਾ ਦਾ ਅਨੁਭਵ ਹੋ ਰਿਹਾ ਹੈ। ਅੰਤਰ ਮਨ ਵਿਚ ਸੁੱਖ ਹੈ, ਤਾਂ ਹੀ ਬਾਹਰ ਵੀ ਸੁੱਖ ਦੀ ਸਘਨ ਪ੍ਰਤੀਤਿ ਹੋ ਰਹੀ ਹੈ। ਬਸੰਤ ਦੀ ਸਰਸਤਾ ਵਿਚ ਪ੍ਰਮਾਤਮਾ ਦੀ ਮਿਹਰ ਦੇ ਦਰਸ਼ਨ ਹੁੰਦੇ ਹਨ। ਮਨ ਇਸ ਸੁਖਦ ਕਾਲ ਲਈ ਪ੍ਰਮਾਤਮਾ ਦੇ ਸ਼ੁਕਰ ਦੀ ਅਵਸਥਾ ਵਿਚ ਆ ਜਾਂਦਾ ਹੈ। ਮਨ ਤ੍ਰਿਪਤ ਹੋ ਜਾਂਦਾ ਹੈ, ਜਿਵੇਂ ਕਿਸੇ ਕਾਮਣੀ ਨਾਰ ਨੂੰ ਉਸ ਦਾ ਸੁਹਾਗ ਮਿਲ ਗਿਆ ਹੋਵੇ।

ਵਡਭਾਗਿ ਪਾਇਆ ਦੁਖੁ ਗਵਾਇਆ ਭਈ ਪੂਰਨ ਆਸ ਜੀਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੨੮)

ਕੁਦਰਤ ਦੇ ਵਿਸਮਾਦ ਜਨਕ ਰੂਪ ਵਿਚ ਪ੍ਰਮਾਤਮਾ ਦੀ ਵਡਿਆਈ ਦਾ ਦਰਸ਼ਨ ਕਰ ਲੈਣਾ ਵਡਭਾਗੀ ਹੋਣ ਦੀ ਨਿਸ਼ਾਨੀ ਹੈ। ਸਾਰੇ ਦੁੱਖ, ਸੰਤਾਪ ਦੂਰ ਹੋ ਜਾਂਦੇ ਹਨ, ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰਨ ਹੋ ਜਾਂਦੀਆਂ ਹਨ। ਸੁੱਖ ਪ੍ਰਾਪਤ ਕਰਨ ਲਈ ਮਨੁੱਖ ਆਪਣੀ ਸਿਆਣਪ ਅਨੁਸਾਰ ਜੋ ਜਤਨ ਕਰਦਾ ਹੈ, ਉਹ ਅਪੂਰਨ ਹੁੰਦੇ ਹਨ। ਸੁੱਖ ਦਾ ਭੁਲੇਖਾ ਹੁੰਦਾ ਹੈ, ਮਨ ਸਦਾ ਅਤ੍ਰਿਪਤ ਰਹਿੰਦਾ ਹੈ। ਪ੍ਰਮਾਤਮਾ ਦਾ ਸੁੱਖ ਬਖਸ਼ਣ ਦਾ ਆਪਣਾ ਢੰਗ ਹੈ। ਇਸ ਸੱਚੇ ਸੁੱਖ ਨੂੰ ਪ੍ਰਾਪਤ ਕਰਨ ਲਈ ਆਪਣੇ ਅੰਦਰ ਵੱਸੀ "ਸਵੈ" ਦੀ ਭਾਵਨਾ ਨੂੰ ਦੂਰ ਕਰਨ ਦੀ ਲੋੜ ਹੈ, ਜੋ ਸਦਾ ਦੁੱਖ ਦਾ ਕਾਰਨ ਬਣਦੀ ਰਹਿੰਦੀ ਹੈ। ਸੁੱਖ ਨੇੜੇ ਹੀ ਨਹੀਂ ਆਉਂਦਾ, ਭਾਵੇਂ ਬਸੰਤ ਰੁੱਤ ਦੀ ਪ੍ਰਫੁੱਲਤਾ ਚੁਫੇਰੇ ਵਿਆਪਤ ਹੋ ਰਹੀ ਹੋਵੇ।

ਭੋਲਿਆ ਹਉਮੈ ਸੁਰਤਿ ਵਿਸਾਰਿ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥ 1 ॥ ਰਹਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੬੮)

ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ ਕਿ ਬਸੰਤ ਰੁੱਤ ਦੀ ਸਰਸਤਾ ਨਾਲ ਜੁੜਨਾ ਹੈ, ਤਾਂ ਮਨੁੱਖ ਆਪਣਾ ਹੰਕਾਰ ਤਿਆਗੇ। ਹੰਕਾਰ ਦਾ ਔਗੁਣ ਮਨੁੱਖ ਦੀ ਅਗਿਆਨਤਾ ਤੋਂ ਪੈਦਾ ਹੋਇਆ ਹੈ। ਹੰਕਾਰ ਮੁਕਤ ਹੋ ਕੇ ਪ੍ਰਮਾਤਮਾ ਦੀ ਵਡਿਆਈ ਦਾ ਕੀਤਾ ਗਿਆ ਚਿੰਤਨ ਪ੍ਰਮਾਤਮਾ ਤੇ ਉਸ ਦੀ ਸ੍ਰਿਸ਼ਟੀ ਨਾਲ ਜੋੜਦਾ ਹੈ। ਦਿਆਲੂ ਪ੍ਰਮਾਤਮਾ ਤਾਂ ਆਨੰਦ ਵੰਡ ਰਿਹਾ ਹੈ। ਇਸ ਨੂੰ ਪ੍ਰਾਪਤ ਕਰਨ ਜੋਗ ਬਣਨ ਲਈ ਬਸੰਤ ਰੁੱਤ ਤੋਂ ਸਿੱਖਣ ਦੀ ਲੋੜ ਹੈ।

ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੬੮)

ਜਿਵੇਂ ਬਸੰਤ ਰੁੱਤ ਆਉਂਦੀਆਂ ਹੀ ਬਿਰਖ ਭਰੇ ਹੋ ਜਾਂਦੇ ਹਨ, ਸੁੰਦਰ ਫੁੱਲਾਂ, ਫਲਾਂ ਨਾਲ ਭਰ ਜਾਂਦੇ ਹਨ, ਮਨੁੱਖ ਦਾ ਜੀਵਨ ਵੀ ਅਜਿਹਾ ਹੀ ਮਨੋਹਰ ਬਣ ਸਕਦਾ ਹੈ। ਇਸ ਲਈ ਮਨੁੱਖ ਆਪਣੇ ਕਰਮਾਂ ਨੂੰ ਵੱਡੇ ਬਿਰਖ ਦੇ ਤਨੇ ਵਾਂਗੂੰ ਸੁਚੱਜਾ, ਅਡੋਲ ਬਣਾਏ। ਪ੍ਰਮਾਤਮਾ 'ਤੇ ਭਰੋਸਾ ਅਤੇ ਭਾਵਨਾ ਬਿਰਖ ਦੀਆਂ ਟਾਹਣੀਆਂ ਦੀ ਤਰ੍ਹਾਂ ਆਪ ਹੀ ਪ੍ਰਗਟ ਹੋਵੇ। ਉਸ ਦਾ ਆਚਾਰ ਵਿਵਹਾਰ ਫੁੱਲਾਂ ਵਾਂਗੂੰ ਸੁੰਦਰ ਤੇ ਮਹਿਕ ਦੇਣ ਵਾਲਾ ਭਾਵ ਸੁੱਖਦਾਇਕ ਹੋਵੇ। ਉਸ ਦੀ ਬੁੱਧੀ ਤੇ ਵਿਵੇਕ ਬਿਰਖ 'ਤੇ ਲੱਗੇ ਸੁਆਦ ਭਰੇ ਫਲ ਵਾਂਗੂੰ ਜੀਵਨ ਸਫਲਤਾ ਵਿਚ ਸਹਾਇਕ ਹੋਣ। ਜਿਵੇਂ ਬਿਰਖ ਦੀਆਂ ਪੱਤੀਆਂ ਹਰੀਆਂ-ਭਰੀਆਂ ਹਨ, ਮਨੁੱਖ ਦਾ ਰੋਮ-ਰੋਮ ਪ੍ਰਮਾਤਮਾ ਲਈ ਪ੍ਰੇਮ ਭਾਵ ਨਾਲ ਭਰਿਆ ਹੋਵੇ। ਉਸ ਦੇ ਮਨ ਦਾ ਵਿਸ਼ਵਾਸ ਬਿਰਖ ਦੀ ਸੰਘਣੀ ਛਾਂ ਜਿਹਾ ਹੋਵੇ, ਜਿਸ ਅੰਦਰ ਹੰਕਾਰ ਲਈ ਕੋਈ ਥਾਂ ਨਾ ਹੋਵੇ, ਕੇਵਲ ਪ੍ਰਮਾਤਮਾ ਪ੍ਰੇਮ ਦੀ ਭਾਵਨਾ ਦਾ ਪੱਕਾ ਆਸਨ ਵਿਛਿਆ ਹੋਵੇ। ਸੰਸਾਰ ਅੰਦਰ ਬਹੁਤ ਸਾਰੇ ਧਰਮ ਪੁਰਖ ਹੋਏ, ਧਰਮ ਗ੍ਰੰਥ ਲਿਖੇ ਗਏ ਪਰ ਗੁਰੂ ਨਾਨਕ ਸਾਹਿਬ ਦੀ ਦ੍ਰਿਸ਼ਟੀ ਵਿਲੱਖਣ ਹੀ ਸੀ। ਕੁਦਰਤ ਦੇ ਰੰਗ ਲੋਕਾਂ ਲਈ ਨੇਤਰਾਂ ਦਾ ਸੁੱਖ ਸਨ ਪਰ ਗੁਰੂ ਨਾਨਕ ਸਾਹਿਬ ਨੇ ਇਸ ਵਿਚ ਆਤਮਿਕ ਸੁੱਖ ਦੀ ਖੋਜ ਕੀਤੀ। ਨੇਤਰ ਸੁੱਖ ਅਲਪ ਕਾਲਿਕ ਸੀ ਕਿਉਂਕਿ ਅੰਤਰ ਦੇ ਤਾਪ ਭੱਖਦੇ ਰਹਿੰਦੇ ਸਨ। ਗੁਰੂ ਨਾਨਕ ਸਾਹਿਬ ਦਾ ਖੋਜਿਆ ਆਤਮਿਕ ਸੁੱਖ ਸਥਾਈ ਸੀ ਕਿਉਂਕਿ ਇਹ ਅੰਤ ਦੇ ਤਾਪ ਨੂੰ ਮਿਟਾ ਕੇ ਜਨਮ ਲੈਣ ਵਾਲਾ ਸੀ। ਗੁਰੂ ਨਾਨਕ ਸਾਹਿਬ ਨੂੰ ਕੁਦਰਤ ਦੇ ਕਣ-ਕਣ ਵਿਚ ਪ੍ਰਮਾਤਮਾ ਬਖਸ਼ਿਸ਼ਾਂ ਕਰਦਾ ਨਜ਼ਰ ਆਇਆ ਸੀ। ਕੁਦਰਤ ਨਾਲ ਜੁੜਨਾ ਪ੍ਰਮਾਤਮਾ ਨਾਲ ਜੁੜਨਾ ਸੀ।

ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੬੮)

ਗੁਰੂ ਨਾਨਕ ਸਾਹਿਬ ਨੇ ਬਸੰਤ ਰੁੱਤ ਨੂੰ ਸਾਰੀਆਂ ਰੁੱਤਾਂ ਵਿਚ ਸ੍ਰੇਸ਼ਟ ਕਿਹਾ ਸੀ। ਇਸ ਰੁੱਤ ਅੰਦਰ ਪ੍ਰਗਟ ਹੋਣ ਵਾਲੀ ਕੁਦਰਤ ਦੀ ਸੁੰਦਰਤਾ ਵੇਖ ਕੇ ਕੰਨਾਂ ਵਿਚ ਪ੍ਰਮਾਤਮਾ ਦੀ ਵਡਿਆਈ ਗੂੰਜਣ ਲੱਗ ਪੈਂਦੀ ਹੈ। ਰਸਨਾ 'ਤੇ ਆਪ ਹੀ ਪ੍ਰਮਾਤਮਾ ਦਾ ਜਸ ਮੁਖਰ ਹੋਣ ਲੱਗਦਾ ਹੈ। ਇੱਕ ਰੁੱਤ ਕੁਦਰਤ ਦੇ ਪਰਿਵਰਤਨ ਚਕ੍ਰ ਕਾਰਨ ਆਉਂਦੀ ਜਾਂਦੀ ਹੈ, ਇੱਕ ਰੁੱਤ ਮਨ ਅੰਦਰ ਹੈ, ਜੋ ਬਣ ਜਾਏ, ਤਾਂ ਕਦੇ ਨਹੀਂ ਬਦਲਦੀ। ਇਸ ਲਈ ਕਰਮ ਕਮਾਉਣੇ ਪੈਂਦੇ ਹਨ। ਗੁਰੂ ਦੀ ਮਤਿ ਅਨੁਸਾਰ ਜੀਵਨ ਨੂੰ ਢਾਲ ਕੇ ਪ੍ਰਮਾਤਮਾ ਵਿਚ ਲਿਵ ਲਾਉਣੀ ਪੈਂਦੀ ਹੈ।

ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ॥
ਨਾਨਕ ਹਰੇ ਨ ਸੂਕਈ ਜਿ ਗੁਰਮੁਖਿ ਰਹੇ ਸਮਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੬੮)

ਅੱਜ ਚੇਤ ਹੈ, ਵੈਸਾਖ ਹੈ, ਕੱਲ੍ਹ ਮਹੀਨੇ ਬਦਲ ਜਾਣਗੇ, ਅੱਜ ਬਸੰਤ ਹੈ, ਕੱਲ ਦੂਜੀ ਰੁੱਤ ਆ ਜਾਵੇਗੀ। ਇਹ ਪਰਿਵਰਤਨ ਦਾ ਸੁਭਾਵਕ ਫੇਰ ਹੈ। ਬਸੰਤ ਰੁੱਤ ਨੇ ਜੋ ਪ੍ਰਫੁੱਲਤਾ ਮਨ ਅੰਦਰ ਭਰੀ ਹੈ, ਗੁਰਸਿੱਖ ਇਸ ਨੂੰ ਆਪਣੀ ਭਗਤੀ ਭਾਵਨਾ ਰਾਹੀਂ ਸਦਾ ਲਈ ਬਣਾਈ ਰੱਖ ਸਕਦਾ ਹੈ। ਬੰਸਤ ਰੁੱਤ ਦੇ ਬੀਤ ਜਾਣ ਤੋਂ ਬਾਅਦ ਵੀ ਉਸ ਦਾ ਮਨ ਉਮੰਗ ਵਿਚ ਰਹਿ ਸਕਦਾ ਹੈ ਕਿਉਂਕਿ ਇਹ ਭਾਵਨਾ ਤਾਂ ਉਸ ਨੇ ਬਸੰਤ ਰੁੱਤ ਰਾਹੀਂ ਪਰ੍ਾਤਮਾ ਦੀ ਵਡਿਆਈ ਦਾ ਦਰਸ਼ਨ ਕਰਕੇ ਪ੍ਰਾਪਤ ਕੀਤੀ ਹੈ। ਪ੍ਰਮਾਤਮਾ ਦੀ ਵਡਿਆਈ ਸਦਾ ਕਾਇਮ ਹੈ। ਉਸ ਵਡਿਆਈ ਨਾਲ ਜੁੜਿਆ ਮਨ ਸਦਾ ਹੀ ਉਸ ਵਡਿਆਈ ਦੀ ਉਮੰਗ ਮਾਣ ਸਕਦਾ ਹੈ। ਗੁਰਸਿੱਖ ਦੇ ਮਨ ਦਾ ਬਿਰਖ ਸਦਾ ਹੀ ਪ੍ਰਮਾਤਮਾ ਦੀ ਭਾਵਨਾ ਨਾਲ ਹਰਿਆ-ਭਰਿਆ ਤੇ ਧਰਮ ਦੇ ਫੁੱਲਾਂ, ਗਿਆਨ ਦੇ ਫਲਾਂ ਨਾਲ ਮਾਲਾਮਾਲ ਰਹਿੰਦਾ ਹੈ।

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥ (ਸ੍ਰੀ ਗੁਰੁ ਗ੍ਰੰਥ ਸਾਹਿਬ, ਅੰਗ ੭੯੧)

ਕਾਮਿਨੀ ਲਈ ਉਸ ਦਾ ਪਤੀ ਹੀ ਆਨੰਦ ਦਾ ਇਕੱਲਾ ਸਰੋਤ ਹੁੰਦਾ ਹੈ। ਆਪਣੇ ਪਤੀ ਦੀ ਸੰਗਤ ਵਿਚ ਹੀ ਉਹ ਸੱਚਾ ਆਨੰਦ ਮਾਣਦੀ ਹੈ। ਜੀਵ ਲਈ ਪ੍ਰਮਾਤਮਾ ਹੀ ਉਸ ਦਾ ਪਤੀ ਹੈ। ਇੱਕ ਪ੍ਰਮਾਤਮਾ ਹੀ ਸੰਸਾਰ ਅੰਦਰ ਪੁਰਖ ਹੈ, ਬਾਕੀ ਸਾਰੇ ਹੀ ਉਸ ਦੀਆਂ ਨਾਰੀਆਂ ਹਨ। ਸੱਚਾ ਆਨੰਦ ਉਸ ਪਤੀ ਪ੍ਰਮਾਤਮਾ ਨੂੰ ਆਪਣੇ ਮਨ ਅੰਦਰ ਸੁਹਾਗਣ ਨਾਰ ਜਿਹਾ ਵਸਾ ਲੈਣ 'ਚ ਹੈ। ਜਿਸ ਪ੍ਰਮਾਤਮਾ ਨੇ ਬਸੰਤ ਦਾ ਅਦੁੱਤੀ ਆਨੰਦ ਬਖਸ਼ਿਆ ਹੈ, ਮਨ ਅੰਦਰ ਵੱਸਿਆ ਹੋਵੇ, ਤਾਂ ਸਦਾ ਹੀ ਜੀਵਨ ਅੰਦਰ ਬਸੰਤ ਜਿਹਾ ਆਨੰਦ ਬਣ ਜਾਂਦਾ ਹੈ। ਗੁਰੂ ਅੰਗਦ ਸਾਹਿਬ ਨੇ ਵਚਨ ਕੀਤਾ ਕਿ ਗੁਰਸਿੱਖ ਨੂੰ ਤਾਂ ਬਸੰਤ ਰੁੱਤ ਦੀ ਉਡੀਕ ਵੀ ਕਰਨ ਦੀ ਲੋੜ ਨਹੀਂ ਹੈ। ਉਸ ਦੇ ਮਨ ਅੰਦਰ ਵੱਸ ਰਹੇ ਪ੍ਰਮਾਤਮਾ ਨੇ ਤਾਂ ਬਸੰਤ ਰੁੱਤ ਆਉਣ ਤੋਂ ਪਹਿਲਾਂ ਹੀ ਉਸ ਨੂੰ ਪ੍ਰਫੁੱਲਿਤ ਕਰ ਦੇਣ ਵਾਲਾ ਹੈ "ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ॥" ਗੁਰਸਿੱਖ ਉਸ ਪ੍ਰਮਾਤਮਾ ਨੂੰ ਸਦਾ ਧਿਆਉਂਦਾ ਹੈ ਤੇ ਸਦਾ ਹੀ ਆਨੰਦ ਵਿਚ ਰਹਿੰਦਾ ਹੈ।

ਗੁਰਬਾਣੀ ਅੰਦਰ ਕੁਦਰਤ ਦੀ ਸੁੰਦਰਤਾ ਦਾ ਵਰਨਣ ਕੁਦਰਤ ਪ੍ਰੇਮੀ ਬਣਾਉਣ ਲਈ ਨਹੀਂ, ਕੁਦਰਤ ਰਾਹੀਂ ਪ੍ਰਮਾਤਮਾ ਲਈ ਪ੍ਰੇਮ ਭਾਵਨਾ ਦ੍ਰਿੜ੍ਹ ਕਰਨ ਲਈ ਕੀਤਾ ਗਿਆ। ਕੁਦਰਤ ਦੀ ਸੁੰਦਰਤਾ ਵਿਚ ਰਮ ਜਾਣਾ ਮਨੋ ਵਿਲਾਸ ਸੀ ਪਰ ਕੁਦਰਤ ਰਾਹੀਂ ਪ੍ਰਮਾਤਮਾ ਦੀ ਵਡਿਆਈ ਤੱਕ ਪੁੱਜ ਜਾਣਾ ਭਗਤੀ ਸੀ, ਜਿਸ ਨਾਲ ਜੀਵਨ ਦਾ ਉਧਾਰ ਹੋਣਾ ਹੈ।

ਰੁਤਿ ਆਈਲੇ ਸਰਸ ਬਸੰਤ ਮਾਹਿ॥
ਰੰਗਿ ਰਾਤੇ ਰਵਹਿ ਸਿ ਤੇਰੈ ਚਾਇ॥
ਕਿਸੁ ਪੂਜ ਚੜਾਵਉ ਲਗਉ ਪਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੬੮)

ਗੁਰੂ ਨਾਨਕ ਸਾਹਿਬ ਨੇ ਬਸੰਤ ਰੁੱਤ ਦੇ ਆਗਮਨ ਦਾ ਇੱਕ ਹੋਰ ਪੱਖ ਵੇਖਿਆ। ਆਪ ਨੇ ਕਿਹਾ ਕਿ ਬਸੰਤ ਰੁੱਤ ਆਉਣ ਨਾਲ ਪ੍ਰਮਾਤਮਾ ਦੇ ਭਗਤ ਦਾ ਮਨ ਹੋਰ ਵਿਗਾਸ ਨਾਲ ਭਰ ਜਾਂਦਾ ਹੈ। ਉਸ ਅੰਦਰ ਪ੍ਰਮਾਤਮਾ ਦੀ ਭਗਤੀ ਦਾ ਚਾਉ ਵੱਧ ਜਾਂਦਾ ਹੈ। ਇੱਕ ਪ੍ਰਮਾਤਮਾ ਹੀ ਤਾਂ ਹੈ, ਜਿਸ ਦੇ ਚਰਨਾਂ ਵਿਚ ਉਹ ਆਪਣੀ ਉਮੰਗ ਭਰੀ ਭਾਵਨਾ ਅਰਪਣ ਕਰ ਸਕਦਾ ਹੈ। ਕੁਦਰਤ ਦਾ ਆਪਣਾ ਨਿਯਮ ਹੈ। ਬਸੰਤ ਰੁੱਤ ਆਉਣ 'ਤੇ ਧਰਤੀ ਦੀਆਂ ਸਾਰੀਆਂ ਵਨਸਪਤੀਆਂ ਖਿੜ ਉੱਠਦੀਆਂ ਹਨ। ਉਨ੍ਹਾਂ 'ਤੇ ਭਿੰਨ-ਭਿੰਨ ਰੰਗਾਂ ਦੇ ਫੁੱਲਾਂ, ਫਲਾਂ ਦਾ ਨਿਖਾਰ ਆ ਜਾਂਦਾ ਹੈ। ਗੁਰਸਿੱਖ ਦਾ ਮਨ ਵੀ ਇਸ ਨਿਯਮ ਅਨੁਸਾਰ ਹੀ ਚੱਲਦਾ ਹੈ। ਉਸ ਦਾ ਮਨ ਵਾਹਿਗੁਰੂ ਪ੍ਰਮਾਤਮਾ ਦਾ ਸੰਗ ਪ੍ਰਾਪਤ ਕਰ ਕੇ ਖਿੜ ਜਾਂਦਾ ਹੈ "ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥" ਪ੍ਰਮਾਤਮਾ ਨੂੰ ਧਿਆਉਣ ਵਿਚ ਹੀ ਆਨੰਦ ਹੈ। ਮਨ ਪ੍ਰਮਾਤਮਾ ਤੋਂ ਦੂਰ ਹੈ, ਤਾਂ ਬਸੰਤ ਰੁੱਤ ਦੀ ਪ੍ਰਫੁੱਲਤਾ ਵੀ ਮਨ ਅੰਦਰ ਵਿਗਾਸ ਨਹੀਂ ਪੈਦਾ ਕਰਦੀ "ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ॥ ਇਹੁ ਮਨੁ ਜਲਿਆ ਦੂਜੈ ਦੋਇ॥" ਪ੍ਰਮਾਤਮਾ ਨੂੰ ਵਿਸਾਰ ਕੇ, ਮਨ ਅੰਦਰ ਦਵੈਤ ਭਾਵ ਰੱਖ ਕੇ ਮਨੁੱਖ ਆਪਣੇ ਆਪ ਨੂੰ ਸੁੱਖ ਤੋਂ ਦੂਰ ਕਰ ਲੈਂਦਾ ਹੈ। ਬਸੰਤ ਦੀ ਸਰਸਤਾ ਤੋਂ ਵੀ ਵਾਂਝਾ ਰਹਿੰਦਾ ਹੈ ਅਤੇ ਸੰਤਾਪ ਵਿਚ ਬਲਦਾ ਰਹਿੰਦਾ ਹੈ।

ਦਰਅਸਲ ਬਸੰਤ ਦੀ ਸ਼ੋਭਾ ਅਤੇ ਮਨੁੱਖ ਦੇ ਮਨ ਦਾ ਵਿਗਾਸ ਦੋਵੇ ਹੀ ਪ੍ਰਮਾਤਮਾ ਦੀ ਨਦਰਿ ਕਾਰਨ ਹੀ ਹਨ।

ਬਸੰਤੁ ਚੜਿਆ ਫੂਲੀ ਬਨਰਾਇ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੭੬)

ਬਸੰਤ ਰੁੱਤ ਦੀ ਸ਼ੋਭਾ ਇਸ ਕਾਰਨ ਹੈ ਕਿ ਉਹ ਪ੍ਰਮਾਤਮਾ ਦੇ ਹੁਕਮ ਅੰਦਰ ਹੈ। ਪ੍ਰਮਾਤਮਾ ਭਾਣੇ ਅੰਦਰ ਵਿਗਾਸ ਪੈਦਾ ਹੁੰਦਾ ਹੈ ਅਤੇ ਉਸ ਵਿਗਾਸ ਦਾ ਅੰਤ ਹੁੰਦਾ ਹੈ। ਬਸੰਤ ਰੁੱਤ ਆਵਾ-ਗਮਨ ਦੀ ਮਰਿਆਦਾ ਨੂੰ ਸਮਝਦੀ ਤੇ ਸਵੀਕਾਰ ਕਰਦੀ ਹੈ। ਗੁਰਸਿੱਖ ਵੀ ਪ੍ਰਮਾਤਮਾ ਦੇ ਭਾਣੇ ਅੰਦਰ ਰਹਿੰਦਾ ਹੈ, ਤਾਂ ਆਨੰਦ ਮਾਣਦਾ ਹੈ, ਉਸ ਦੇ ਜੀਵਨ ਅੰਦਰ ਬਸੰਤ ਜਿਹੀ ਸ਼ੋਭਾ ਬੰਦੀ ਹੈ। ਗੁਰੂ ਨਾਨਕ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੧੧੯੦ 'ਤੇ ਸੁਸ਼ੋਭਿਤ ਆਪਣੀ ਬਾਣੀ ਵਿਚ ਇਸ ਨੂੰ ਸਪੱਸ਼ਟ ਕੀਤਾ ਕਿ ਪ੍ਰਮਾਤਮਾ ਆਪ ਹੀ ਭੌਂਰਾ ਹੈ ਤੇ ਆਪ ਹੀ ਫੁਲ-ਬੇਲ ਹੈ, ਆਪ ਹੀ ਫੁੱਲ ਦੀ ਸੁਗੰਧ ਲੈ ਰਿਹਾ ਹੈ। ਪ੍ਰਮਾਤਮਾ ਹੀ ਸਾਧ ਸੰਗਤ ਕਰਾਉਣ ਵਾਲਾ, ਮਨ ਅੰਦਰ ਭਗਤੀ ਭਾਵਨਾ ਪੈਦਾ ਕਰਨ ਵਾਲਾ ਹੈ। ਭਗਤ ਕਬੀਰ ਜੀ ਨੇ ਕਿਹਾ ਕਿ ਪ੍ਰਮਾਤਮਾ ਤਾਂ ਘਟ-ਘਟ ਵਿਚ ਖਿੜਿਆ ਹੋਇਆ ਹੈ "ਘਟਿ ਘਟਿ ਮਉਲਿਆ ਆਤਮ ਪਰਗਾਸੁ॥" ਉਹ ਤਾਂ ਅਨੰਤ ਰੂਪ ਧਾਰ ਕੇ ਆਨੰਦ ਦੀ ਦਾਤ ਵੰਡ ਰਿਹਾ ਹੈ।

ਗੁਰੂ ਅਰਜਨ ਸਾਹਿਬ ਨੇ ਬਸੰਤ ਰੁੱਤ ਨੂੰ ਆਤਮਿਕ ਉਧਾਰ ਦੇ ਅਉਸਰ ਦੇ ਰੂਪ ਵਿਚ ਵੇਖਿਆ।

ਦੇਖੁ ਫੂਲ ਫੂਲ ਫੂਲੇ॥
ਅਹੰ ਤਿਆਗਿ ਤਿਆਗੇ॥
ਚਰਨ ਕਮਲ ਪਾਗੇ॥
ਤੁਮ ਮਿਲਹੁ ਪ੍ਰਭ ਸਭਾਗੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੮੫)

ਬਸੰਤ ਰੁੱਤ ਦੀ ਪ੍ਰਫੁੱਲਤਾ ਵੇਖ ਕੇ ਮਨ ਅੰਦਰ ਪ੍ਰਫੁੱਲਤਾ ਆ ਜਾਏ। ਜਿਵੇਂ ਖੁੱਲ੍ਹੇ ਮਨ ਨਾਲ ਵਨਸਪਤੀਆਂ ਖਿੜਿਆਂ ਹਨ, ਮਨ ਅੰਦਰ ਵੀ ਸਾਰੇ ਵਿਕਾਰ ਦੂਰ ਕਰ ਕੇ ਪ੍ਰਮਾਤਮਾ ਲਈ ਅਪਾਰ ਭਾਵਨਾ ਤੇ ਗੂੜ੍ਹਾ ਪ੍ਰੇਮ ਪੈਦਾ ਹੋਵੇ। ਪ੍ਰਮਾਤਮਾ ਦੀ ਸ਼ਰਣ ਪ੍ਰਾਪਤ ਕਰਨ ਲਈ ਮਨ ਵਿਚ ਤਾਂਘ ਪੈਦਾ ਹੋਵੇ। ਪ੍ਰਮਾਤਮਾ ਨਾਲ ਮੇਲ ਵਿਚ ਹੀ ਜੀਵਨ ਦੀ ਸਾਰਥਕਤਾ ਹੈ। ਜਿਵੇਂ ਬਸੰਤ ਰੁੱਤ ਹੀ ਪ੍ਰਫੁੱਲਤਾ ਦੀ ਰੁੱਤ ਹੈ, ਮਨੁੱਖੀ ਜੀਵਨ ਵੀ ਪ੍ਰਮਾਤਮਾ ਦੀ ਭਗਤੀ ਕਰ ਜੀਵਨ ਮੁਕਤ ਹੋਣ ਦਾ ਅਵਸਰ ਹੈ। ਬਸੰਤ ਰੁੱਤ ਤਾਂ ਅਗਲੇ ਸਾਲ ਮੁੜ ਆਵੇਗੀ ਪਰ ਇਹ ਜੀਵਨ ਮੁੜ ਕਦੋਂ ਮਿਲੇਗਾ, ਕਹਿਆ ਨਹੀਂ ਜਾ ਸਕਦਾ। ਗੁਰੂ ਅਰਜਨ ਸਾਹਿਬ ਨੇ ਸੁਚੇਤ ਕੀਤਾ "ਅਨ ਰੁਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥" ਇਸ ਜੀਵਨ ਅੰਦਰ ਹੀ ਪ੍ਰਫੁੱਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਜੀਵਨ ਪ੍ਰਮਾਤਮਾ ਭਗਤੀ ਦੀ ਰੁੱਤ ਹੈ, ਜਿਸ ਵਿਚ ਨਾਮ ਦਾ ਬੀਜ ਬੀਜਿਆ ਜਾਂਦਾ ਹੈ "ਇਕੁ ਨਾਮੁ ਬੋਵਹੁ ਬੋਵਹੁ॥" ਅੰਤਰ ਅਤੇ ਬਾਹਰ ਦੇ ਵਿਗਾਸ ਦੀ ਇੱਕਰੂਪਤਾ ਹੀ ਬਸੰਤ ਹੀ "ਮਉਲੀ ਧਰਤੀ ਮਉਲਿਆ ਅਕਾਸ" ਹੈ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਅਨੋਖੀ ਸ਼ਹਾਦਤ

## ਬਾਬਾ ਦੀਪ ਸਿੰਘ ਸ਼ਹੀਦ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼




ਜਸਵਿੰਦਰ ਸਿੰਘ ਰੁਪਾਲ
ਲੁਧਿਆਣਾ
+91-98147-15796
ਪੰਜਾਬ ਮੇਲ USA


ਕਲਗੀ ਵਾਲਿਆ ਤੇਰੇ ਸਕੂਲ ਅੰਦਰ ਸੁਣਿਐ ਅਸਾਂ ਨੇ ਲੱਗਦੀ ਫੀਸ ਕੋਈ ਨਾ॥

ਐਪਰ ਦੇਖਿਆ ਜਦੋਂ ਕਲਾਸ ਅੰਦਰ ਪੜ੍ਹਨ ਵਾਲਿਆਂ ਦੇ ਧੜ 'ਤੇ ਸੀਸ ਕੋਈ ਨਾ॥

ਕਿਸੇ ਕਵੀ ਨੇ ਗੁਰਸਿੱਖੀ ਦੇ ਸਕੂਲ ਦਾ ਬਹੁਤ ਖ਼ੂਬਸੂਰਤ ਨਕਸ਼ਾ ਉਪਰੋਕਤ ਪੰਕਤੀਆਂ ਰਾਹੀਂ ਬਿਆਨ ਕੀਤਾ ਹੈ। ਜੀ ਹਾਂ, ਇਹ ਬਿਲਕੁਲ ਸੱਚ ਹੈ ਅਤੇ 100% ਸੱਚ ਕਿ ਸੀਸ ਆਪਣੇ ਕੋਲ ਰੱਖ ਕੇ ਸਿੱਖ ਨਹੀਂ ਬਣਿਆ ਜਾ ਸਕਦਾ, ਹੋਰ ਕੁਝ ਵੀ ਬਣੀ ਜਾਵੋ। ਗੁਰੂ ਸਾਹਿਬ ਦੀ ਪਹਿਲੀ ਮੰਗ ਹੀ ਇਹੋ ਹੈ। ਸੀਸ ਦੀ ਮੰਗ ਹੀ ਕਿਉਂ?? ਕਿਉਂਕਿ ਇਸ ਵਿਚ ਹੁੰਦੀਆਂ ਹਨ ਸੋਚਾਂ, ਵਿਚਾਰ, ਫੁਰਨੇ, ਹਉਮੈ ਦਾ ਸਾਰਾ ਪਸਾਰ ਇਸੇ ਵਿਚ ਹੁੰਦਾ ਹੈ ਅਤੇ ਜਦੋਂ ਇੱਕ ਸਿੱਖ ਸਿੰਘ ਬਣਦਾ ਹੈ, ਤਾਂ ਉਹ ਆਪਣਾ ਸੀਸ, ਯਾਨੀ ਆਪਣੀਆਂ ਸਾਰੀਆਂ ਸੋਚਾਂ, ਆਪਣੀ ਮੈਂ ਗੁਰੂ ਨੂੰ ਅਰਪਨ ਕਰ ਦਿੰਦਾ ਹੈ ਅਤੇ ਉਸ ਦਿਨ ਤੋਂ ਬਾਅਦ ਉਸਦੀ ਆਪਣੀ ਆਪਣੀ ਜਾਤ, ਆਪਣੀ ਕੁੱਲ, ਆਪਣੀ ਮੱਤ ਸਭ ਕੁਝ ਖਤਮ ਹੋ ਜਾਂਦੀ ਹੈ ਅਤੇ ਉਹ ਅਨੰਦਪੁਰ ਦਾ ਵਾਸੀ ਹੁਣ ਸਿਰਫ ਗੁਰੂ-ਲਿਵ ਵਿਚ ਗੁਰੂ ਦੀ ਮੱਤ ਅਨੁਸਾਰ ਜਿਊ ਕੇ ਹੀ ਗੁਰਸਿੱਖ ਅਗਵਾ ਸਕਦਾ ਹੈ ਅਤੇ ਅਜਿਹੇ ਗੁਰਸਿੱਖ ਵਿਚ ਗੁਰੂ ਆਪ ਵਰਤਦਾ ਹੈ।

ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ॥.... .... .... .... (ਪੰਨਾ ੩੧੨, ਸਲੋਕ ਮ : ੪)

ਸਤਿਗੁਰੂ ਅੱਗੇ ਮਨ ਵੇਚਣ ਵਾਲੇ ਅਜਿਹੇ ਹੀ ਸਿਦਕੀ ਸਿੱਖ ਅਤੇ ਮਹਾਨ ਸੂਰਬੀਰ ਸਨ ਬਾਬਾ ਦੀਪ ਸਿੰਘ ਜੀ।

ਪਿੰਡ ਪੂਹੀਵਿੰਡ, ਜ਼ਿਲ੍ਹਾ ਤਰਨਤਾਰਨ ਵਿਚ ਭਾਈ ਭਗਤਾ ਜੀ ਦੇ ਘਰ ਬੀਬੀ ਜਿਊਣੀ ਜੀ ਦੀ ਕੁੱਖੋਂ 26 ਜਨਵਰੀ 1682 ਈਸਵੀ ਨੂੰ ਇੱਕ ਬਾਲਕ ਦਾ ਜਨਮ ਹੋਇਆ, ਜਿਸ ਦਾ ਨਾਮ ਦੀਪਾ ਰੱਖਿਆ ਗਿਆ। ਸੋਹਣੇ ਪਿਆਰ ਦੁਲਾਰ ਨਾਲ ਪਲਦਾ ਦੀਪਾ ਅਜੇ 17 ਸਾਲਾਂ ਦਾ ਸੀ, ਜਦੋਂ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਸਾਜਣ ਦੀ ਅਨੰਦਮਈ ਖਬਰ ਚੌਪਾਸੀਂ ਫੈਲਦੀ ਹੋਈ ਇਸ ਪਰਿਵਾਰ ਕੋਲ ਵੀ ਪੁੱਜੀ। ਦੀਪਾ ਉਤਸ਼ਾਹ ਵਿਚ ਆ ਗਿਆ ਅਤੇ ਹੋਲੇ-ਮੁਹੱਲੇ ਵਾਲੇ ਦਿਨ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਜਾ ਪੁੱਜਿਆ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਉਨ੍ਹਾਂ ਦੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ। ਪਰਿਵਾਰ ਸਮੇਤ ਗੁਰੂ ਜੀ ਤੋਂ ਖੰਡੇ ਦੀ ਪਾਹੁਲ ਛਕੀ ਅਤੇ ਦੀਪ ਸਿੰਘ ਬਣ ਗਿਆ। ਪਰਿਵਾਰ ਵਾਪਸ ਆ ਗਿਆ ਪਰ ਦੀਪ ਸਿੰਘ ਉੱਥੇ ਹੀ ਰੁੱਕ ਗਿਆ। ਗੁਰੂ ਸਾਹਿਬ ਨੇ ਉਸਦੀ ਪੜ੍ਹਾਈ ਦਾ ਪ੍ਰਬੰਧ ਕੀਤਾ, ਜਿਸ ਵਿਚ ਗੁਰਮੁਖੀ ਅਤੇ ਫ਼ਾਰਸੀ ਭਾਸ਼ਾਵਾਂ ਦੇ ਨਾਲ-ਨਾਲ ਸ਼ਸਤਰ ਵਿੱਦਿਆ ਘੋੜ-ਸਵਾਰੀ ਆਦਿ ਵਿਚ ਸਿਖਲਾਈ ਦਿਵਾਈ। ਸਰੀਰ ਦਾ ਚੁਸਤ-ਫੁਰਤ ਗੱਭਰੂ ਇਨ੍ਹਾਂ ਕਲਾਵਾਂ ਵਿਚ ਛੇਤੀ ਪ੍ਰਪੱਕ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਣ ਜਾਂਦੇ ਇਸ ਨੌਜਵਾਨ ਨੂੰ ਆਪਣੇ ਨਾਲ ਰੱਖਦੇ। ਇਸ ਤਰ੍ਹਾਂ 20 ਦਸੰਬਰ 1704 ਤੱਕ ਦੀਪ ਸਿੰਘ ਨੇ ਗੁਰਬਾਣੀ, ਸੇਵਾ, ਸਿਮਰਨ, ਕੀਰਤਨ, ਯੁੱਧ ਕਲਾ ਆਦਿ ਸਭ ਦੇ ਰਾਹੀਂ ਗੁਰੂ ਦੀ ਸੰਗਤ ਵਿਚ ਗੁਰਸਿੱਖੀ ਨੂੰ ਹਿਰਦੇ ਅੰਦਰ ਧਾਰਨ ਕਰ ਲਿਆ।

1704 ਈਸਵੀ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡਿਆ, ਤਾਂ ਗੁਰੂ ਕੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਦੀ ਸੇਵਾ ਸੰਭਾਲ ਦੀ ਡਿਊਟੀ ਭਾਈ ਮਨੀ ਸਿੰਘ, ਭਾਈ ਦੀਪ ਸਿੰਘ, ਭਾਈ ਧੰਨਾ ਸਿੰਘ ਅਤੇ ਭਾਈ ਜਵਾਹਰ ਸਿੰਘ ਜੀ ਦੀ ਲਗਾਈ ਸੀ। ਇਹ ਸਭ ਦਿੱਲੀ ਵਿਖੇ ਭਾਈ ਜਵਾਹਰ ਸਿੰਘ ਦੇ ਘਰ ਗੁਰੂ ਮਹਿਲਾਂ ਨੂੰ ਸੁਰੱਖਿਅਤ ਲੈ ਗਏ ਸਨ। ਉਪਰੰਤ ਭਾਈ ਦੀਪ ਸਿੰਘ ਜੀ ਵਾਪਸ ਆਪਣੇ ਪਿੰਡ ਵਿਖੇ ਆ ਗਏ ਸਨ। ਗੁਰਸਿੱਖੀ ਕਮਾਉਣ ਲੱਗੇ ਅਤੇ ਅੰਮ੍ਰਿਤ ਸੰਚਾਰ ਵੀ ਕਰਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਜਦੋਂ ਗੁਰੂ ਗ੍ਰੰਥ ਸਾਹਿਬ ਸੰਪੂਰਨ ਕਰਨ ਲੱਗੇ, ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਸਹਾਇਤਾ ਲਈ ਗੁਰੂ ਸਾਹਿਬ ਜੀ ਨੂੰ ਭਾਈ ਦੀਪ ਸਿੰਘ ਜੀ ਨੂੰ ਬੁਲਾਉਣ ਦੀ ਸਲਾਹ ਦਿੱਤੀ, ਜਿਸ ਨੂੰ ਗੁਰੂ ਸਾਹਿਬ ਨੇ ਤੁਰੰਤ ਪ੍ਰਵਾਨ ਕੀਤਾ। ਸੁਨੇਹਾ ਮਿਲਣ 'ਤੇ ਭਾਈ ਦੀਪ ਸਿੰਘ ਜੀ ਦਮਦਮਾ ਸਾਹਿਬ ਪੁੱਜ ਗਏ ਅਤੇ ਕਾਗਜ਼ ਅਤੇ ਸਿਆਹੀ ਪਹੁੰਚਾਉਣ ਦੀ ਸੇਵਾ ਨਿਭਾਉਂਦੇ ਰਹੇ, ਜਦੋਂ ਗੁਰੂ ਜੀ ਲਿਖਾ ਰਹੇ ਸਨ ਅਤੇ ਭਾਈ ਮਨੀ ਸਿੰਘ ਜੀ ਲਿਖ ਰਹੇ ਸਨ। ਭਾਈ ਦੀਪ ਸਿੰਘ ਜੀ ਬੀੜ ਸੰਪੂਰਨ ਹੋਣ 'ਤੇ ਉਸਦੇ ਚਾਰ ਉਤਾਰੇ ਕੀਤੇ ਅਤੇ 1706 ਵਿਚ ਚਾਰੇ ਤਖਤਾਂ ਨੂੰ ਭੇਜੇ। ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਨੂੰ ਜਾਣ ਸਮੇਂ ਦਮਦਮਾ ਸਾਹਿਬ ਜੋ ਕਿ ਹੁਣ ਇੱਕ ਟਕਸਾਲ ਬਣ ਚੁੱਕੀ ਸੀ, ਉਸਦੀ ਸੇਵਾ ਸੰਭਾਲ ਅਤੇ ਗੁਰਬਾਣੀ ਪ੍ਰਚਾਰ ਦਾ ਕੰਮ ਦੀਪ ਸਿੰਘ ਜੀ ਨੇ ਤਨੋਂ, ਮਨੋਂ ਹੋ ਕੇ ਸੰਭਾਲਿਆ। ਦਮਦਮਾ ਸਾਹਿਬ ਵਿਖੇ ਆਪ ਜੀ ਨੇ ਸੰਗਤ ਦੀ ਲੋੜ ਅਨੁਸਾਰ ਇੱਕ ਖੂਹ ਵੀ ਲਗਵਾਇਆ, ਜੋ ਹੁਣ ਵੀ ਮੌਜੂਦ ਹੈ। ਆਪ ਜੀ ਦਾ ਇਲਾਕੇ ਦੀਆਂ ਸੰਗਤਾਂ ਬਹੁਤ ਸਤਿਕਾਰ ਕਰਨ ਲੱਗੀਆਂ।



ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਤੋਂ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ, ਤਾਂ ਸਿੱਖਾਂ ਨੂੰ ਹੁਕਮਨਾਮੇ ਵੀ ਭੇਜੇ ਕਿ ਉਹ ਬੰਦਾ ਸਿੰਘ ਦਾ ਸਾਥ ਦੇਣ। ਦੀਪ ਸਿੰਘ ਜੀ ਬੰਦਾ ਸਿੰਘ ਨਾਲ ਆ ਸ਼ਾਮਲ ਹੋਏ ਅਤੇ ਉਨ੍ਹਾਂ ਵਲੋਂ ਲੜੀਆਂ ਗਈਆਂ ਚੱਪੜਚਿੜੀ, ਸਢੌਰਾ, ਸਰਹਿੰਦ ਆਦਿ ਦੀਆਂ ਜੰਗਾਂ ਵਿਚ ਪੂਰੇ ਉਤਸ਼ਾਹ ਨਾਲ ਆਪਣੀ ਬੀਰਤਾ ਦੇ ਜੌਹਰ ਦਿਖਾਏ। ਜਦੋਂ ਸਿੱਖਾਂ ਦੀਆਂ 12 ਮਿਸਲਾਂ ਬਣੀਆਂ, ਤਾਂ ਮਿਸਲ ਸ਼ਹੀਦਾਂ ਦੇ ਮੁਖੀ ਦੀਪ ਸਿੰਘ ਜੀ ਨੂੰ ਥਾਪਿਆ ਗਿਆ। ਸਤਾਰਵੀਂ ਸਦੀ ਵਿਚ ਜਦੋਂ ਅਹਿਮਦ ਸ਼ਾਹ ਦੁਰਾਨੀ ਪੰਜਾਬ ਲੁੱਟ ਕੇ ਵਾਪਸ ਜਾ ਰਿਹਾ ਸੀ, ਤਾਂ ਬਾਕੀ ਮਿਸਲਾਂ ਦੇ ਜਥਿਆਂ ਸਮੇਤ ਅਫਗਾਨ ਧਾੜਵੀਆਂ ਤੋਂ ਬਹੂ ਬੇਟੀਆਂ ਅਤੇ ਲੁੱਟ ਦਾ ਮਾਲ ਛੁਡਵਾਇਆ।

9 ਜੂਨ 1716 ਨੂੰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਕੌਮ ਦੋ ਧੜਿਆਂ ਵਿਚ ਵੰਡੀ ਗਈ ਸੀ। ਬੰਦਈ ਖਾਲਸਾ ਅਤੇ ਤੱਤ ਖਾਲਸਾ, ਜਿਸ ਦਾ ਨਿਬੇੜਾ ਭਾਈ ਮਨੀ ਸਿੰਘ ਜੀ ਨੇ ਪਰਚੀਆਂ ਪਾ ਕੇ ਕਰਵਾ ਦਿੱਤਾ ਸੀ। ਉਸ ਸਮੇਂ ਭਾਈ ਦੀਪ ਸਿੰਘ ਜੀ ਦਾ ਸਹਿਯੋਗ ਭਾਈ ਮਨੀ ਸਿੰਘ ਜੀ ਨੂੰ ਮਿਲਿਆ। ਭਾਈ ਮਨੀ ਸਿੰਘ ਜੀ ਨੂੰ 1737 ਈਸਵੀ ਨੂੰ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ ਅਤੇ ਜ਼ਕਰੀਆ ਖਾਂ ਨੇ ਪੰਥ ਵਿਰੋਧੀ ਜੁੰਡਲੀ ਤਿਆਰ ਕਰ ਰੱਖੀ ਸੀ, ਜਿਸ ਵਿਚ ਕਰਮਾਂ ਛੀਨਾ, ਚੌਧਰੀ ਨੌਸ਼ਹਿਰਾ ਪੰਨੂੰਆਂ, ਚੌਧਰੀ ਮਜੀਠੀਆ, ਹਰਿਭਗਤ ਨਿਰੰਜਨੀਆ, ਰਾਮਾ ਰੰਧਾਵਾ ਅਤੇ ਮੱਸਾ ਰੰਘੜ ਸਨ। ਜਿਨ੍ਹਾਂ ਵਿਚੋਂ ਮੱਸਾ ਰੰਘੜ ਨੂੰ ਹਰਿਮੰਦਰ ਸਾਹਿਬ ਦਾ ਕਾਰ ਮੁਖਤਾਰ ਨਿਯੁਕਤ ਕਰ ਦਿੱਤਾ ਗਿਆ ਸੀ। ਉਸਨੇ ਦਰਬਾਰ ਸਾਹਿਬ ਵਿਚ ਬੈਠ ਕੇ ਹੁੱਕਾ ਪੀਣ ਅਤੇ ਕੰਜਰੀਆਂ ਨਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਖਬਰਾਂ ਪਤਾ ਲੱਗਣ 'ਤੇ ਦੀਪ ਸਿੰਘ ਜੀ ਜੋਸ਼ ਵਿਚ ਆ ਗਏ ਅਤੇ ਭਰੇ ਇਕੱਠ ਨੂੰ ਸੰਬੋਧਨ ਕਰਕੇ ਪੁੱਛਿਆ ਕਿ ਮੱਸੇ ਰੰਘੜ ਦਾ ਸਿਰ ਕੌਣ ਵੱਢ ਕੇ ਲਿਆਏਗਾ? ਸਿੰਘ ਦੀ ਦਹਾੜ ਸੁਣ ਕੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਇਹ ਜ਼ਿੰਮੇਵਾਰੀ ਚੁੱਕੀ ਅਤੇ ਗੁਰੂ ਦੀ ਓਟ ਲੈ ਕੇ ਸਫਲਤਾਪੂਰਵਕ ਸੀਸ ਵੱਢ ਕੇ ਦੀਪ ਸਿੰਘ ਸਾਹਮਣੇ ਪੇਸ਼ ਕਰ ਦਿਖਾਇਆ।

ਜੱਸਾ ਸਿੰਘ ਆਹਲੂਵਾਲੀਏ ਦੇ ਆਦੇਸ਼ 'ਤੇ ਬਾਕੀ ਮਿਸਲਾਂ ਦੇ ਨਾਲ ਮਿਲ ਕੇ ਅਦੀਨਾ ਬੇਗ ਨੂੰ ਸੋਧਿਆ ਅਤੇ ਜਿੱਤਿਆ ਇਲਾਕਾ ਜੱਸਾ ਸਿੰਘ ਆਹਲੂਵਾਲੀਆ ਦੇ ਹਵਾਲੇ ਕਰ ਦਿੱਤਾ।

ਅਹਿਮਦ ਸ਼ਾਹ ਦੁਰਾਨੀ ਨੇ ਜਦੋਂ ਪੁੱਛਿਆ ਕਿ ਇਹ ਕੌਣ ਹਨ, ਜੋ ਮੇਰੀਆਂ ਫੌਜਾਂ ਨੂੰ ਲੁੱਟ ਰਹੇ ਹਨ। ਇੱਕ ਕਾਜੀ ਨੇ ਜਵਾਬ ਦਿੱਤਾ ਕਿ ਇਨ੍ਹਾਂ ਦੇ ਗੁਰੂ ਨੇ ਬੜੀ ਕਮਾਲ ਦੀ ਚੀਜ਼ ਅੰਮ੍ਰਿਤ ਪਿਲਾਈ ਹੈ, ਇਨ੍ਹਾਂ ਨੂੰ ਜਿਸ ਨਾਲ ਇਹ ਬਲਵਾਨ ਬਣ ਜਾਂਦੇ ਹਨ। ਇੱਕ ਥਾਂ ਨਹੀਂ ਟਿਕਦੇ, ਬੈਠਦੇ ਹੀ ਸੌਂਦੇ ਨੇ ਅਤੇ ਚੱਲਦੇ-ਚੱਲਦੇ ਖਾਂਦੇ ਹਨ। ਪੰਥ ਪ੍ਰਕਾਸ਼ ਦੇ ਲੇਖਕ ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦ ਦੇਖੋ!!

ਵਲੀ ਇਨਕਾ ਅਜਬ ਭਯੋ ਹੈ॥ ਇਨਕੋ ਆਬੇ ਹਯਾਤ ਦਯੋ ਹੈ॥

ਗਜ਼ਬ ਅਸਰ ਤਿਸਕਾ ਹਮ ਦੇਖਾ॥ ਬੁਜ਼ਦਿਲ ਹੋਵਤ ਸਿੰਘ ਬਿਸੇਖਾ॥

ਹਾੜ ਨ ਦਿਨ ਭਰ ਪੀਵਹਿ ਪਾਣੀ॥ ਸਿਆਲ ਨ ਰਾਖਹਿ ਅਗਨ ਨੀਸਾਣੀ॥

ਬੈਠਤ ਸੋਵਹਿ ਚਲਤੇ ਖਾਵਹਿ॥ ਗ੍ਰਾਮ ਕਿਸੀ ਮਹਿ ਟਿਕਣ ਨ ਪਾਵਹਿ॥

---- **ਗਿਆਨੀ ਗਿਆਨ ਸਿੰਘ (ਪੰਥ ਪ੍ਰਕਾਸ਼ )**

ਅਹਿਮਦ ਸ਼ਾਹ ਦੇ ਆਖਣ 'ਤੇ ਉਸਦੇ ਪੁੱਤਰ ਤੈਮੂਰ ਸ਼ਾਹ ਨੇ ਸਖਤੀ ਵਧਾ ਦਿੱਤੀ। ਹਰਿਮੰਦਰ ਸਾਹਿਬ ਦਾ ਸਰੋਵਰ ਆਪਣੇ ਜਰਨੈਲ ਜਹਾਨ ਖਾਂ ਰਾਹੀਂ ਪੂਰ ਦਿੱਤਾ। ਭਾਗ ਸਿੰਘ ਨੇ ਦੀਪ ਸਿੰਘ ਜੀ ਨੂੰ ਖ਼ਬਰ ਕੀਤੀ, ਤਾਂ ਉਨ੍ਹਾਂ ਇੱਕਦਮ ਦਰਬਾਰ ਸਾਹਿਬ ਦੀ ਰਾਖੀ ਲਈ ਚਾਲੇ ਪਾ ਦਿੱਤੇ। ਪਹਿਲਾਂ ਉਨ੍ਹਾਂ ਦੇ ਨਾਲ 5000 ਸਿੰਘ ਹੋ ਗਏ, ਜੋ ਹੋਰ ਅੱਗੇ ਚੱਲ ਕੇ 10000 ਤੱਕ ਹੋ ਗਏ। ਜਹਾਨ ਖਾਂ ਗੋਹਲਵੜੀ ਦੀ ਥੇਹ 'ਤੇ ਬੈਠਾ ਸੀ। ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚ ਕੇ ਕਿਹਾ ਕਿ ਸਿਰਫ ਸ਼ਹੀਦੀ ਲਈ ਤਿਆਰ ਹੀ ਅੱਗੇ ਆਉਣ, ਬਾਕੀ ਵਾਪਸ ਜਾ ਸਕਦੇ ਹਨ। ਸਾਰੇ ਦੇ ਸਾਰੇ ਸਿੰਘ ਲਕੀਰ ਟੱਪ ਆਏ। ਦੀਪ ਸਿੰਘ ਜੀ ਨੇ ਬਕਾਇਦਾ ਅਰਦਾਸ ਕੀਤੀ ਕਿ ਪਾਤਸ਼ਾਹ ਸ਼ਹੀਦੀ ਬੇਸ਼ੱਕ ਮਿਲੇ ਪਰ ਹਰਿਮੰਦਿਰ ਸਾਹਿਬ ਆਜ਼ਾਦ ਹੋਵੇ। ਜਹਾਨ ਖਾਂ ਹਾਥੀ 'ਤੇ ਅੱਗੇ ਵਧਿਆ, ਤਾਂ ਉਸਨੂੰ ਦਿਆਲ ਸਿੰਘ ਦੇ ਤੀਰ ਨੇ ਪਾਰ ਬੁਲਾਇਆ। ਉਸਦੀ ਮੌਤ ਤੋਂ ਬਾਅਦ ਜ਼ਬਰਦਸਤ ਖਾਂ ਅੱਗੇ ਆਇਆ, ਜਿਸ ਨੂੰ ਬਲਵੰਤ ਸਿੰਘ ਨੇ ਮਾਰ ਮੁਕਾਇਆ। ਫੇਰ ਰੁਸਤਮ ਖਾਂ ਅੱਗੇ ਆਇਆ, ਜਿਸ ਦਾ ਮੁਕਾਬਲਾ ਫੇਰ ਬਲਵੰਤ ਸਿੰਘ ਨਾਲ ਆਹਮੋ ਸਾਹਮਣੇ ਹੋਇਆ। ਦੋਵੇਂ ਸੂਰਮੇ ਇੱਕ ਦੂਜੇ ਦੇ ਤਲਵਾਰਾਂ ਮਾਰ ਕੇ ਮਰ ਗਏ। ਦੀਪ ਸਿੰਘ ਜੀ ਨੇ ਸਾਰੀ ਸੈਨਾ ਨੂੰ ਤਿੰਨ ਜੱਥਿਆਂ ਵਿਚ ਵੰਡ ਦਿੱਤਾ। ਸੱਜੇ ਪਾਸੇ ਦੀ ਕਮਾਨ ਗੁਰਬਖਸ਼ ਸਿੰਘ ਕੋਲ, ਵਿਚਕਾਰਲੇ ਜੱਥੇ ਦੀ ਕਮਾਨ ਨੌਧ ਸਿੰਘ ਜੀ ਕੋਲ ਅਤੇ ਖੱਬੇ ਪਾਸੇ ਖੁਦ ਦੀਪ ਸਿੰਘ ਜੀ ਆਪ ਹੋ ਗਏ। ਉੱਧਰ ਜਮਾਲ ਖਾਂ ਆਪਣੀ ਸੈਨਾ ਨੂੰ ਲਲਕਾਰੇ ਮਾਰ ਰਿਹਾ ਸੀ ਕਿ ਸ਼ਹੀਦ ਹੋਣ ਵਾਲਿਆਂ ਨੂੰ ਹੂਰਾਂ ਮਿਲਣਗੀਆਂ ਆਦਿ। ਦੀਪ ਸਿੰਘ ਜੀ ਨੇ ਉਸ ਵੱਲ ਚੱਕਰ ਸੁੱਟਿਆ, ਜਿਸ ਨਾਲ ਉਸਦਾ ਘੋੜਾ ਜ਼ਖਮੀ ਹੋ ਕੇ ਡਿੱਗ ਪਿਆ। ਓਧਰ ਦੀਪ ਸਿੰਘ ਜੀ ਦੀ ਗਰਦਨ 'ਤੇ ਫੱਟ ਵੱਜਿਆ ਤੇ ਗਰਦਨ ਲੁੜਕ ਗਈ। ਜਦੋਂ ਕਿਸੇ ਸਿੰਘ ਨੇ ਕੋਲੋਂ ਜਾ ਕੇ ਕਿਹਾ ਕਿ ਬਾਬਾ ਜੀ ਤੁਸੀਂ ਪਰਿਕਰਮਾ ਵਿਚ ਪੁੱਜਣ ਦੀ ਅਰਦਾਸ ਕੀਤੀ ਹੈ, ਉਨ੍ਹਾਂ ਖੱਬੇ ਹੱਥ ਨਾਲ ਗਰਦਨ ਸੰਭਾਲੀ ਅਤੇ ਸੱਜੇ ਹੱਥ ਨਾਲ ਆਪਣੇ 18 ਸੇਰ ਦੇ ਦੋਧਾਰੀ ਖੰਡੇ ਨਾਲ ਲੜਨਾ ਜਾਰੀ ਰੱਖਿਆ। ਉਨ੍ਹਾਂ ਦਾ ਸੀਸ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਡਿੱਗਿਆ ਅਤੇ ਉਨ੍ਹਾਂ ਦੀ ਅਰਦਾਸ ਪੂਰੀ ਹੋਈ। ਇਸ ਤਰ੍ਹਾਂ ਉਨ੍ਹਾਂ ਕੌਮ ਲਈ ਸ਼ਹੀਦੀ ਪ੍ਰਾਪਤ ਕੀਤੀ। ਇਹ ਸ਼ਹੀਦੀ 13 ਨਵੰਬਰ, 1757 ਈਸਵੀ ਨੂੰ ਹੋਈ। ਇਸ ਸਮੇਂ ਉਨ੍ਹਾਂ ਦੀ ਉਮਰ 75 ਸਾਲ ਦੀ ਸੀ। ਸਤਿਕਾਰ ਵਜੋਂ ਹੀ ਉਨ੍ਹਾਂ ਨੂੰ ਬਾਬਾ ਜੀ ਆਖਿਆ ਜਾਂਦਾ ਹੈ। ਪਰਿਕਰਮਾ ਵਿਚ ਜਿਸ ਥਾਂ ਸ਼ਹੀਦੀ ਪ੍ਰਾਪਤ ਕੀਤੀ, ਉੱਥੇ ਗੁਰਦੁਆਰਾ ਸ਼ਹੀਦ ਬੁੰਗਾ ਬਣਿਆ ਹੋਇਆ ਹੈ ਅਤੇ ਉਹ ਖੰਡਾ ਅਕਾਲ ਤਖਤ ਸਾਹਿਬ ਵਿਚ ਸੰਭਾਲਿਆ ਹੋਇਆ ਹੈ ਅਤੇ ਰੋਜ਼ਾਨਾ ਸ਼ਾਮ ਦੇ ਨਿੱਤਨੇਮ ਤੋਂ ਬਾਅਦ ਸੰਗਤਾਂ ਨੂੰ ਉਸਦੇ ਦਰਸ਼ਨ ਕਰਵਾਏ ਜਾਂਦੇ ਹਨ।

**ਕੀ ਇਕੱਲਾ ਧੜ ਲੜਾਈ ਕਰ ਸਕਦਾ ਹੈ?** :- ਸਾਡਾ ਦੁਖਾਂਤ ਹੈ ਕਿ ਸਾਡੇ ਸ਼ਾਨਾਂਮੱਤੇ ਇਤਿਹਾਸ ਨੂੰ ਕੁਝ ਅਗਿਆਨਤਾ ਵੱਸ, ਕੁਝ ਸ਼ਰਧਾ ਵੱਸ ਅਤੇ ਕੁਝ ਜਾਣਬੁੱਝ ਕੇ ਸਾਜ਼ਿਸ਼ਾਂ ਤਹਿਤ ਤੋੜਿਆ ਮਰੋੜਿਆ ਜਾ ਰਿਹਾ ਹੈ। ਉਸ ਵਿਚ ਕਰਾਮਾਤੀ ਅੰਸ਼ ਭਾਰੂ ਕੀਤੇ ਜਾ ਰਹੇ ਹਨ, ਜਦਕਿ ਗੁਰਬਾਣੀ ਅਤੇ ਗੁਰਮਤਿ ਸਿਧਾਂਤ ਕਰਾਮਾਤ ਦੇ ਪੂਰਨ ਵਿਰੁੱਧ ਹਨ। ਜਿਸ ਢੰਗ ਨਾਲ ਪ੍ਰਚਾਰਿਆ ਜਾਂਦਾ ਹੈ ਕਿ ਸੀਸ ਧੜ ਤੋਂ ਅਲੱਗ ਹੋ ਗਿਆ ਅਤੇ ਦੀਪ ਸਿੰਘ ਜੀ ਕੱਟੇ ਹੋਏ ਸੀਸ ਨੂੰ ਖੱਬੇ ਹੱਥ 'ਤੇ ਰੱਖ ਕੇ ਲੜਦੇ ਜਾ ਰਹੇ ਹਨ, ਵਿਗਿਆਨਕ ਪੱਖ ਤੋਂ ਦੇਖੀਏ ਤਾਂ ਇਹ ਸੰਭਵ ਹੀ ਨਹੀਂ। ਸੀਸ ਜੇ ਪੂਰਾ ਕੱਟਿਆ ਜਾਵੇ, ਤਾਂ ਕੁਝ ਸਕਿੰਟਾਂ ਵਿਚ ਹੀ ਇਨਸਾਨ ਪੂਰਾ ਹੋ ਜਾਏਗਾ ਅਤੇ ਕਈ ਕਿਲੋਮੀਟਰ ਤੱਕ ਲੜਦੇ ਜਾਣ। ਗੁਰਦੁਆਰਾ ਬਾਬਾ ਦੀਪ ਸਿੰਘ, ਜਿੱਥੇ ਸੀਸ ਕੱਟਿਆ ਗਿਆ, ਤੋਂ ਦਰਬਾਰ ਸਾਹਿਬ ਦੀ ਪਰਿਕਰਮਾ ਤੱਕ, ਜਿੱਥੇ ਸੀਸ ਡਿੱਗਿਆ ਹੈ, **crow-fly** ਦੂਰੀ ਵੀ 1.4 ਕਿਲੋਮੀਟਰ ਦੇ ਕਰੀਬ ਬਣਦੀ ਹੈ ਅਤੇ ਤੇਜ਼ ਚਾਲ ਵਾਲੇ ਪੈਦਲ ਸਵਾਰ ਲਈ ਵੀ 10 ਤੋਂ 12 ਮਿੰਟ ਦਾ ਸਮਾਂ ਚਾਹੀਦਾ ਹੈ। ਕਿਉਂਕਿ ਉਸ ਸਮੇਂ ਉਨ੍ਹਾਂ ਕੋਲ ਘੋੜਾ ਨਹੀਂ ਸੀ। ਇਸ ਤਰ੍ਹਾਂ ਇੰਨੇ ਮਿੰਟ ਲਈ ਬਿਨਾਂ ਸੀਸ ਤੋਂ ਲੜਦੇ ਅੱਗੇ ਵਧਣਾ ਸੰਭਵ ਨਹੀਂ ਹੈ। ਇਸ ਨੂੰ ਪ੍ਰਤੀਕਾਤਮਕ ਅੰਦਾਜ਼ ਵਿਚ ਆਖਿਆ ਕਿਹਾ ਜਾ ਸਕਦਾ ਹੈ। ਹੋ ਸਕਦਾ ਹੈ ਕਿ ਕਿਸੇ ਕਲਾਕਾਰ ਵਲੋਂ ਖੱਬੇ ਹੱਥ ਸੀਸ ਤੇ ਸੱਜੇ ਹੱਥ ਖੰਡੇ ਵਾਲੀ ਤਸਵੀਰ ਬਣਾਉਣ ਤੋਂ ਬਾਅਦ ਇਹ ਗੱਲ ਵਧੇਰੇ ਪ੍ਰਚੱਲਿਤ ਹੋਈ ਹੋਵੇ। (ਕਾਲਪਨਿਕ ਤਸਵੀਰਾਂ ਨੂੰ ਸੱਚ ਮੰਨਣ ਨਾਲ ਹੋਰ ਵੀ ਬਹੁਤ ਥਾਵਾਂ 'ਤੇ ਇਤਿਹਾਸ ਦੀ ਗਲਤ ਵਿਆਖਿਆ ਹੋਈ ਮਿਲਦੀ ਹੈ)।

ਕੁਝ ਪੁਰਾਤਨ ਸਰੋਤਾਂ ਦੇ ਹਵਾਲੇ ਦੇਖਣੇ ਜ਼ਰੂਰੀ ਹਨ। ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਵੀ ਸੰਤੋਖ ਸਿੰਘ (1843) ਰਾਮ ਰਾਉਣੀ ਵਾਲੀ ਲੜਾਈ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਦੀ ਬਹਾਦਰੀ ਅਤੇ ਸ਼ਹੀਦੀ ਦਾ ਜ਼ਿਕਰ ਕਰਦੇ ਹਨ, ਪਰ ਪੂਰਾ ਸੀਸ ਕੱਟਣ ਦੀ ਗੱਲ ਨਹੀਂ ਕਰਦੇ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਰਤਨ ਸਿੰਘ ਭੰਗੂ (1810-41) ਇਸ ਤਰ੍ਹਾਂ ਲਿਖਦੇ ਹਨ - "ਚੱਬਾ ਪਿੰਡ ਵਿਚ ਪੁੱਜ ਕੇ ਅੱਤਲ ਖਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਗਰਦਨ 'ਤੇ ਵਾਰ ਕੀਤਾ, ਜਿਸ ਨਾਲ ਉਨ੍ਹਾਂ ਦਾ ਸਿਰ ਇੱਕ ਪਾਸੇ ਝੁਕ ਗਿਆ। ਇੱਕ ਸਿੱਖ ਨੇ ਯਾਦ ਦਿਵਾਇਆ, "ਤੁਸੀਂ ਸਰੋਵਰ ਦੀ ਹੱਦ ਤੱਕ ਪਹੁੰਚਣ ਦਾ ਸੰਕਲਪ ਕੀਤਾ ਸੀ।" ਇਸ ਗੱਲ ਨੂੰ ਸੁਣ ਕੇ ਬਾਬਾ ਜੀ ਨੇ ਖੱਬੇ ਹੱਥ ਨਾਲ ਸਿਰ ਨੂੰ ਸਹਾਰਾ ਦਿੱਤਾ ਅਤੇ ਸੱਜੇ ਹੱਥ ਨਾਲ ਦੋਧਾਰੀ ਖੰਡੇ ਨਾਲ ਦੁਸ਼ਮਣਾਂ ਨੂੰ ਹਟਾਉਂਦੇ ਹੋਏ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੱਕ ਪਹੁੰਚੇ ਅਤੇ ਉੱਥੇ ਪ੍ਰਾਣ ਤਿਆਗੇ।"...

ਉਪਰੋਕਤ ਵਾਰਤਾ ਵਿਚ ਪੂਰਾ ਸੀਸ ਕੱਟਣ ਦਾ ਜ਼ਿਕਰ ਨਹੀਂ, ਸਗੋਂ ਗਰਦਨ 'ਤੇ ਗੰਭੀਰ ਚੋਟ ਦਰਸਾਉਂਦਾ ਹੈ। ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ ਇਸ ਨਾਲ ਮਿਲਦਾ-ਜੁਲਦਾ ਹੈ।

ਸ਼ਹੀਦ ਬਿਲਾਸ ਬਾਬਾ ਦੀਪ ਸਿੰਘ ਜੀ (ਗਿਆਨੀ ਠਾਕੁਰ ਸਿੰਘ, 1904) ਵਿਚ ਬਾਬਾ ਦੀਪ ਸਿੰਘ ਜੀ ਨੂੰ ਲੜਦੇ ਹੋਏ ਸ਼ਹੀਦ ਹੁੰਦਾ ਦਿਖਾਇਆ ਹੈ ਪਰ ਚਮਤਕਾਰੀ ਢੰਗ ਨਾਲ ਸੀਸ ਹੱਥ 'ਤੇ ਚੁੱਕੇ ਦਾ ਵੇਰਵਾ ਘੱਟ ਜ਼ੋਰ ਨਾਲ ਹੈ, ਵਧੇਰੇ ਧਿਆਨ ਬਹਾਦਰੀ ਵੱਲ ਹੈ।

ਪੁਸਤਕ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ (ਕ੍ਰਿਤ ਭਾਈ ਨਿਰੰਜਨ ਸਿੰਘ ਹੈੱਡ ਗ੍ਰੰਥੀ ਦਰਬਾਰ ਸਾਹਿਬ) ਅਤੇ ਇਸ 'ਤੇ ਆਧਾਰਿਤ ਮੁਖਤਾਰ ਸਿੰਘ ਗੋਰਾਇਆ ਵਲੋਂ ਪਿੰਗਲਵਾੜਾ ਲਈ ਛਾਪੇ ਗਏ ਟ੍ਰੈਕਟ ਵਿਚ ਪੂਰਾ ਸੀਸ ਕੱਟੇ ਜਾਣ ਅਤੇ ਹੱਥ 'ਤੇ ਟਿਕਾਏ ਜਾਣ ਦਾ ਜ਼ਿਕਰ ਹੈ। ਸ਼ਬਦ ਇਸ ਤਰ੍ਹਾਂ ਹਨ:--

ਬਾਬਾ ਜੀ ਦਾ ਸਿਰ ਲੱਥਾ ਵੇਖ ਕੇ ਇਕ ਸਿੰਘ ਨੇ ਆਖਿਆ- "ਬਾਬਾ ਜੀ ਤੁਸੀਂ ਅਰਦਾਸ ਕੀਤੀ ਸੀ ਕਿ ਸੀਸ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਧਰਨਾ ਹੈ।..." ਲੱਥੇ ਹੋਏ ਸੀਸ ਵਿਚੋਂ ਆਵਾਜ ਆਈ ਕਿ ਸਿੰਘ ਦਾ ਪ੍ਰਣ ਤੋੜ ਨਿਭੇਗਾ। ਧੜ ਹਿੱਲਿਆ ਖੰਡਾ ਅੱਗੇ ਹੀ ਹੱਥ ਵਿਚ ਸੀ। ਅਨੋਖੇ ਹੀ ਜੀਵਨ ਵਿਚ ਬਾਬਾ ਜੀ ਖੜ੍ਹੇ ਹੋ ਗਏ। ਸੀਸ ਖੱਬੀ ਤਲੀ 'ਤੇ ਰੱਖ ਲਿਆ, ਸੱਜੇ ਹੱਥ ਨਾਲ ਖੰਡੇ ਨਾਲ ਐਸੀ ਵਾਢੀ ਪਾਈ ਕਿ ਗਿਲਜੇ ਤੌਬਾ ਤੌਬਾ ਕਰਦੇ ਮੈਦਾਨ ਛੱਡ ਕੇ ਭੱਜ ਤੁਰੇ। ......ਬਾਬਾ ਜੀ ਨੇ ਸੀਸ ਤਲੀ 'ਤੇ ਰੱਖ ਕੇ ਰਾਮਸਰ ਤੋਂ ਅੱਗੇ ਲੰਘ ਸੁਧਾਸਰ ਦੀਆਂ ਪਰਿਕਰਮਾ ਵਿਚ ਸਤਿਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿਚ ਸੀਸ ਭੇਟ ਰੱਖੀ।.....

ਹੋਰ ਇਤਿਹਾਸਕਾਰਾਂ ਜਿਵੇਂ ਡਾ. ਗੰਡਾ ਸਿੰਘ, ਖੁਸ਼ਵੰਤ ਸਿੰਘ, ਪ੍ਰਿੰ. ਸਤਬੀਰ ਸਿੰਘ ਆਦਿ ਸ਼ਹੀਦ ਦੀਪ ਸਿੰਘ ਜੀ ਦੇ ਸਿਦਕ ਅਤੇ ਬਹਾਦਰੀ ਦੀ ਗੱਲ ਕਰਦੇ ਹਨ, ਪਰ ਉਨ੍ਹਾਂ ਦੇ ਸੀਸ ਹੱਥ 'ਤੇ ਰੱਖਣ ਦੀ ਗੱਲ ਨੂੰ ਸਿਰਫ ਰੂਪਕ ਤੌਰ 'ਤੇ ਸੀਸ ਭੇਟ ਕਰਨ ਦੇ ਅੰਦਾਜ਼ ਵਿਚ ਹੀ ਲਿਆ ਹੈ। ਅਸਲੀ ਇਤਿਹਾਸਕ ਪੱਖ ਦੇ ਤੌਰ 'ਤੇ ਨਹੀਂ।

ਇਸ ਤਰ੍ਹਾਂ ਵੱਖ-ਵੱਖ ਲਿਖਾਰੀਆਂ ਅਤੇ ਵਿਦਵਾਨਾਂ ਨੇ ਆਪੋ-ਆਪਣੇ ਅੰਦਾਜ਼ ਵਿਚ ਇਸਦੀ ਵਿਆਖਿਆ ਕੀਤੀ ਹੈ। ਜਿਸ ਥਾਂ ਪਰਿਕਰਮਾ ਵਿਚ ਸੀਸ ਡਿੱਗਿਆ ਸੀ, ਉੱਥੇ ਸ਼੍ਰੋਮਣੀ ਕਮੇਟੀ ਵਲੋਂ ਲਿਖਵਾਏ ਗਏ ਇਤਿਹਾਸ ਵਿਚ ਵੀ ਪੂਰਾ ਸੀਸ ਕੱਟਿਆ ਜਾਣਾ ਅਤੇ ਹੱਥ 'ਤੇ ਰੱਖ ਕੇ ਲੜੇ ਜਾਣਾ ਲਿਖਿਆ ਹੈ।...... ਸਾਡੇ ਇਤਿਹਾਸ ਨੂੰ ਵਿਗਿਆਨਕ ਅੰਦਾਜ਼ ਵਿਚ ਪਹਿਲੀ ਗੱਲ ਕਿਸੇ ਨੇ ਲਿਖਿਆ ਹੀ ਨਹੀਂ, ਜੇ ਕੋਈ ਕੋਸ਼ਿਸ਼ ਕਰੇਗਾ ਵੀ ਤਾਂ ਸ਼ਰਧਾਲੂਆਂ ਨੇ ਉਸਦੀ ਮੰਨਣੀ ਕਿੱਥੇ ਹੈ? ਉਸਦਾ ਭਰਵਾਂ ਵਿਰੋਧ ਹੋਏਗਾ। ਸਿੱਖ ਕੌਮ ਦੇ ਇਹ ਏਜੰਡੇ ਵਿਚ ਹੀ ਨਹੀਂ ਕਿ ਇਤਿਹਾਸ ਨੂੰ ਵਧੀਆ ਢੰਗ ਨਾਲ ਲਿਖਾ ਕੇ ਸੰਭਾਲਿਆ ਜਾਵੇ। ਸਗੋਂ ਵਿਰੋਧੀਆਂ ਦੇ ਵੰਡ ਪਾਊ ਏਜੰਡੇ ਦਾ ਸ਼ਿਕਾਰ ਹੋ ਕੇ ਸਿੱਖ ਇੱਕ ਦੂਜੇ ਨਾਲ ਬਹੁਤ ਛੋਟੇ ਮਸਲੇ 'ਤੇ ਲੜਨ ਮਰਨ ਲਈ ਤਿਆਰ ਹੋ ਜਾਂਦੇ ਹਨ।

ਅਸਲ ਵਿਚ ਜਿਵੇਂ ਅਸੀਂ ਲੇਖ ਦੇ ਆਰੰਭ ਵਿਚ ਹੀ ਕਿਹਾ ਹੈ ਕਿ ਗੁਰਮਤਿ ਤਾਂ ਹਰੇਕ ਸਿੱਖ ਤੋਂ ਸੀਸ ਮੰਗਦੀ ਹੈ। ਗੁਰੂ ਨਾਨਕ ਨੇ ਹੀ ਆਖਿਆ ਸੀ:-

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥"........... (ਪੰਨਾ ੧੪੧੨, ਸਲੋਕ ਵਾਰਾਂ ਤੇ ਵਧੀਕ॥ ਮਹਲਾ ੧)

ਇਸੇ ਤਰ੍ਹਾਂ ਇੱਕ ਹੋਰ ਥਾਂ ਫੁਰਮਾਨ ਹੈ:-

ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥......... (ਪੰਨਾ ੧੧੧੪, ਤੁਖਾਰੀ ਛੰਤ ਮਹਲਾ ੪)

ਸਿੱਖੀ ਹੈ ਹੀ ਪ੍ਰੇਮ ਦੀ ਖੇਡ। ਇੱਥੇ ਪਹਿਲਾਂ ਮਰਨਾ ਕਬੂਲ ਕਰਨ ਦਾ ਹੁਕਮ ਹੈ। ਸਤਿਗੁਰੂ ਨਾਲ ਪ੍ਰੇਮ ਹੋਣ 'ਤੇ ਇੱਕ ਸਿੱਖ ਆਪਣੇ ਪਰਿਵਾਰ, ਧਨ ਦੌਲਤ ਅਤੇ ਇੱਥੋਂ ਤੱਕ ਕਿ ਆਪਣੇ ਸਰੀਰ ਦਾ ਵੀ ਮੋਹ ਨਹੀਂ ਕਰਦਾ। ਉਸਨੂੰ ਆਪਣਾ ਸਰੀਰ ਭੇਟ ਕਰਕੇ ਗੁਰੂ ਦੀ ਖੁਸ਼ੀ ਮਿਲਣੀ ਬਹੁਤ ਸਸਤਾ ਸੌਦਾ ਲੱਗਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਦੀਪ ਸਿੰਘ ਜੀ ਦੀ ਬਹਾਦਰੀ ਦੇਖ ਕੇ ਉਨ੍ਹਾਂ ਨੂੰ ਜ਼ਿੰਦਾ ਸ਼ਹੀਦ ਦਾ ਰੁਤਬਾ ਵੀ ਦਿੱਤਾ ਸੀ। ਲੋੜ ਹੈ ਅਸੀਂ ਸ਼ਹੀਦਾਂ ਦਾ ਸਤਿਕਾਰ ਕਰੀਏ ਅਤੇ ਉਨ੍ਹਾਂ ਤੋਂ ਗੁਰੂ ਪ੍ਰਤੀ ਪ੍ਰੇਮ ਅਤੇ ਸਿਦਕ ਰੱਖਣਾ ਸਿੱਖੀਏ। ਉਨ੍ਹਾਂ ਨਾਲ ਬੇਲੋੜੀਆਂ ਕਰਾਮਾਤਾਂ ਨਾ ਜੋੜਦੇ ਰਹੀਏ।

**ਸ਼ਹੀਦ ਬਾਬਾ ਦੀਪ ਸਿੰਘ ਦੇ ਨਾਮ 'ਤੇ ਹੋ ਰਹੇ ਕਰਮ ਕਾਂਡ**:- ਸ਼ਹੀਦਾਂ ਦਾ ਸਤਿਕਾਰ ਕਰਨਾ ਮੁਬਾਰਕ ਹੈ, ਜ਼ਰੂਰ ਕਰਨਾ ਚਾਹੀਦਾ ਹੈ। ਪਰ ਅੱਜ ਜੋ ਹੋ ਰਿਹਾ ਹੈ, ਮੁਆਫ ਕਰਨਾ, ਉਸ ਵਿਚ ਸਿੱਖੀ ਦੀ ਰੂਹ ਹੀ ਨਜ਼ਰ ਨਹੀਂ ਆ ਰਹੀ। ਜਿੱਥੇ ਕੁਝ ਸ਼ਰਧਾਲੂ ਉਨ੍ਹਾਂ ਨੂੰ ਗੁਰੂ ਸਾਹਿਬਾਨ ਤੋਂ ਵੀ ਵਧੇਰੇ ਸਤਿਕਾਰ ਦੇਣ ਲੱਗ ਪਏ ਹਨ। ਉੱਥੇ ਉਨ੍ਹਾਂ ਦੇ ਨਾਮ 'ਤੇ ਬਣੀਆਂ ਥਾਵਾਂ ਤੇ ਗੁਰਦੁਆਰਿਆਂ ਨੂੰ ਇੱਛਾ ਪੂਰੀਆਂ ਕਰਨ ਵਾਲਾ ਸਥਾਨ ਪ੍ਰਚਾਰ ਕੇ ਸੰਗਤਾਂ ਦਾ ਇੱਕਠ ਹੋ ਰਿਹਾ ਹੈ। ਕੋਈ ਸ਼ਹੀਦਾਂ ਦੇ ਪਹਿਰੇ ਬਾਬਤ ਗੱਲ ਕਰਦਾ ਹੈ ਅਤੇ ਕੁਝ ਸਮੇਂ ਤੋਂ ਇੱਕ ਨਵੀਂ ਪਿਰਤ ਚੌਪਹਿਰੇ ਦੀ ਸ਼ੁਰੂ ਹੋ ਗਈ ਹੈ। ਬਾਣੀ ਜਿੰਨੀ ਮਰਜ਼ੀ ਪੜ੍ਹੋ, ਜਿਹੜੀ ਮਰਜ਼ੀ ਅਤੇ ਜਿਹੜੇ ਮਰਜ਼ੀ ਸਮੇਂ ਪੜ੍ਹੋ, ਕੋਈ ਇਤਰਾਜ਼ ਨਹੀਂ। ਖੁਸ਼ੀ ਅਤੇ ਸੰਤੁਸ਼ਟੀ ਦੀ ਗੱਲ ਹੈ ਪਰ ਉਸ ਨਾਲ ਆਪਣੀਆਂ ਦੁਨਿਆਵੀ ਮੰਗਾਂ ਪੂਰੀਆਂ ਹੋਣ ਨੂੰ ਜੋੜ ਲੈਣਾ ਠੀਕ ਨਹੀਂ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਅੰਮ੍ਰਿਤ ਵੇਲੇ ਤੋਂ ਤੋੜਨ ਦੀ ਸਾਜ਼ਿਸ਼ ਤਹਿਤ ਚੌਪਹਿਰੇ ਸ਼ੁਰੂ ਕੀਤੇ ਗਏ ਹਨ। ਕਾਰਨ ਜੋ ਵੀ ਹੋਵੇ, ਸਿੱਖਾਂ ਦਾ ਵੱਡਾ ਹਿੱਸਾ ਇਸ ਨਵੇਂ ਕਰਮ ਕਾਂਡ ਵੱਲ ਰੁਚਿਤ ਹੋ ਗਿਆ ਹੈ। ਕਿਉਂਕਿ ਗੁਰਬਾਣੀ ਦਾ ਆਪ ਅਧਿਐਨ ਕਰਨਾ ਅਤੇ ਉਸਨੂੰ ਜੀਵਨ ਵਿਚ ਕਮਾਉਣ ਦੇ ਔਖੇ ਕੰਮ ਨਾਲੋਂ ਅਜਿਹੇ ਕਰਮ ਕਾਂਡ ਕਰਨੇ ਸੌਖੇ ਲੱਗਦੇ ਹਨ। ਵਾਹਿਗੁਰੂ ਮਿਹਰ ਕਰੇ। ਸਾਨੂੰ ਗੁਰਬਾਣੀ ਦੀ ਸੋਝੀ ਬਖਸ਼ੇ ਅਤੇ ਇਤਿਹਾਸ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪਰਖਣਾ ਆ ਜਾਵੇ।

# ਡਗਸ਼ਈ ਦੀ ਜੇਲ੍ਹ ਯਾਤਰਾ

ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA



ਬੇਟੀ ਬਾਹਰੋਂ ਆਈ ਹੋਈ ਸੀ ਤੇ ਨਵਾਂ ਸਾਲ ਮਨਾਉਣ ਲਈ ਕਿਸੇ ਨੇੜੇ ਦੇ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾ ਆ। ਸਲਾਹ ਕਰਕੇ ਮੈਂ, ਪਤਨੀ ਹਰਜੀਤ, ਬੇਟੀ ਰਸ਼ਮੀਤ ਤੇ ਭਤੀਜੇ ਦੀਪਕੰਵਲ ਨੇ ਬੜੋਗ ਤੇ ਡਗਸ਼ਈ ਵੱਲ ਚਾਲੇ ਪਾ ਦਿੱਤੇ। ਸ਼ਿਮਲੇ ਰੋਡ ਵੱਲ ਜਾਂਦਿਆਂ ਹਿਮਾਚਲ ਪ੍ਰਦੇਸ਼ ਵਿਚ ਐਂਟਰ ਹੋਣ ਤੋਂ ਬਾਅਦ ਸੜਕ ਦੇ ਸੱਜੇ ਹੱਥ ਇੱਕ ਬਹੁਤ ਸੋਹਣਾ ਨਵਾਂ ਹੀ ਪਾਰਕ ਆਉਂਦਾ ਹੈ, ਜਿੱਥੇ ਵੱਡੇ-ਵੱਡੇ ਅੱਖਰਾਂ 'ਚ 'ਆਈ ਲਵ ਹਿਮਾਚਲ' ਲਿਖਿਆ ਹੋਇਆ ਹੈ। ਇੱਥੇ ਬਹੁਤ ਹੀ ਸੋਹਣੇ-ਸੋਹਣੇ ਫੁੱਲਾਂ ਦੇ ਬੂਟੇ ਲੱਗੇ ਹੋਏ ਹਨ। ਚਾਰੇ ਪਾਸੇ ਹਰਿਆਵਲ ਬਾਹਾਂ ਖੋਲ੍ਹ ਕੇ ਤੁਹਾਡਾ ਸਵਾਗਤ ਕਰਦੀ ਹੈ। ਸੋਹਣੇ-ਸੋਹਣੇ ਫੁੱਲਾਂ 'ਚ ਸੋਹਣੀਆਂ-ਸੋਹਣੀਆਂ ਤਸਵੀਰਾਂ ਨੂੰ ਆਪਣੇ ਮੋਬਾਈਲ ਦੇ ਕੈਮਰੇ ਵਿਚ ਕੈਦ ਕੀਤਾ।

ਜਾਣ ਤੋਂ ਪਹਿਲਾਂ ਮੇਰਾ ਇੱਕ ਵਕੀਲ ਦੋਸਤ ਗਗਨਦੀਪ ਗੋਰਾਇਆ ਕਹਿੰਦਾ ਕਿ ਉੱਥੇ ਮੇਨ ਸੜਕ 'ਤੇ ਹੀ ਆਪਣੇ ਨਾਲ ਦੇ ਪਿੰਡ ਦੇ ਇੱਕ ਸਰਦਾਰ ਜੀ ਨੇ ਆਪਣਾ ਰੈਸਟ ਹਾਊਸ ਬਣਾਇਆ ਹੋਇਆ ਹੈ ਅਤੇ ਉਹ ਫ਼ਤਿਹਗੜ੍ਹ ਸਾਹਿਬ ਤੋਂ ਗਿਆਂ ਨੂੰ ਬਹੁਤ ਪਿਆਰ ਨਾਲ ਮਿਲਦੇ ਹਨ। ਉੱਥੇ ਉਨ੍ਹਾਂ ਨੂੰ ਮਿਲ ਲੈਣਾ, ਪਰ ਉਹ ਕਾਫੀ ਬਜ਼ੁਰਗ ਨੇ, ਹੋ ਸਕਦਾ ਹੁਣ ਜਿਉਂਦੇ ਵੀ ਹੋਣ ਜਾਂ ਨਾ। ਉਸ ਤੋਂ ਬਾਅਦ ਉਹਨੇ ਕਿਹਾ ਕਿ ਕੁਝ ਦੂਰੀ ਉੱਤੇ ਹੀ ਚਾਚਾ ਜੀ ਦਾ ਢਾਬਾ ਹੈ, ਜਿੱਥੇ ਪਰੌਂਠੇ ਬਹੁਤ ਸਵਾਦ ਹੁੰਦੇ ਹਨ, ਉੱਥੇ ਪਰੌਂਠੇ ਛਕ ਲੈਣਾ। ਜਾਂਦਿਆਂ ਸਾਨੂੰ ਸੌਖਿਆਂ ਹੀ ਸਰਦਾਰ ਜੀ ਦਾ ਉਹ ਰੈਸਟ ਹਾਊਸ ਮਿਲ ਗਿਆ। ਉੱਥੇ ਉਨ੍ਹਾਂ ਨੂੰ ਮਿਲ ਕੇ ਗੱਲਾਂਬਾਤਾਂ ਕੀਤੀਆਂ ਤੇ ਉਨ੍ਹਾਂ ਨੇ ਸਾਨੂੰ ਹਿਮਾਚਲ ਦੀ ਸਪੈਸ਼ਲ ਚਾਹ ਪਿਲਾਈ। ਭਾਵ ਉਹ ਬਿਲਕੁਲ ਤੰਦਰੁਸਤ ਤੇ ਸਹੀ ਸਲਾਮਤ ਸਨ। ਉਸ ਤੋਂ ਅੱਧੇ ਕੁਝ ਘੰਟੇ ਬਾਅਦ ਸਾਹਮਣੇ ਚਾਚਾ ਜੀ ਦੇ ਢਾਬੇ ਦਾ ਬੋਰਡ ਲੱਗਿਆ ਦੇਖਿਆ ਤੇ ਗੱਡੀ ਰੋਕ ਲਈ। ਢਾਬੇ ਅੰਦਰ ਬੈਠਿਆਂ ਤੋਂ ਆਰਡਰ ਲੈਣ ਆਏ ਮੁੰਡੇ ਨੂੰ ਪੁੱਛਿਆ ਕਿ ਚਾਚਾ ਜੀ ਕਿੱਥੇ ਹਨ। ਉਸ ਨੇ ਤਾਂਹ ਨੂੰ ਉਂਗਲ ਕਰਕੇ ਕਿਹਾ ਜੀ ਉਹ ਤਾਂ ਉੱਪਰ ਹਨ। ਮੈਂ ਨਾਲ ਹੀ ਕਿਹਾ ਕਿ ਬੁਲਾਓ ਉਨ੍ਹਾਂ ਨੂੰ, ਮਿਲਣਾ ਹੈ। ਉਸਨੇ ਫਿਰ ਜਵਾਬ ਦਿੱਤਾ ਕਿ ਉਹ ਤਾਂ ਜੀ ਉੱਪਰ ਚਲੇ ਗਏ, ਭਾਵ ਉਨ੍ਹਾਂ ਦੀ ਮੌਤ ਹੋ ਚੁੱਕੀ ਹੈ। ਮਤਲਬ ਕਿ ਜਿਸ ਦੇ ਜਿਉਂਦੇ ਹੋਣ ਦੀ ਉਮੀਦ ਨਹੀਂ ਸੀ, ਉਹ ਸਹੀ ਸਲਾਮਤੀ ਤੇ ਜਿਸ ਬਾਰੇ ਇਹ ਸ਼ੰਕਾ ਵੀ ਨਹੀਂ ਸੀ, ਉਹ ਫੌਤ ਹੋ ਚੁੱਕਾ ਸੀ। ਇਸ ਲਈ ਰਹਿੰਦੇ ਸਾਹਾਂ ਤੱਕ ਜਿੰਨਾ ਹੋ ਸਕੇ ਜ਼ਿੰਦਗੀ ਜੀਅ ਲਈ ਜਾਵੇ, ਘੁੰਮ ਫਿਰ ਕੇ ਦੁਨੀਆਦਾਰੀ ਦੇਖ ਲਈ ਜਾਵੇ। ਖੈਰ ਉੱਥੇ ਨਾਸ਼ਤਾ ਕੀਤਾ ਤੇ ਥੋੜ੍ਹੀ ਅੱਗੇ ਜਾ ਕੇ ਇੱਕ ਹੋਮਸਟੇਅ ਵਿਖੇ ਕਮਰਾ ਲੈ ਲਿਆ, ਕਿਉਂਕਿ 31 ਦਸੰਬਰ ਹੋਣ ਕਰਕੇ ਸ਼ਾਮ ਤੱਕ ਟੂਰਿਸਟਾਂ ਦੀ ਬਹੁਤ ਜ਼ਿਆਦਾ ਭੀੜ ਹੋ ਜਾਣੀ ਸੀ ਤੇ ਕਮਰਾ ਲੱਭਣ ਵਿਚ ਦਿੱਕਤ ਆਉਣੀ ਸੀ।

ਫਰੈਸ਼ ਹੋਣ ਉਪਰੰਤ ਹੋਮਸਟੇਅ ਤੋਂ ਇੱਕ ਪਹਾੜੀ ਥੱਲੇ ਉੱਤਰ ਕੇ ਤੇ ਦੂਜੇ ਪਾਸੇ ਇੱਕ ਹੋਰ ਪਹਾੜੀ ਦੇ ਉੱਪਰ ਵੱਲ ਡਗਸ਼ਈ ਨੂੰ ਚੱਲ ਪਏ। ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ 'ਚ ਪੈਂਦਾ ਡਗਸ਼ਈ ਪੁਰਾਣੇ ਛਾਉਣੀ ਖੇਤਰਾਂ ਵਿਚੋਂ ਇੱਕ ਹੈ, ਜਿਹੜਾ ਕਿ ਸੋਲਨ ਤੋਂ 11 ਤੇ ਕਾਲਕਾ ਤੋਂ 27 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਇਸਦੀ ਸਥਾਪਨਾ 1847 'ਚ ਈਸਟ ਇੰਡੀਆ ਕੰਪਨੀ ਦੁਆਰਾ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਤੋਂ ਡੱਬਲੀ, ਬੁਘਤਿਆਲਾ, ਚੁਨਾਗ, ਜਾਵੂਗ ਅਤੇ ਡਗਸ਼ਈ ਨਾਮਕ ਪੰਜ ਪਿੰਡ ਮੁਫ਼ਤ ਵਿਚ ਪ੍ਰਾਪਤ ਕਰਕੇ ਕੀਤੀ ਸੀ। ਨਵੀਂ ਛਾਉਣੀ ਦਾ ਨਾਮ ਆਖਰੀ ਨਾਮ ਵਾਲੇ ਪਿੰਡ ਦੇ ਨਾਮ 'ਤੇ ਰੱਖਿਆ ਗਿਆ ਸੀ, ਕਿਉਂਕਿ ਇਹ ਸਭ ਤੋਂ ਵੱਡਾ ਅਤੇ ਰਣਨੀਤਿਕ ਤੌਰ 'ਤੇ ਸਭ ਤੋਂ ਵੱਧ ਸੁਰੱਖਿਅਤ ਸੀ। ਕਿਹਾ ਜਾਂਦਾ ਹੈ ਕਿ ਡਗਸ਼ਈ ਨਾਮ 'ਦਾਗ-ਏ-ਸ਼ਾਹੀ' ਤੋਂ ਲਿਆ ਗਿਆ ਸੀ। ਮੁਗਲਾਂ ਦੇ ਸਮੇਂ ਅਪਰਾਧੀਆਂ ਦੇ ਮੱਥੇ 'ਤੇ ਦਾਗ-ਏ-ਸ਼ਾਹੀ ਲਿਖਿਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਉਸ ਸਮੇਂ ਦੇ ਡਗਸ਼ਈ ਪਿੰਡ ਭੇਜ ਦਿੱਤਾ ਜਾਂਦਾ ਸੀ।




ਡਗਸ਼ਈ ਸ਼ਹਿਰ 'ਚ 'ਡਗਸ਼ਈ ਦੀ ਕੇਂਦਰੀ ਜੇਲ੍ਹ', 'ਮਿਊਜ਼ੀਅਮ' ਤੇ 'ਕੈਥੋਲਿਕ ਚਰਚ' ਮੁੱਖ ਤੌਰ 'ਤੇ ਵੇਖਣਯੋਗ ਥਾਵਾਂ ਹਨ। ਇੱਥੇ ਛਾਉਣੀ 'ਚ ਦੀ ਹੁੰਦਿਆਂ ਹੋਇਆਂ 'ਡਗਸ਼ਈ ਪਬਲਿਕ ਸਕੂਲ' ਦੇਖਿਆ। ਉਸ ਸਕੂਲ ਅੰਦਰ ਬਣੇ ਹੋਏ ਗੁਰਦੁਆਰੇ ਦੇ ਦਰਸ਼ਨ ਕੀਤੇ। ਛੁੱਟੀ ਉਪਰੰਤ ਉਥੇ ਬੈਠੇ ਕਲਰਕ ਮੈਡਮ ਨਾਲ ਸਕੂਲ ਬਾਬਤ ਗੱਲਬਾਤ ਕੀਤੀ। ਉਪਰੰਤ ਅੰਗਰੇਜ਼ਾਂ ਦੇ ਸਮੇਂ ਦੀ ਬਣੀ ਹੋਈ 'ਡਗਸ਼ਈ ਸੈਂਟਰਲ ਜੇਲ੍ਹ' ਵੇਖਣ ਤੋਂ ਪਹਿਲਾਂ ਜੇਲ੍ਹ ਦੇ ਬਿਲਕੁਲ ਸਾਹਮਣੇ ਹੀ ਫਾਸਟ ਫੂਡ ਦੀ ਦੁਕਾਨ ਕਰ ਰਹੇ ਇੱਕ ਸਰਦਾਰ ਜੀ ਦੀ ਦੁਕਾਨ ਤੋਂ ਦੁਪਹਿਰ ਦਾ ਖਾਣਾ ਖਾਧਾ। ਉਹ ਪਿਛਲੇ 16 ਸਾਲਾਂ ਤੋਂ ਇੱਥੇ ਰਹਿ ਰਹੇ ਹਨ। ਖਾਣਾ ਖਾਂਦਿਆਂ ਉਨਾਂ ਨਾਲ ਇੱਥੋਂ ਦੀ ਜੇਲ੍ਹ, ਮੌਸਮ ਤੇ ਸ਼ਹਿਰ ਦੇ ਲੋਕਾਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਦੱਸਿਆ ਕਿ ਦੁਪਹਿਰ ਦੀ ਲੰਚ ਬ੍ਰੇਕ ਤੋਂ ਬਾਅਦ ਹੁਣ 4 ਵਜੇ ਜੇਲ੍ਹ ਦੁਬਾਰਾ ਖੁੱਲ੍ਹੇਗੀ।

ਇਸ ਜੇਲ੍ਹ ਦਾ ਨਿਰਮਾਣ 1849 ਈਸਵੀ 'ਚ 72875/- ਦੀ ਲਾਗਤ ਨਾਲ ਕੀਤਾ ਗਿਆ ਸੀ। ਇਸ ਵਿਚ ਕੈਦੀਆਂ ਲਈ 8 ਵਾਏ 12 ਦੇ 20 ਫੁੱਟ ਉੱਚੇ 54 ਕਮਰੇ ਹਨ, ਜਿਨਾਂ 'ਚੋਂ 11 ਕਮਰਿਆਂ ਨੂੰ ਹੁਣ ਕਰਮਚਾਰੀਆਂ ਦੇ ਰਹਿਣ ਲਈ ਤਬਦੀਲ ਕਰ ਦਿੱਤਾ ਗਿਆ ਹੈ। ਬਾਕੀ 43 ਕੈਦਖਾਨਿਆਂ ਵਿਚੋਂ 27 ਸਾਧਾਰਨ ਕੈਦੀਆਂ ਲਈ, ਜਦਕਿ 16 ਕਮਰੇ ਇੱਕ ਇਕੱਲੇ ਕੈਦੀ ਦੇ ਰਹਿਣ ਲਈ ਵਰਤੇ ਜਾਂਦੇ ਸਨ। ਇਸ ਜੇਲ੍ਹ ਦੀ ਖਾਸੀਅਤ ਇਹ ਹੈ ਕਿ ਜੇਲ੍ਹ ਪਰਿਸ਼ਦ ਵਿਚ ਅੱਗ ਲੱਗਣ ਵਰਗੀ ਸਥਿਤੀ 'ਤੇ ਕਾਬੂ ਪਾਉਣ ਲਈ ਸਕਾਟਲੈਂਡ ਦੀ 'ਗਲੈਨਫੀਲਡ ਐਂਡ ਕੰਪਨੀ' ਤੋਂ ਸਿਰਕਾ ਟਾਈਪ ਅੱਗ ਰੋਕੂ ਯੰਤਰ ਖਰੀਦਿਆ ਗਿਆ, ਜਿਸਨੂੰ 1865 'ਚ ਇਸ ਜੇਲ੍ਹ ਵਿਚ ਲਗਾਇਆ ਗਿਆ। ਉਸ ਸਮੇਂ ਦੀ ਬ੍ਰਿਟਿਸ਼ ਹਕੂਮਤ ਵੱਖ-ਵੱਖ ਜੁਰਮਾਂ ਦੇ ਅਪਰਾਧੀਆਂ ਨੂੰ ਇਸ ਜੇਲ੍ਹ ਵਿਚ ਰੱਖਦੀ ਸੀ। ਪਹਾੜੀ ਦੀ ਚੋਟੀ ਦੇ ਬਿਲਕੁਲ ਉੱਪਰ ਬਣੀ ਹੋਈ ਇਹ ਜੇਲ੍ਹ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਰੱਖੀ ਹੋਈ ਹੈ। ਹਵਾ ਤੇ ਰੌਸ਼ਨੀ ਲਈ ਇੱਕ ਮਜ਼ਬੂਤ ਖਿੜਕੀ ਹੈ, ਇਸ ਤੋਂ ਇਲਾਵਾ ਹਵਾ ਲਈ ਜ਼ਮੀਨਦੋਜ ਪਾਈਪਾਂ ਵੀ ਪਾਈਆਂ ਹੋਈਆਂ ਹਨ। ਟੀ-ਟਾਈਪ ਦੀ ਇਸ ਜੇਲ੍ਹ ਦੀ ਉੱਚੀ ਛੱਤ ਹੈ ਤੇ ਇਸ ਦਾ ਫਰਸ਼ ਲੱਕੜ ਦਾ ਹੈ, ਤਾਂ ਕਿ ਕੈਦੀ ਦੀ ਕਿਸੇ ਵੀ ਗਤੀਵਿਧੀ ਦੀ ਆਵਾਜ਼ ਜੇਲ੍ਹ ਅਧਿਕਾਰੀਆਂ ਨੂੰ ਸੌਖਿਆਂ ਹੀ ਸੁਣਾਈ ਦੇ ਸਕੇ। ਪੱਥਰ ਤੇ ਮਿੱਟੀ ਪੀਹਣ ਦਾ ਯੰਤਰ ਵੀ ਇਸ ਜੇਲ੍ਹ 'ਚ ਰੱਖਿਆ ਹੋਇਆ ਹੈ, ਜੋ ਕਿ 19ਵੀਂ ਸਦੀ ਵਿਚ ਇਮਾਰਤਾਂ ਬਣਾਉਣ ਲਈ ਵਰਤਿਆ ਜਾਂਦਾ ਸੀ, ਜੀਹਦੇ ਵਿੱਚ ਡਗਸ਼ਈ ਜੇਲ੍ਹ ਵੀ ਸ਼ਾਮਲ ਹੈ। ਇਸ ਯੰਤਰ ਨੂੰ 'ਕਲੇਅ ਮੌਰਟਰ ਗਰਾਇੰਡਰ' ਕਿਹਾ ਜਾਂਦਾ ਹੈ। ਜੇਲ੍ਹ ਦੇ ਮੁੱਖ ਗੇਟ ਦੇ ਉੱਤੇ ਸੱਜੇ ਪਾਸੇ ਇੱਕ ਘੰਟੀ ਬੰਨ੍ਹੀ ਹੋਈ ਹੈ, ਜਿਸਨੂੰ 'ਬੈੱਲ ਆਫ ਐਗਜ਼ੀਕਿਊਸ਼ਨ' ਕਿਹਾ ਜਾਂਦਾ ਹੈ। ਇਸ ਤੋਂ ਭਾਵ ਜਦੋਂ ਕਿਸੇ ਕੈਦੀ ਨੂੰ ਫਾਂਸੀ ਲੱਗਣ ਦਾ ਸਮਾਂ ਮੁਕੱਰਰ ਹੁੰਦਾ ਸੀ, ਤਾਂ ਬਾਹਰੋਂ ਇਹ ਘੰਟੀ ਵੱਜਦੀ ਸੀ, ਜਿਸਦੀ ਆਵਾਜ ਅੰਦਰ ਪਹੁੰਚਦੀ ਸੀ ਤੇ ਉਸ ਕੈਦੀ ਨੂੰ ਫਾਂਸੀ ਲਗਾ ਦਿੱਤੀ ਜਾਂਦਾ ਸੀ।

ਮਹਾਤਮਾ ਗਾਂਧੀ ਦੀ ਹੱਤਿਆ ਤੋਂ ਤੁਰੰਤ ਬਾਅਦ ਨੱਥੂਰਾਮ ਗੋਡਸੇ ਨੂੰ ਟਰਾਇਲ ਲਈ ਪੰਜਾਬ ਹਾਈ ਕੋਰਟ, ਪਿੱਟਰਹਾਫ, ਸ਼ਿਮਲਾ ਲਿਜਾਇਆ ਗਿਆ। ਇਸ ਜੇਲ੍ਹ ਦੀ ਉਹ 6 ਨੰਬਰ ਬੈਰਕ ਅੱਜ ਵੀ ਮੌਜੂਦ ਹੈ, ਜਿੱਥੇ ਪੁਲਿਸ ਦੀ ਹਿਰਾਸਤ ਵਿਚ ਸ਼ਿਮਲੇ ਲਿਜਾਂਦੇ ਸਮੇਂ ਪੁਲਿਸ ਅਧਿਕਾਰੀਆਂ ਨੇ ਨੱਥੂ ਰਾਮ ਗੋਡਸੇ ਨੂੰ ਇੱਕ ਰਾਤ ਲਈ ਰੱਖਿਆ ਸੀ। ਇਸ ਜੇਲ੍ਹ ਨੂੰ ਵੇਖਣ ਦਾ ਸਮਾਂ ਸਵੇਰੇ 9 ਤੋਂ 12:30 ਵਜੇ ਅਤੇ ਸ਼ਾਮੀ 4 ਤੋਂ 6 ਵਜੇ ਤੱਕ ਹੈ, ਜਦਕਿ ਸੋਮਵਾਰ ਨੂੰ ਛੁੱਟੀ ਹੁੰਦੀ ਹੈ। ਡਗਸ਼ਈ ਸੈਂਟਰਲ ਜੇਲ੍ਹ ਦੇ ਬਿਲਕੁਲ ਨਾਲ ਹੀ ਡਗਸ਼ਈ ਹੈਰੀਟੇਜ਼ ਮਿਊਜ਼ੀਅਮ ਹੈ। ਇੱਥੇ ਉਸ ਸਮੇਂ ਦੇ ਕੈਦੀਆਂ ਦੀ ਪੂਰੀ ਵਿਸਥਾਰਤ ਜਾਣਕਾਰੀ ਦਿੱਤੀ ਹੋਈ ਹੈ। ਅੰਗਰੇਜ਼ ਅਫਸਰਾਂ ਦੀਆਂ ਤਸਵੀਰਾਂ ਤੇ ਜੇਲ੍ਹ ਦਾ ਵੱਡਾ ਨਕਸ਼ਾ ਬਣਿਆ ਹੋਇਆ ਹੈ।

ਡਗਸ਼ਈ ਤੋਂ ਵਾਪਸ ਆਉਂਦਿਆਂ ਰਸਤੇ ਵਿਚ ਸੂਰਜ ਛਿਪਣ ਦਾ ਲਾਈਵ ਨਜ਼ਾਰਾ ਜ਼ਿੰਦਗੀ 'ਚ ਪਹਿਲੀ ਵਾਰ ਦੇਖਿਆ, ਜੋ ਕਿ ਨਾ ਭੁੱਲਣਯੋਗ ਹੋ ਨਿਬੜਿਆ। ਹੁਣ ਭੁੱਖ ਲੱਗ ਚੁੱਕੀ ਸੀ ਤੇ ਸੜਕ 'ਤੇ ਢਾਬੇ ਦੀ ਭਾਲ ਕਰਦਿਆਂ ਹੋਟਲ ਵਾਲਾ ਕਮਰਾ ਵੀ ਲੰਘ ਗਿਆ ਪਰ ਕੋਈ ਢਾਬਾ ਨਜ਼ਰ ਨਾ ਪਿਆ। ਫੇਰ 10 ਕਿਲੋਮੀਟਰ ਅੱਗੇ ਜਾ ਕੇ ਸੋਲਨ ਦੇ ਇੱਕ ਰੈਸਤਰਾਂ 'ਚ ਰਾਤ ਦਾ ਖਾਣਾ ਖਾਧਾ ਤੇ ਉੱਥੇ ਕੁਝ ਸਮਾਂ ਘੁੰਮਣ ਉਪਰੰਤ ਵਾਪਸ ਕਮਰੇ 'ਚ ਆ ਗਏ। ਅਸੀਂ ਆਪਣਾ ਭੋਂਪੂ ਨਾਲ ਲੈ ਕੇ ਗਏ ਸਾਂ। ਕਮਰੇ ਵਿਚ ਗਾਣੇ ਲਾ ਕੇ ਕਿੰਨੇ ਦੇਰ ਤੱਕ ਮਸਤੀ ਕਰਦਿਆਂ ਥੱਕ ਕੇ ਸੌਂ ਗਏ।

ਦੂਜੀ ਸਵੇਰ ਵਾਪਸ ਜਾਂਦਿਆਂ ਬੜੋਗ ਹਾਈਟਸ ਰੁਕਣਾ ਸੀ। ਇੱਕ ਵਾਰੀ ਤਿੰਨ-ਚਾਰ ਸਾਲ ਪਹਿਲਾਂ ਵੀ ਏਦਾਂ ਦਾ ਇੱਕ ਛੋਟਾ ਟਰਿੱਪ ਕੀਤਾ ਸੀ, ਓਦੋਂ ਚੈਲ ਰਾਤ ਰੁੱਕੇ ਸੀ। ਉਸ ਸਮੇਂ ਵੀ ਗਗਨ ਨੇ ਕਿਹਾ ਸੀ ਕਿ ਰਸਤੇ 'ਚ ਬੜੋਗ ਹਾਈਟਸ ਹੈ, ਬਹੁਤ ਜ਼ਿਆਦਾ ਉਚਾਈ ਉੱਤੇ, ਉੱਥੇ ਜ਼ਰੂਰ ਜਾ ਕੇ ਆਇਓ। ਅਸੀਂ ਲੰਘੇ ਵੀ ਸੀ ਉਥੋਂ, ਪਰ ਗਗਨ ਵੱਲੋਂ ਚੜ੍ਹਾਈ ਸ਼ਬਦ 'ਤੇ ਵਿਸ਼ੇਸ਼ ਜੋਰ ਦਿੱਤਾ ਗਿਆ ਸੀ, ਇਸ ਲਈ ਅਸੀਂ ਉਦੋਂ ਸਕਿੱਪ ਕਰ ਗਏ ਸੀ। ਇਸ ਵਾਰ ਵਾਪਸੀ 'ਤੇ ਸੜਕ ਉੱਤੇ ਬੜੋਗ ਹਾਈਟਸ ਦਾ ਬੋਰਡ ਨਜ਼ਰੀਂ ਪਿਆ, ਤਾਂ ਸਾਈਡ 'ਤੇ ਗੱਡੀ ਰੋਕ ਲਈ। ਅਸੀਂ ਚਾਰ ਜਣੇ ਪੈਦਲ ਹੀ ਚੜ੍ਹਾਈ ਚੜ੍ਹਨ ਲੱਗ ਪਏ ਕਿ ਚਲੋ ਜਿੱਥੋਂ ਥੱਕ ਗਏ, ਵਾਪਸ ਮੁੜ ਆਵਾਂਗੇ। ਪਰ ਅੱਠ-ਦਸ ਮਿੰਟਾਂ ਬਾਅਦ ਹੀ ਸਾਹਮਣੇ ਬੜੋਗ ਹਾਈਟਸ ਆ ਗਿਆ। ਕਹਿਣ ਤੋਂ ਭਾਵ ਕਿ ਚੜ੍ਹਾਈ ਬਿਲਕੁਲ ਵੀ ਜ਼ਿਆਦਾ ਨਹੀਂ ਸੀ। ਅਸੀਂ ਸਾਰੇ ਉਥੋਂ ਹੀ ਵਾਪਸ ਚੜ੍ਹਾਈ ਉਤਰ ਆਏ ਤੇ ਦੁਬਾਰਾ ਚਾਰੇ ਜਣੇ ਗੱਡੀ 'ਚ ਤਾਂਹ ਗਏ। ਉਹ ਬਹੁਤ ਸੋਹਣਾ ਹੋਟਲ ਹੈ। ਉੱਥੇ ਵੀ ਦੇਰ ਰਾਤ ਤੱਕ ਨਵੇਂ ਸਾਲ ਦੇ ਜਸ਼ਨ ਚੱਲੇ ਹੋਣਗੇ ਕਿਉਂਕਿ ਸਾਰੇ ਮੇਜ਼ਾਂ ਉੱਪਰ ਖਾਲੀ ਬੋਤਲਾਂ, ਥਾਲੀਆਂ ਤੇ ਗਿਲਾਸ ਇਧਰ-ਉਧਰ ਖਿੱਲਰੇ ਪਏ ਸਨ। ਉੱਥੇ ਕੁਝ ਦੇਰ ਫੋਟੋਆਂ ਖਿੱਚਣ ਤੋਂ ਬਾਅਦ ਅਸੀਂ ਵਾਪਸ ਆਉਣ ਦੀ ਬਜਾਏ, ਉਸ ਤੋਂ ਵੀ ਉੱਪਰ ਵੱਲ ਛੋਟੇ ਜਿਹੇ ਕੱਚੇ ਪਹੇ 'ਤੇ ਗੱਡੀ ਪਾ ਦਿੱਤੀ। ਰਸਤਾ ਸਿਰਫ ਕਾਰ ਜੋਗਾ ਪੂਰਾ-ਪੂਰਾ ਹੀ ਸੀ। ਪਹੇ ਦੇ ਇੱਕ ਪਾਸੇ ਖੇਤ ਤੇ ਦੂਜੇ ਪਾਸੇ ਖਤਾਨ ਜਾਂ ਛੋਟੀਆਂ ਖਾਈਆਂ ਕਹਿ ਸਕਦੇ ਹਾਂ। ਬੱਚੇ ਤਾਂ ਡਰ ਕੇ ਕਾਰ ਵਾਪਸ ਮੋੜਨ ਦੀ ਜਿੱਦ ਕਰਨ ਲੱਗ ਗਏ ਪਰ ਮੈਨੂੰ ਹੋਰ ਅੱਗੇ ਜਾਣ ਦਾ ਚਾਅ ਸੀ। ਕੁਝ ਹੋਰ ਅੱਗੇ ਜਾ ਕੇ ਦੇਖਿਆ ਕਿ ਪਹਾੜੀ ਪਿੰਡਾਂ ਵਿਚਲੇ ਫਾਰਮ ਹਾਊਸ, ਖੇਤੀਬਾੜੀ ਕਰਨ ਵਾਲੇ ਕਿਸਾਨਾਂ ਦੇ ਵੱਡੇ-ਛੋਟੇ ਘਰ ਤੇ ਪਹਾੜੀ ਸਬਜੀਆਂ ਦੇ ਕਿਆਰੀਨੁਮਾ ਖੇਤ ਦੇਖ ਕੇ ਮਨ ਬਾਗੋ-ਬਾਗ ਹੋ ਗਿਆ। ਪਹਿਲੀ ਜਨਵਰੀ ਮੌਕੇ ਕੜਾਕੇ ਦੀ ਠੰਡ ਵਿਚ ਸਿਆਲ ਦੀ ਨਿੱਘੀ-ਨਿੱਘੀ ਧੁੱਪ, ਭਲਾ ਬੰਦੇ ਨੂੰ ਹੋਰ ਕੀ ਚਾਹੀਦਾ। ਉਥੇ ਗੱਡੀ ਖੜ੍ਹਾ ਕੇ ਹੋਰ ਦੂਰ ਤੱਕ ਪੈਦਲ ਖੇਤਾਂ 'ਚ ਘੁੰਮੇ, ਫੋਟੋਆਂ ਖਿੱਚੀਆਂ। ਇੱਧਰ ਖੇਤਾਂ 'ਚ ਫ਼ਸਲਾਂ ਲਹਿਰਾ ਰਹੀਆਂ ਸਨ ਤੇ ਉਧਰ ਛੋਟੀਆਂ ਗੱਡੀਆਂ 'ਚ ਸਬਜ਼ੀਆਂ ਤੇ ਫਲ ਲੋਡ ਕੀਤੇ ਜਾ ਰਹੇ ਸਨ।

ਵਾਪਸੀ 'ਤੇ ਕਸੌਲੀ ਚਲੇ ਗਏ, ਜਿੱਥੇ ਨਵੇਂ ਸਾਲ ਮੌਕੇ ਸੈਲਾਨੀਆਂ ਦੀ ਆਮਦ ਹੋ ਰਹੀ ਸੀ। ਉੱਥੇ ਕੁਝ ਦੇਰ ਹੈਰੀਟੇਜ਼ ਮਾਰਕੀਟ ਘੁੰਮੇ, ਚਰਚ ਦੇਖੀ ਤੇ ਦੁਪਹਿਰ ਦਾ ਖਾਣਾ ਖਾ ਕੇ ਸਰਹਿੰਦ ਲਈ ਵਾਪਸੀ ਕਰ ਦਿੱਤੀ।

# ਸੁਰਾਂ ਦੀ ਇਬਾਦਤ ਕਰਨ ਵਾਲਾ ਗਾਇਕ ਸੀ ਸਾਬਰ ਕੋਟੀ

ਜਨਮ ਦਿਨ 'ਤੇ ਵਿਸ਼ੇਸ਼



ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA



ਸਾਬਰ ਕੋਟੀ ਦਾ ਜਨਮ 20 ਜਨਵਰੀ, 1960 ਨੂੰ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਕੋਟ ਕਰਾਰ ਖਾਨ ਵਿਖੇ ਪਿਤਾ ਅਮਰਨਾਥ ਦੇ ਘਰ, ਮਾਤਾ ਛਤੀ ਦੇਵੀ ਦੀ ਕੁਖੋਂ ਹੋਇਆ। ਉਸ ਨੇ ਸੰਗੀਤ ਸਮਰਾਟ ਚਰਨਜੀਤ ਆਹੂਜਾ, ਸੁਰਿੰਦਰ ਬਚਨ, ਜੈਦੇਵ ਕੁਮਾਰ, ਗੁਰਮੀਤ ਸਿੰਘ, ਜੱਸੀ ਬ੍ਰਦਰਜ਼ ਵਰਗੇ ਸੰਗੀਤਕਾਰਾਂ ਨਾਲ ਕੰਮ ਕੀਤਾ। ਆਪਣੇ ਸਮੇਂ ਦੀਆਂ ਮਸ਼ਹੂਰ ਕੰਪਨੀਆਂ ਐੱਚ.ਐੱਮ.ਵੀ., ਟੀ. ਸੀਰੀਜ਼, ਵੀਨਸ, ਟਿਪਸ ਮਿਊਜ਼ਿਕ ਰਾਹੀਂ ਉਸਦੀਆਂ ਕੈਸਟਾਂ ਆਈਆਂ, ਜਿਨ੍ਹਾਂ ਰਾਹੀਂ ਉਹ ਸਰੋਤਿਆਂ ਦਾ ਭਰਪੂਰ ਮਨੋਰੰਜਨ ਕਰਨ 'ਚ ਸਫਲ ਰਿਹਾ। 1995 ਤੋਂ ਸ਼ੁਰੂ ਹੋਇਆ ਉਸ ਦਾ ਸੰਗੀਤਕ ਸਫਰ ਉਸ ਦੀ ਮੌਤ ਤੱਕ ਜਾਰੀ ਰਿਹਾ। ਉਸਦੀਆਂ ਹਿੱਟ ਕੈਸਟਾਂ ਜਿਵੇਂ ਕਿ 'ਮੇਰਾ ਦਿਲ ਖੋ ਗਿਆ', ਸੋਨੇ ਦਿਆ ਕੰਗਣਾ', 'ਮੁੰਦਰਾਂ ਵਾਲਾ ਜੋਗੀ', 'ਇੱਕ ਚੰਨ ਅੰਬਰਾਂ 'ਤੇ', 'ਹੰਝੂ', 'ਤਨਹਾਈਆਂ', 'ਫਰਮਾਇਸ਼', 'ਗਮ ਨਹੀਂ ਮੁੱਕਦੇ', 'ਖੈਰ ਖੁਵਾ', 'ਦੁੱਖ ਦੇਣ ਦਾ', 'ਅਸੀਂ ਏਸੇ ਜੋਗੇ ਰਹਿ ਜਾਣਾ' ਆਦਿ ਦੀ ਲਿਸਟ ਬਹੁਤ ਲੰਬੀ ਹੈ। ਉਸ ਨੇ ਆਪਣਾ ਹਰ ਗੀਤ ਪੂਰੀ ਰੂਹ ਨਾਲ ਦਿਲੋਂ ਗਾਇਆ। ਅੰਤਾਂ ਦਾ ਰਿਆਜ਼ ਉਸਦੀ ਸਫਲਤਾ ਦਾ ਕਾਰਨ ਸੀ, ਜਿਸਨੂੰ ਉਹ ਆਪਣੀ ਰੂਹ ਦੀ ਖੁਰਾਕ ਮੰਨਦਾ ਸੀ। ਰਿਆਜ਼ ਕੀਤੇ ਬਿਨ ਉਸਦਾ ਦਿਨ ਹੀ ਨਹੀਂ ਸੀ ਲੰਘਦਾ।

ਆਪਣੇ ਪਿਤਾ ਤੇ ਉਸਤਾਦ ਅਮਰਨਾਥ ਦੀ ਸੰਗਤ ਉਸ ਨੇ ਸਿਰਫ 9 ਸਾਲ ਦੀ ਉਮਰ 'ਚ ਗਾਉਣਾ ਸ਼ੁਰੂ ਕਰ ਦਿੱਤਾ ਸੀ। ਉਸਨੇ ਉਸਤਾਦ ਪੂਰਨ ਸ਼ਾਹ ਕੋਟੀ ਤੋਂ ਵੀ ਸੰਗੀਤ ਦੀ ਤਾਮੀਲ ਹਾਸਲ ਕੀਤੀ। ਇਸ ਤੋਂ ਇਲਾਵਾ ਸੰਗੀਤ ਸਮਰਾਟ ਚਰਨਜੀਤ ਆਹੂਜਾ ਦਾ ਵੀ ਉਸ ਦੇ ਸਿਰ 'ਤੇ ਹੱਥ ਸੀ, ਜਿਸ ਕਾਰਨ ਦਿਨ-ਬ-ਦਿਨ ਉਸਦੀ ਗਾਇਕੀ 'ਚ ਨਿਖਾਰ ਆਉਂਦਾ ਗਿਆ।

ਉਸ ਦੇ ਹਿੱਟ ਗੀਤ 'ਅਸੀਂ ਧੁਰ ਅੰਦਰ ਤੱਕ', 'ਸਾਉਣ ਦਾ ਮਹੀਨਾ', 'ਉਹ ਮੌਸਮ ਵਾਂਗੂ', 'ਤੈਨੂੰ ਕੀ ਦੱਸੀਏ', 'ਕੰਡੇ', 'ਜ਼ਹਿਰ', 'ਮੁੱਕਦੇ ਜਾਨੇ ਆਂ', 'ਹੰਝੂ' ਅੱਜ ਵੀ ਫਿਜ਼ਾਵਾਂ 'ਚ ਰਸ ਘੋਲ ਰਹੇ ਹਨ ਤੇ ਰਹਿੰਦੀ ਦੁਨੀਆਂ ਤੱਕ ਕਿਤੇ ਨਾ ਕਿਤੇ ਸੁਣਾਈ ਦਿੰਦੇ ਰਹਿਣਗੇ। ਉਦਾਸ ਗੀਤ ਗਾਉਣ 'ਚ ਉਸਦੀ ਪਕੜ ਇੰਨੀ ਮਜ਼ਬੂਤ ਸੀ ਕਿ ਜਦੋਂ ਉਹ ਕੋਈ ਉਦਾਸ ਗੀਤ ਗਾਉਣ ਲੱਗ ਜਾਂਦਾ ਸੀ, ਤਾਂ ਮਜ਼ਾਲ ਹੈ ਕਿ ਕੋਈ ਸਰੋਤਾ ਵਿਚੋਂ ਉੱਠ ਕੇ ਚੱਲਿਆ ਜਾਵੇ। ਗਾਉਣ ਲੱਗਿਆਂ ਸੁਰਾਂ ਨਾਲ ਇਕਮਿਕ ਹੋ ਜਾਂਦਾ ਸੀ ਉਹ, ਚੱਲਦੀ ਹਵਾ 'ਚ ਹਿੱਲਦੇ ਦਰੱਖਤਾਂ ਦੇ ਪੱਤੇ ਵੀ ਉਸਦੇ ਗੀਤਾਂ 'ਤੇ ਝੂੰਮਦੇ ਪ੍ਰਤੀਤ ਹੁੰਦੇ ਸਨ। ਉਸਨੇ ਝੂਠੀ ਸ਼ੋਹਰਤ ਲਈ ਆਪਣੀ ਗਾਇਕੀ ਨਾਲ ਕਦੇ ਵੀ ਕਿਸੇ ਕਿਸਮ ਦਾ ਸਮਝੌਤਾ ਨਹੀਂ ਕੀਤਾ, ਸ਼ਾਇਦ ਤਾਂ ਹੀ ਅੱਜ ਵੀ ਉਹ ਪਹਿਲਾਂ ਜਿੰਨਾ ਹੀ ਮਕਬੂਲ ਹੈ। ਸਾਬਰ ਕੋਟੀ ਆਪਣੇ ਆਪ 'ਚ ਗਾਇਕੀ ਦੀ ਇੱਕ ਸੰਸਥਾ ਹੀ ਤਾਂ ਸੀ, ਕਿਉਂਕਿ ਗਾਇਕੀ ਉਸਦੇ ਸਾਹਾਂ 'ਚ ਵੱਸੀ ਹੋਈ ਸੀ। ਉਸਦੇ ਅਖੀਰੀ ਸਮੇਂ ਡਾਕਟਰਾਂ ਨੇ ਉਸਨੂੰ ਗਾਉਣਾ ਬੰਦ ਕਰਨ ਦੀ ਸਲਾਹ ਦਿੱਤੀ ਸੀ ਪਰ ਉਹ ਗਾਏ ਬਿਨਾਂ ਰਹਿ ਨਹੀਂ ਸੀ ਸਕਦਾ। ਅੰਤ ਲੰਬੀ ਬਿਮਾਰੀ ਕਾਰਨ 25 ਜਨਵਰੀ 2018 ਨੂੰ ਜਲੰਧਰ ਦੇ ਇੱਕ ਹਸਪਤਾਲ 'ਚ ਉਸ ਦੀ ਮੌਤ ਹੋ ਗਈ। ਉਹ ਆਪਣੇ ਪਿੱਛੇ ਪਤਨੀ ਗੀਟਾ, 4 ਬੱਚੇ ਤੇ ਲੱਖਾਂ ਚਾਹੁਣ ਵਾਲਿਆਂ ਨੂੰ ਛੱਡ ਗਿਆ ਹੈ।

# ਔਰਤ ਅਤੇ ਕਮਜ਼ੋਰ ਧਿਰ ਦੀ ਨੁਮਾਇੰਦਗੀ ਕਰਦੀ ਸ਼ਾਇਰੀ "ਉਮਰਾਂ ਧੁੱਪਾਂ ਹੋਈਆਂ"!!


ਕੁਲਵਿੰਦਰ ਸਿੰਘ ਬਾਠ
ਕੈਲੀਫੋਰਨੀਆ, ਯੂ.ਐੱਸ.ਏ.
209-600-2897
ਪੰਜਾਬ ਮੇਲ USA




ਪੰਜਾਬੀਆਂ ਦੀ 'ਰੂਹ ਵਿਚ ਵੱਸਦੇ ਪੰਜਾਬ' ਦੀ ਸ਼ਾਇਰਾ ਧੀ 'ਸਫ਼ੀਆ ਹਯਾਤ' ਦੀ ਵਿਲੱਖਣ ਸਿਰਜਣਾ "ਉਮਰਾਂ ਧੁੱਪਾਂ ਹੋਈਆਂ" ਨੂੰ ਕੁਝ ਸਮਾਂ ਪਹਿਲਾਂ ਪੜ੍ਹਨ ਦਾ ਮੌਕਾ ਮਿਲਿਆ। ਪੁਸਤਕ ਨੂੰ ਪੜ੍ਹਦਿਆਂ ਹੋਇਆਂ ਮੈਂ ਇਹ ਵੀ ਸੋਚਦਾ ਰਿਹਾ ਕਿ ਤਰਲੋਕ ਬੀਰ ਦੇ ਲਿਪੀ ਅੰਤਰ ਅਤੇ ਸੰਪਾਦਨ ਤੋਂ ਬਗੈਰ ਸ਼ਾਇਦ ਇਹ ਸਿਰਜਣਾ ਮੇਰੇ ਜਾਂ ਫਿਰ ਮੇਰੇ ਵਰਗੇ ਸ਼ਾਹਮੁਖੀ ਤੋਂ ਅਣਜਾਣ ਪਾਠਕਾਂ ਦੇ ਹੱਥਾਂ ਵਿਚ ਕਦੇ ਵੀ ਨਾ ਪਹੁੰਚਦੀ।

ਚੁਸਤ-ਚਲਾਕ ਮਨੁੱਖ ਦੀਆਂ ਪਾਈਆਂ ਹੋਈਆਂ ਵੰਡੀਆਂ ਅਤੇ ਭਾਸ਼ਾਵਾਂ ਦੇ ਵਖਰੇਵੇਂ ਦੀ ਧੁੰਦ ਵਿਚ ਬੜਾ ਕੁਝ ਗੁਆਚ ਗਿਆ ਹੈ, ਜਿਸ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੀ ਨਹੀਂ, ਬਲਕਿ, ਨਾਮੁਮਕਿਨ ਹੈ।

ਮਨੁੱਖ ਦਾ ਜੀਵਨ ਸਮਾਜਿਕ, ਆਰਥਿਕ, ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਸਰੋਕਾਰਾਂ ਅਤੇ ਵਰਤਾਰਿਆਂ ਦੀਆਂ ਤੰਦਾਂ ਦੇ ਤਾਣਿਆਂ-ਬਾਣਿਆਂ ਨਾਲ ਬੁਣਿਆ ਹੈ। ਮਨੁੱਖ ਦੇ ਖੁਦ ਦੇ ਜਮਾਂਦਰੂ ਸੁਭਾਅ ਕਾਰਨ ਇਹ ਵਰਤਾਰੇ ਬਹੁਤੀ ਵਾਰੀ ਬੇਇਨਸਾਫ਼ੀਆਂ ਅਤੇ ਧੱਕੇਸ਼ਾਹੀਆਂ ਦਾ ਧੁਰਾ ਬਣ ਜਾਂਦੇ ਹਨ। ਇਨ੍ਹਾਂ ਤ੍ਰਾਸਦੀਆਂ ਅਤੇ ਘਿਨਾਉਣੇ ਕਾਰਨਾਮਿਆਂ ਵਿਰੁੱਧ ਉੱਠਦੀ ਦਲੇਰਾਨਾ ਅਤੇ ਇਨਕਲਾਬੀ ਆਵਾਜ਼ ਹੈ... 'ਉਮਰਾਂ ਧੁੱਪਾਂ ਹੋਈਆਂ' ਅਤੇ ਇਸ ਦੀ ਰਚੇਤਾ ਸਫ਼ੀਆ ਹਯਾਤ!


**ਸਫ਼ੀਆ ਹਯਾਤ ਦੀ ਸ਼ਾਇਰੀ...**

ਸਫ਼ੀਆ ਹਯਾਤ ਉਰਦੂ ਅਤੇ ਪੰਜਾਬੀ ਭਾਸ਼ਾ ਦੀ ਬਹੁ-ਵਿਧਾਵੀ ਲੇਖਿਕਾ ਹੈ। ਸਕੂਲ ਦੇ ਸਮੇਂ ਤੋਂ ਸ਼ੁਰੂ ਹੋਇਆ ਸਾਹਿਤਕ ਸਫ਼ਰ ਲਗਾਤਾਰਤਾ ਨਾਲ ਅੱਜ ਵੀ ਜਾਰੀ ਹੈ। ਪੁਸਤਕ ਪ੍ਰਕਾਸ਼ਨ ਤੋਂ ਇਲਾਵਾ ਸਫ਼ੀਆ ਹਯਾਤ ਦੀਆਂ ਰਚਨਾਵਾਂ ਦੇਸ਼-ਵਿਦੇਸ਼ ਦੀਆਂ ਅਖ਼ਬਾਰਾਂ, ਰਸਾਲਿਆਂ ਅਤੇ ਸੋਸ਼ਲ ਮੀਡੀਆ ਦੇ ਮੰਚਾਂ 'ਤੇ ਵੀ ਪਾਠਕਾਂ ਨਾਲ ਸਾਂਝਾਂ ਪਾਉਂਦੀਆਂ ਹਨ। ਇਸ ਲਈ ਲਹਿੰਦੇ, ਚੜ੍ਹਦੇ ਜਾਂ ਫਿਰ ਸੱਤ ਸਮੁੰਦਰਾਂ ਦੀਆਂ ਹੱਦਾਂ ਤੋਂ ਵੀ ਪਾਰ ਵੱਸਦੇ ਪੰਜਾਬ ਦੇ ਸਾਹਿਤ ਪ੍ਰੇਮੀਆਂ ਨੂੰ ਸਫ਼ੀਆ ਹਯਾਤ ਬਾਰੇ ਬਹੁਤਾ ਵਿਸਥਾਰ ਵਿਚ ਦੱਸਣ ਦੀ ਜ਼ਰੂਰਤ ਨਹੀਂ ਰਹਿ ਜਾਂਦੀ।

ਉਂਜ ਭਾਵੇਂ ਅਸੀਂ ਸਫ਼ੀਆ ਹਯਾਤ ਨੂੰ ਲਹਿੰਦੇ ਜਾਂ ਉਸ-ਪਾਰ ਦੇ ਪੰਜਾਬ ਦੀ ਸ਼ਾਇਰਾ ਕਹਿ ਦੇਈਏ, ਪਰ ਅਸਲ ਵਿਚ ਉਹ ਇਨ੍ਹਾਂ ਮਨੁੱਖੀ ਵੰਡੀਆਂ ਨੂੰ ਪਾਣੀ 'ਤੇ ਮਾਰੀਆਂ ਲੀਕਾਂ ਮੰਨਦਿਆਂ ਖ਼ੁਦ ਨੂੰ ਉਸ ਪੰਜਾਬ ਦੀ ਧੀ ਮੰਨਦੀ ਹੈ, ਜੋ ਪੰਜਾਬੀਆਂ ਦੀ ਰੂਹਾਂ ਅਤੇ ਧੜਕਣਾਂ ਵਿਚ ਵੱਸਦਾ ਅਤੇ ਧੜਕਦਾ ਹੈ। ਚੁਸਤ ਚਲਾਕ ਬੰਦਾ ਭੂਗੋਲਿਕ ਅਤੇ ਨਫ਼ਰਤ ਦੀਆਂ ਲਕੀਰਾਂ ਖਿੱਚ ਕੇ ਸਾਧਾਰਨ ਤੇ ਮੁਹੱਬਤੀ ਇਨਸਾਨ ਦੀਆਂ ਸੱਭਿਆਚਾਰਕ, ਦਿਲ ਅਤੇ ਰੂਹ ਦੀਆਂ ਗਹਿਰੀਆਂ ਸਾਂਝਾਂ ਨੂੰ ਤੋੜਨ ਦਾ ਵਹਿਮ ਪਾਲ ਬੈਠਾ ਹੈ। ਵੈਸੇ ਵੀ ਹੁਣ ਪੰਜਾਬ ਲਹਿੰਦਾ ਜਾਂ ਚੜ੍ਹਦਾ ਨਹੀਂ ਰਿਹਾ, ਬਲਕਿ ਪੰਜਾਬੀਆਂ ਦੀ ਧੜਕਣ ਵਿਚ ਧੜਕਦਾ ਹੋਇਆ ਸੰਸਾਰ ਦੇ ਹਰ ਕੋਨੇ ਵਿਚ ਫੈਲ ਗਿਆ ਹੈ, ਜਿੱਥੇ ਪੰਜਾਬੀਆਂ ਦਾ ਵਾਸਾ ਹੈ।

ਖ਼ੁਦ ਔਰਤ ਦਾ ਜੀਵਨ ਹੰਢਾਉਂਦਿਆਂ ਹੋਇਆਂ ਸਫ਼ੀਆ ਹਯਾਤ ਆਪਣੀ ਸ਼ਾਇਰੀ ਵਿਚ ਔਰਤਾਂ ਦੇ ਹੋ ਰਹੇ ਸ਼ੋਸ਼ਣ ਦੇ ਵਿਰੁੱਧ ਅਤੇ ਸਮਾਜ ਦੇ ਕਮਜ਼ੋਰ ਵਰਗ ਦੇ ਪੱਖ ਵਿਚ ਜੱਦੋ-ਜਹਿਦ ਕਰਦਿਆਂ ਇਨਕਲਾਬੀ ਆਵਾਜ਼ ਬੁਲੰਦ ਕਰਦੀ ਹੈ। ਉਨ੍ਹਾਂ ਦੀ ਨੁਮਾਇੰਦਗੀ ਕਰਦੀ ਹੈ। ਸਮੁੱਚੇ ਸੰਸਾਰ ਦੀ ਨਾਰੀ ਦੇ ਮਨੋਭਾਵਾਂ ਦੀ ਤਰਜ਼ਮਾਨੀ ਕਰਦਿਆਂ ਔਰਤਾਂ ਉੱਪਰ ਹੋ ਰਹੇ ਜ਼ੁਲਮ ਅਤੇ ਨਾ-ਇਨਸਾਫ਼ੀ ਨੂੰ ਉਭਾਰਦਿਆਂ ਉਨ੍ਹਾਂ ਦੇ ਮੌਲਿਕ ਹੱਕਾਂ ਅਤੇ ਆਜ਼ਾਦੀ ਦਾ ਨਾਹਰਾ ਮਾਰਦੀ ਹੈ।

**ਔਰਤ ਅਤੇ ਕਮਜ਼ੋਰ ਧਿਰ ਦੀ ਨੁਮਾਇੰਦਗੀ ਕਰਦੀ ਸ਼ਾਇਰੀ, 'ਉਮਰਾਂ ਧੁੱਪਾਂ ਹੋਈਆਂ'...**




ਚੰਗੀਆਂ ਪੁਸਤਕਾਂ ਪਾਠਕ ਨੂੰ ਵਾਜਾਂ ਮਾਰ ਕੇ ਬੁਲਾ ਲੈਂਦੀਆਂ ਨੇ... ਮੂੰਹ ਬੈਠਾ ਲੈਂਦੀਆਂ ਨੇ, ਕਿੱਕਲੀ ਪਾ ਲੈਂਦੀਆਂ ਨੇ, ਸੰਵਾਦ ਰਚਾ ਲੈਂਦੀਆਂ ਨੇ ਅਤੇ ਨਾਲ਼ ਤੋਰ ਲੈਂਦੀਆਂ ਨੇ। ਆਟਮ ਆਰਟ, ਪਟਿਆਲਾ ਵੱਲੋਂ ਪ੍ਰਕਾਸ਼ਿਤ 124 ਸਫ਼ਿਆਂ ਦੀ 'ਉਮਰਾਂ ਧੁੱਪਾਂ ਹੋਈਆਂ' ਵੀ ਇਕ ਇਹੋ ਜਿਹੀ ਪੁਸਤਕ ਹੀ ਹੈ। 90 ਤੋਂ ਵੀ ਜ਼ਿਆਦਾ ਵੰਨ-ਸੁਵੰਨੇ ਵਿਸ਼ਿਆਂ, ਰੰਗਾਂ ਅਤੇ ਰਸਾਂ ਵਾਲੀਆਂ ਵੱਡੀਆਂ-ਛੋਟੀਆਂ ਕਵਿਤਾਵਾਂ ਦੇ ਸੰਗ੍ਰਹਿ ਨੂੰ ਸਫ਼ੀਆ ਹਯਾਤ ਨੇ ਆਪਣੇ ਬੱਚਿਆਂ ਅਲੀਨਾ, ਆਇਮਾ ਅਤੇ ਅਹਿਮਦ ਨੂੰ ਸਮਰਪਿਤ ਕੀਤਾ ਹੈ।

ਕਿਸੇ ਵੀ ਸੰਵੇਦਨਸ਼ੀਲ ਮਨੁੱਖ ਦੀ ਰੂਹ ਅੰਦਰ ਖਿਆਲਾਂ, ਅਨੁਭਵਾਂ ਜਾਂ ਅਹਿਸਾਸਾਂ ਦਾ ਚਸ਼ਮਾ ਫੁੱਟਦਾ ਰਹਿੰਦਾ ਹੈ। ਚਾਹੁੰਦਿਆਂ ਹੋਇਆਂ ਵੀ ਉਹ ਇਸ ਪ੍ਰਕਿਰਿਆ ਨੂੰ ਜ਼ਿਆਦਾ ਦੇਰ ਤੱਕ ਰੋਕ ਜਾਂ ਟੋਕ ਨਹੀਂ ਸਕਦਾ। ਇਨ੍ਹਾਂ ਅਨੁਭਵਾਂ, ਅਹਿਸਾਸਾਂ ਅਤੇ ਵਲਵਲਿਆਂ ਦਾ ਸੰਗਮ ਸ਼ਬਦਾਂ ਦਾ ਵਹਿਣ ਬਣਦਿਆਂ ਵਹਿ ਤੁਰਦਾ ਹੈ - ਗੀਤ, ਕਵਿਤਾ, ਗ਼ਜ਼ਲ, ਕਹਾਣੀ, ਵਾਰਤਾ, ਜਾਂ ਫਿਰ ਸਾਹਿਤ ਦੇ ਕਿਸੇ ਵੀ ਰੰਗ-ਰੂਪ ਵਿਚ। ਪਾਣੀ ਦੀ ਤਰ੍ਹਾਂ - ਕਦੇ ਵਾਸ਼ਪਾਂ ਵਿਚ, ਬੱਦਲਾਂ ਤੇ ਝੀਲਾਂ, ਨਦੀਆਂ, ਨਾਲਿਆਂ, ਦਰਿਆਵਾਂ ਅਤੇ ਕਦੇ ਸਮੁੰਦਰ ਦੀਆਂ ਵਿਸ਼ਾਲ ਛੱਲਾਂ ਵਾਂਗ..। 'ਉਮਰਾਂ ਧੁੱਪਾਂ ਹੋਈਆਂ' ਕਾਵਿ ਸੰਗ੍ਰਹਿ ਨੂੰ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ, ਜਿਵੇਂ ਸਫ਼ੀਆ ਹਯਾਤ ਦੇ ਸੰਵੇਦਨਸ਼ੀਲ ਅਤੇ ਕੋਮਲ ਮਨ ਵਿਚ ਫੁੱਟਿਆ ਚਸ਼ਮਾ ਖ਼ੁਦ-ਬ-ਖ਼ੁਦ ਵਹਿੰਦਾ ਜਾਂਦਾ ਹੈ - ਆਪਣੀ ਤੋਰੇ, ਆਪਣੇ ਰਾਹੀਂ, ਬੇਰੋਕ, ਬੇਟੋਕ.. ਅਤੇ ਬੇਖ਼ੌਫ਼।

'ਉਮਰਾਂ ਧੁੱਪਾਂ ਹੋਈਆਂ' ਵਿਚ ਸਫ਼ੀਆ ਹਯਾਤ ਦੀ ਸ਼ਾਇਰੀ ਜਿੱਥੇ ਰੂਹ ਨੂੰ ਧੂਹ ਪਾਉਂਦੀਆਂ ਬੇਇਨਸਾਫ਼ੀਆਂ ਅਤੇ ਤ੍ਰਾਸਦੀਆਂ ਦੀ ਗੱਲ ਤੋਰਦੀ ਹੈ, ਉੱਥੇ ਹੀ ਕਈ ਇਨਕਲਾਬੀ, ਸਕਾਰਾਤਮਕ ਅਤੇ ਸਾਰਥਕ ਸੁਨੇਹੇ ਵੀ ਵੰਡਦੀ। ਸਫ਼ੀਆ ਹਯਾਤ ਦੇ ਦਿਲ ਦੀਆਂ ਗੱਲਾਂ ਅਤੇ ਢਿੱਡ ਦੀਆਂ ਗੱਲਾਂ ਫਰੋਲਦੀ ਅਤੇ ਸ਼ਬਦਾਂ ਦੀ ਸਾਂਝ ਪਾਉਂਦੀ ਇਹ ਬਾਕਮਾਲ ਸ਼ਾਇਰੀ ਪਾਠਕ ਦੀ ਜ਼ਿੰਦਗੀ ਦੇ ਸਫ਼ਰ ਦਾ ਮਾਰਗ ਦਰਸ਼ਨ ਕਰਦੀ ਹੈ ਅਤੇ ਹਮੇਸ਼ਾ ਚੱਲਦੇ ਰਹਿਣ ਦੇ ਹੌਸਲੇ ਵੀ ਬੁਲੰਦ ਕਰਦੀ ਜਾਂਦੀ ਹੈ।

ਸਫ਼ੀਆ ਹਯਾਤ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੇ ਹੋ ਰਹੇ ਸ਼ੋਸ਼ਣ ਨੂੰ ਉਭਾਰਦੀ ਹੈ। ਨਾਰੀ ਨੂੰ ਸਮਾਜਿਕ ਕੁਰੀਤੀਆਂ ਦੇ ਖ਼ਿਲਾਫ਼ ਖੜ੍ਹਨ ਲਈ ਵੰਗਾਰਦੀ ਹੈ। ਮਰਦ ਦੇ ਦੂਹਰੇ-ਤੀਹਰੇ ਕਿਰਦਾਰ ਨੂੰ ਸਵਾਲ ਕਰਦੀ ਹੈ। ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦੀ ਵੰਡ ਉੱਪਰ ਸਵਾਲ ਕਰਦੀ ਹੈ। ਬਾਬੇ ਨਾਨਕ ਦੀ ਬਾਣੀ ਵਿਚ ਔਰਤ ਦੇ ਸਥਾਨ, ਸਤਿਕਾਰ ਅਤੇ ਇੱਜ਼ਤ ਮਾਣ ਦੀ ਯਾਦ ਦੁਆਉਂਦੀ ਹੈ ਅਤੇ ਉਸ ਨੂੰ ਸਾਂਝਾਂ ਦਾ ਚੋਅ ਮੰਨਦੀ ਹੈ। ਪੰਜਾਬ ਦੀ ਇਹ ਧੀ ਪੰਜਾਬੀਆਂ ਨੂੰ ਹੌਂਸਲਾ ਅਤੇ ਯਕੀਨ ਵੀ ਦੁਆ ਰਹੀ ਹੈ ਕਿ ਪੰਜਾਬੀਆਂ ਦੀ ਰੂਹ ਵਿਚ ਵੱਸਦੇ ਪੰਜਾਬ ਅਤੇ ਪੰਜਾਬੀਆਂ ਦੀ ਮੁਹੱਬਤ ਨੂੰ ਵੰਡਣਾ ਨਾਮੁਮਕਿਨ ਹੈ। ਪਾਣੀ 'ਤੇ ਕਦੇ ਲਕੀਰਾਂ ਨਹੀਂ ਵੱਜਦੀਆਂ...!

ਸਫ਼ੀਆ ਹਯਾਤ ਅਤੇ ਉਸ ਦੀ ਸ਼ਾਇਰੀ ਦੀ ਇਹ ਵਿਲੱਖਣਤਾ ਹੈ ਕਿ ਉਹ ਸੱਚ ਨੂੰ ਸੱਚ ਕਹਿਣ ਤੋਂ ਪਾਸਾ ਨਹੀਂ ਵੱਟਦੀ। ਇਸ ਦੀ ਝਲਕ ਪੁਸਤਕ ਦੀਆਂ ਅਨੇਕਾਂ ਰਚਨਾਵਾਂ ਵਿਚ ਮਿਲਦੀ ਹੈ। ਸਫ਼ੀਆ ਨੇ ਆਪਣੀ ਪੁਸਤਕ ਦੀ ਸ਼ੁਰੂਆਤ ਹੀ ਇੱਕ ਐਸੀ ਕਵਿਤਾ ਨਾਲ ਕੀਤੀ ਹੈ।

"ਪੈਲੀਆਂ"... ਵਿਚ ਉਸ ਨੇ ਮਰਦ ਦੇ ਦੋਗਲੇ ਕਿਰਦਾਰ ਨੂੰ ਖ਼ੂਬਸੂਰਤੀ ਨਾਲ ਪਾਠਕਾਂ ਦੇ ਸਾਹਮਣੇ ਰੱਖਿਆ ਹੈ। ਜ਼ਮੀਨ ਜਾਇਦਾਦ ਦਾ ਹਿੱਸਾ 'ਮਾਰ ਕੇ' ਵੀ ਇਹ ਮਰਦ 'ਝੱਲੀਆਂ ਅਤੇ ਮਰ ਜਾਣੀਆਂ' ਉੱਪਰ ਅਹਿਸਾਨ ਜਿਤਾਉਣ ਦਾ ਕੋਈ ਮੌਕਾ ਨਹੀਂ ਛੱਡਦਾ।

ਨਿੱਕੇ ਭਤੀਜੇ ਨੂੰ ਦਿੱਤੇ ਮੇਰੇ ਰੁਪੱਈਏ
ਵੀਰੇ ਨੇ ਖੋਹ ਕੇ
ਮੇਰੇ ਹੱਥ 'ਤੇ ਰੱਖ ਦਿੱਤੇ, ਤੇ ਬੋਲਿਆ
'ਝੱਲੀਏ! ਤੈਨੂੰ ਤੇ ਪਤਾ,
ਅਸੀਂ ਧੀਆਂ ਕੋਲੋਂ ਕੁਝ ਨਹੀਂ ਲੈਂਦੇ'
ਮੈਂ ਅੰਦਰੋਂ ਬੋਲੀ!
'ਵੀਰੇ! ਮੇਰੀਆਂ ਪੈਲੀਆਂ?'

ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਪੀੜ੍ਹੀ ਦਰ ਪੀੜ੍ਹੀ ਦੀ ਹਾਲਤ ਅਤੇ ਮਜਬੂਰੀ ਨੂੰ ਬਿਆਨ ਕਰਦੀਆਂ ਰਚਨਾਵਾਂ "ਉਮਰਾਂ ਧੁੱਪਾਂ ਹੋਈਆਂ" ਅਤੇ "ਜੁੱਤੀ" ਖ਼ੁਦ-ਬ-ਖ਼ੁਦ ਬਹੁਤ ਕੁਝ ਕਹਿ ਰਹੀਆਂ ਨੇ।

ਮੇਰੀ ਮਾਂ ਨੇ ਆਪਣੀ ਮਾਂ ਦੀ
ਮੈਂ ਆਪਣੀ ਮਾਂ ਦੀ ਚੁੰਨੀ ਲੈ ਕੇ
ਰੱਬ ਜਾਣੇ ਕਿਹੜੇ ਵੇਲੇ
ਧੁੱਪ ਨੂੰ ਪਾਣੀ ਵਿਚ ਘੋਲ ਕੇ
ਇੱਕ ਸਾਹ ਵਿਚ ਪੀ ਗਈ...

ਮੈਂ ਕਿਹਾ - ਅੱਬਾ!
ਮੈਨੂੰ ਲੈ ਜਾ
ਔਰਤ ਨੂੰ ਜੁੱਤੀ ਕਹਿਣ ਵਾਲੇ ਦੇ ਨਾਲ
ਮੈਂ ਨਹੀਓਂ ਰਹਿਣਾ
ਤੇ
ਅੱਬਾ ਪਿਛਲੇ ਪੈਰੀਂ ਪਰਤ ਗਿਆ
ਤੇ
ਮੇਰੇ ਘਰ ਆਣਾ ਛੱਡ ਦਿੱਤਾ..

ਹਰ ਸੰਵੇਦਨਸ਼ੀਲ ਅਤੇ ਮੁਹੱਬਤੀ ਰੂਹ ਵਾਲੇ ਪੰਜਾਬੀ ਵਾਂਗ ਸੰਤਾਲੀ ਦੀ ਵੰਡ ਸਫ਼ੀਆ ਹਯਾਤ ਨੂੰ ਸਤਾਉਂਦੀ ਹੈ ਅਤੇ ਰੁਲਾਉਂਦੀ ਵੀ ਹੈ। ਉਸ ਨੂੰ ਇਹ ਵੰਡ ਆਪਣੀ ਮਾਂ ਦੀ ਵੰਡ ਦੇ ਸਮਾਨ ਮਹਿਸੂਸ ਹੁੰਦੀ ਹੈ, ਪਰ ਫਿਰ ਵੀ ਉਹ ਆਸ ਦਾ ਪੱਲਾ ਨਹੀਂ ਛੱਡਦੀ। ਉਸ ਨੂੰ ਇਹ ਵੰਡ "ਪਾਣੀਆਂ 'ਤੇ ਲੀਕ" ਦੀ ਤਰ੍ਹਾਂ ਝੂਠੀ ਅਤੇ ਵਕਤੀ ਹੀ ਜਾਪਦੀ ਹੈ।

ਝੂਠੀ ਜਾਪੇ ਵੰਡ ਇਹ ਜਿਓਂ ਪਾਣੀਆਂ 'ਤੇ ਲੀਕ ਏ
ਪਾਣੀਆਂ 'ਤੇ ਲੀਕ ਭਲਾ ਰਹਿੰਦੀ ਕਦ ਤੀਕ ਏ
ਇੱਕ ਹੋਣਾ ਮੁੜ ਇਹ ਯਕੀਨ ਤੇ ਉਡੀਕ ਏ
ਇੱਕ ਦੂਜੇ ਵੱਲ ਸ਼ੌਰੇ ਕਾਹਤੋਂ ਕੰਡ ਹੋ ਗਈ
ਤੁਸੀਂ ਵੰਡਿਆ ਪੰਜਾਬ ਮੇਰੀ ਮਾਂ ਵੰਡ ਹੋ ਗਈ।

ਇਹ ਸੱਚ ਹੈ ਕਿ ਭੁੱਖੇ ਢਿੱਡ ਨੂੰ ਸਭ ਗੱਲਾਂ ਖੋਟੀਆਂ ਮਹਿਸੂਸ ਹੁੰਦੀਆਂ ਹਨ, ਭਗਤੀ ਕਰਨੀ ਤਾਂ ਬੜੇ ਦੂਰ ਦੀ ਗੱਲ ਹੈ। "ਮੁੱਲ੍ਹਾ ਨਾਲ ਲੜਾਈ" ਇੱਕ ਖ਼ੂਬਸੂਰਤ ਰਚਨਾ ਹੈ, ਜਿਸ ਦੀਆਂ ਸਤਰਾਂ ਸੱਚ-ਸੱਚ ਖ਼ੁਦ-ਬ-ਖ਼ੁਦ ਬਹੁਤ ਕੁਝ ਕਹਿ ਗਈਆਂ...

ਕੱਲ੍ਹ ਮੇਰੀ
ਮੁੱਲ੍ਹਾ ਨਾਲ ਲੜਾਈ ਹੋ ਗਈ
ਉਹ ਕਹਿੰਦਾ :
'ਮੈਂ ਬਾਗ਼ੀ ਆਂ'
ਮੈਂ ਤੇ ਏਨਾ ਈ ਕਿਹਾ ਸੀ :
'ਵੇ ਮੁੱਲ੍ਹਾ !
ਢਿੱਡ ਭੁੱਖਾ ਹੋਵੇ, ਤਾਂ
ਤੇਰੀ ਬਾਂਗ ਨਹੀਂ ਸੁਣਦੀ।'

"ਅੱਜ ਦੀ ਨਾਰੀ", "ਇਨਕਾਰ" ਅਤੇ "ਔਰਤ ਦੀ ਨਾਂਹ" ਇਨਕਲਾਬੀ ਰੂਹ ਵਾਲੀਆਂ ਅਤੇ ਜਾਗਰੂਕਤਾ ਨਾਲ ਭਰਪੂਰ ਕਵਿਤਾਵਾਂ ਹਨ, ਜਿਸ ਵਿਚ ਸਫ਼ੀਆ ਕਹਿ ਰਹੀ ਹੈ...

ਮੈਂ ਅੱਜ ਦੀ ਨਾਰੀ ਹਾਂ
ਰੀਤਾਂ ਰਿਵਾਜਾਂ ਦੀ ਗੱਲ ਮੇਰੇ ਨਾਲ ਨਾ ਕਰੀਂ
ਮੈਂ ਤੇ ਆਪ ਉਹ ਹਾਂ,
ਜਿਸਦੇ ਵੱਲ ਵੇਖ ਕੇ
ਜ਼ਮਾਨਾ ਰੀਤਾਂ ਬਣਾਉਂਦਾ।

ਕੁੜੇ!
ਤੂੰ ਵੀ ਇਨਸਾਨ ਏਂ
ਉੱਠ!
ਬੋਲ!
ਛੱਡ 'ਜੀ ਜੀ'
ਨਾਂਹ ਕਹਿਣ ਦਾ ਚੱਜ ਸਿੱਖ ਹੁਣ
ਇਨਕਾਰ 'ਚ ਬੜੀ ਤਾਕਤ ਏ
ਨਾਂਹ ਸੁਣ ਕੇ
ਚਿਹਰਿਆਂ ਦੇ ਨਕਾਬ ਉੱਤਰ ਜਾਂਦੇ ਨੇ।

ਆਪਣੀਆਂ ਡਿਗਰੀਆਂ ਨੂੰ ਅੱਗ ਲਾ ਦੇ
ਜੇਕਰ
ਤੈਨੂੰ
ਔਰਤ ਦੀ
'ਨਾਂਹ'
ਦੀ
ਅਲਫ਼ ਬੇ ਨਹੀਂ ਆਉਂਦੀ।

ਅਸੀਂ ਸਭ ਜਾਣਦੇ ਹਾਂ ਪੰਜਾਬ ਲਹਿੰਦਾ ਹੋਵੇ ਜਾਂ ਫਿਰ ਚੜ੍ਹਦਾ, ਧੀਆਂ ਦੇ ਜੰਮਣ 'ਤੇ ਉਹੋ ਜਿਹੀਆਂ ਖ਼ੁਸ਼ੀਆਂ ਨਹੀਂ ਮਨਾਈਆਂ ਜਾਂਦੀਆਂ, ਜੋ ਪੁੱਤਰ ਦੇ ਜਨਮ ਸਮੇਂ ਮਨਾਈਆਂ ਜਾਂਦੀਆਂ ਹਨ। ਧੀਆਂ ਨੂੰ ਕੁੱਖ ਵਿਚ ਮਾਰਨ ਦਾ ਕਲੰਕ ਪੰਜਾਬੀਆਂ ਦੇ ਮੱਥੇ ਤੋਂ ਨਹੀਂ ਲਹਿ ਰਿਹਾ।

"ਅੰਮੜੀਏ! ਧੀਆਂ ਕਿਉਂ ਜੰਮੀਆਂ", "ਮਸ਼ਵਰਾ", "ਮਾਏ ਨੀ ਮਾਏ" ਅਤੇ "ਕਿੱਦਾਂ ਦੀਆਂ ਰੀਤਾਂ" ਦੀ ਲਾਜਵਾਬ ਸ਼ਾਇਰੀ ਨੂੰ ਪੜ੍ਹਦਿਆਂ ਪਾਠਕ ਦੀ ਰੂਹ ਪਸੀਜੀ ਜਾਂਦੀ ਹੈ।

ਨਾ ਸਹੁਰਾ ਨਾ ਪੇਕਾ ਆਪਣਾ
ਹਰ ਥਾਂ ਧੀ ਪਰਾਈ
ਹੋਰਾਂ ਦੀ ਉਹ ਜੀਣ ਹਯਾਤੀ
ਲੱਗਦਾ ਜੱਗ 'ਤੇ ਆਈ
ਨਾ ਕੋਈ ਚਾਅ ਨਾ ਲੋਰੀ ਮਾਏਂ
ਧੀਆਂ ਹਿੱਸੇ ਆਈ
ਪਿਆਰ 'ਚ ਵੀ 'ਮਰ ਜਾਣੀ' ਆਖਣ
ਸਾਨੂੰ ਪਿਓ ਤੇ ਮਾਂ
ਅੰਮੜੀਏ! ਧੀਆਂ ਕਿਉਂ ਜੰਮੀਆਂ

ਮਾਏ ਨੀ!
ਹੁਣ
ਧੀ ਜੰਮੇ
ਤਾਂ
ਧੁੰਨੀ ਤੋਂ ਥੱਲੇ ਧੜ ਨਾ ਜੰਮੀ।

ਮਾਏ ਨੀ ਮਾਏ
ਤੇਰੇ ਵਿਹੜੇ ਦੀਆਂ ਚਿੜੀਆਂ
ਮਾਰ ਉਡਾਰੀ ਉੱਡ ਜਾਣਾ।

ਸਾਡਾ ਹੱਕ ਨਾ ਕੋਈ ਦਾਅਵਾ ਤੇਰੇ ਦੇਸ਼ 'ਤੇ
ਜਿਵੇਂ ਕੂੰਜਾਂ ਪਰਦੇਸਣਾਂ ਨੇ ਆਈਆਂ ਬਾਬਲਾ।

"ਕੋਈ ਹੈ" ਕਵਿਤਾ ਦੇ ਬੋਲ ਵੀ ਬਾਕਮਾਲ ਨੇ।

ਇਬਾਬਤ ਲਈ ਤਾਂ
ਦਿਲ ਦਾ ਸਹਿਨ ਹੀ ਕਾਫ਼ੀ ਹੁੰਦੈ
ਤਾਂ
ਕੋਈ ਹੈ
ਜੋ ਸਾਰੇ ਮੰਦਿਰ
ਮਸਜਿਦਾਂ, ਗੁਰਦਵਾਰੇ
ਤੇ ਚਰਚ
ਹਟਾਕੇ
ਬੇਘਰਿਆਂ ਦੇ ਘਰ ਬਣਾ ਦੇਵੇ!

"ਮਾਂ ਨੂੰ ਸੌਣਾ ਭੁੱਲ ਗਿਆ" ਇੱਕ ਸੰਵੇਦਨਸ਼ੀਲ ਅਤੇ ਸ਼ਾਇਰ ਮਨ ਦੀ ਖ਼ੂਬਸੂਰਤ ਸ਼ਾਇਰੀ ਹੈ। ਅਸੀਂ ਕੁੜੀਆਂ ਨੂੰ ਚਿੜੀਆਂ ਕਹਿ ਤਾਂ ਦਿੰਦੇ ਹਾਂ, ਪਰ ਅੰਦਰੋਂ-ਅੰਦਰੀ ਡਰਦੇ ਵੀ ਰਹਿੰਦੇ ਹਾਂ ਕਿ ਕਿਤੇ ਇਨ੍ਹਾਂ ਦੇ ਖੰਭ ਨਿਕਲਦਿਆਂ ਬਹੁਤਾ ਉੱਡਣ ਹੀ ਨਾ ਲੱਗ ਜਾਵਣ... ਕਿਤੇ ਉੱਚੀਆਂ-ਲੰਮੀਆਂ ਅੰਬਰੀ ਪਰਵਾਜ਼ਾਂ ਹੀ ਨਾ ਭਰ ਲੈਣ!

ਮਾਂ ਨੂੰ ਸੌਣਾ ਭੁੱਲ ਗਿਆ
ਜਦੋਂ
ਮੈਂ ਉੱਚੀ ਦੇਣੀ ਆਖਿਆ:
ਮਾਂ!
ਮੇਰਾ ਉੱਡਣ ਨੂੰ ਬੜਾ ਦਿਲ ਕਰਦਾ।

"ਤੂੰ ਸਾਂਝਾਂ ਦਾ ਚੋਅ ਓ ਬਾਬਾ" ਇਕ ਸ਼ਾਨਦਾਰ ਅਤੇ ਜਾਨਦਾਰ ਕਵਿਤਾ ਹੈ, ਜਿਸ ਵਿਚ ਸਫ਼ੀਆ ਹਯਾਤ ਨੇ ਬਾਬੇ ਨਾਨਕ ਪ੍ਰਤੀ ਆਪਣੇ ਮਨ ਦੀ ਸ਼ਰਧਾ ਪ੍ਰਗਟਾਉਂਦਿਆਂ ਉਸ ਦੀ ਸਮਾਜਿਕ ਕੁਰੀਤੀਆਂ ਦੇ ਖ਼ਿਲਾਫ਼ ਜੰਗ, ਹੱਥੀਂ ਕਿਰਤ ਕਰਨ, ਔਰਤ ਦੇ ਸਨਮਾਨ, ਮਨੁੱਖੀ ਬਰਾਬਰਤਾ ਅਤੇ ਸਾਂਝੀਵਾਲਤਾ ਦੇ ਸੁਨੇਹਿਆਂ ਨੂੰ ਪਾਠਕਾਂ ਦੇ ਨਾਲ ਸਾਂਝਿਆਂ ਕੀਤਾ ਹੈ।

ਨੀਵੇਂ ਦਾ ਹਮਦਰਦ ਤੂੰ ਬਾਬਾ
ਨਾਰੀ ਦਾ ਸਤਿਕਾਰ
ਕਿਰਤੀਆਂ ਨਾਲ ਯਰਾਨੇ ਤੇਰੇ
ਜਾਣੇ ਕੁੱਲ ਸੰਸਾਰ
ਗੁਰੂ ਜੀ ਗਲੀ ਗਲੀ ਕੰਨਸੋਅ
ਓ ਬਾਬਾ! ਤੂੰ ਸਾਂਝਾਂ ਦੇ ਚੋਅ

ਦੋਸਤੋ, ਇਸ ਖ਼ੂਬਸੂਰਤ ਪੁਸਤਕ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਦਾ ਜ਼ਿਕਰ ਕਰਨਾ ਮੁਮਕਿਨ ਨਹੀਂ, ਪਰ ਹਨ ਸਭ ਪੜ੍ਹਨਯੋਗ। ਨਜ਼ਮਾਂ ਪਾਠਕ ਦੇ ਮਨ 'ਤੇ ਚਿਰਜੀਵੀ ਪ੍ਰਭਾਵ ਪਾਉਂਦੀਆਂ ਹਨ ਅਤੇ ਇਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ।

ਸਾਹਿਤ ਦੇ ਸੁਹਿਰਦ ਪਾਠਕਾਂ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਮੇਰੀ ਵੱਲੋਂ ਪੰਜਾਬ ਦੀ ਧੀ ਸਫ਼ੀਆ ਹਯਾਤ ਨੂੰ ਇਸ ਖ਼ੂਬਸੂਰਤ ਸਿਰਜਣਾ ਦੀਆਂ ਬਹੁਤ ਮੁਬਾਰਕਾਂ ਅਤੇ ਉਸ ਦੇ ਸਿਰਜਣਾਤਮਿਕ ਸਫ਼ਰ ਦੀ ਨਿਰੰਤਰਤਾ ਅਤੇ ਕਾਮਯਾਬੀ ਲਈ ਸ਼ੁਭ ਕਾਮਨਾਵਾਂ। ਜ਼ਿੰਦਗੀ ਜ਼ਿੰਦਾਬਾਦ।

## ਚੜ੍ਹਦੀ ਕਲਾ

ਵਰਤਾਰਾ ਅਕਾਲ ਦਾ ਹੋਣੀ ਲੈਂਦੀ ਉਲੀਕ
ਸ਼ਹਾਦਤ ਹੁੰਦੀ ਚੜ੍ਹਦੀ ਕਲਾ ਦਾ ਪ੍ਰਤੀਕ।

ਆਪ ਉਜੜ ਕੇ ਪੰਥ ਵਸਾਉਣ ਦੀ ਸੀ ਸੋਚ
ਜਾਬਰ ਜ਼ੁਲਮ ਖ਼ਿਲਾਫ਼ ਖੜ੍ਹਨ ਦੀ ਸਾਜੀ ਲੋਚ॥

ਬਖਸ਼ ਖੰਡੇ ਬਾਟੇ ਦੀ ਪਾਹੁਲ ਖ਼ਾਲਸਾ ਸਜਾਇਆ
ਅਦੁੱਤੀ ਹਸਤੀ ਚਿੜਿਓ ਬਾਜ਼ ਤੁੜਾਇਆ।

ਬਾਣੀ ਅਤੇ ਬਾਣੇ ਦਾ ਅਲੌਕਿਕ ਥਾਪਿਆ ਮੇਲ
ਚਾਰ ਫਰਜ਼ੰਦ ਵਾਰ ਅਜਬ ਰਚਾਇਆ ਖੇਲ॥

ਪੰਜ ਪਿਆਰਿਆਂ ਨੂੰ ਬਖਸ਼ਿਆ ਦਸਮ ਪਾਤਸ਼ਾਹ ਮਾਣ
ਪੰਜਾਂ ਤੋਂ ਲੈ ਪਾਹੁਲ ਕੀਤੀ ਸਮੁੱਚੀ ਲੋਕਾਈ ਹੈਰਾਨ।

ਸ਼ਸਤਰਾਂ ਦੀ ਮਹਿਮਾ ਨੂੰ ਵਧਾਇਆ ਆਖ ਪੀਰ
ਦੁਸ਼ਮਣ ਦੀ ਲੋਥਾਂ ਦਾ ਕਫ਼ਨ ਬਣੇ ਸੋਨੇ ਲੱਗਾ ਤੀਰ॥

ਢਹਿੰਦੀਆਂ ਕਲਾਵਾਂ ਨੂੰ ਮੁੱਢੋਂ ਦਿੱਤਾ ਮਨੋਂ ਵਿਸਾਰ
ਚੜ੍ਹਦੀ ਕਲਾ ਦੀ ਗੁੜ੍ਹਤੀ ਦੇ ਦਿੱਤਾ ਜਨਮ ਸੰਵਾਰ।

ਸੰਤ ਦੇ ਨਾਲ ਸਿਪਾਹੀ ਦੀ ਅਜਬ ਚਲਾ ਦਿੱਤੀ ਰੀਤ
ਸੁਰਿੰਦਰ ਰਚੇ ਕਵਿਤਾ ਭੁੱਬ ਅਕਾਲ ਪੁਰਖ ਦੀ ਪ੍ਰੀਤ॥



-ਡਾ. ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

ਪੰਜਾਬ ਮੇਲ USA

## ਸੁਣ ਦਿੱਲੀ ਦੇ ਬਾਦਸ਼ਾਹ!

ਸੁਣ ਦਿੱਲੀ ਦੇ ਬਾਦਸ਼ਾਹ! ਸ਼ਾਇਰ ਕਰੇ ਪੁਕਾਰ।
ਕਿਉਂ ਨਹੀਂ ਤੈਨੂੰ ਸੁਣਦੀ ਸਾਡੀ ਹਾਹਾਕਾਰ॥

ਸੁਣ ਦਿੱਲੀ ਦੇ ਬਾਦਸ਼ਾਹ! ਹੱਡ ਚੀਰਦੀ ਠੰਡ।
ਕਿਰਤੀ ਰੁਲਦਾ ਸੜਕਾਂ 'ਤੇ ਤੂੰ ਪਰ ਕੀਤੀ ਕੰਡ।

ਕੋਈ ਦੇਸ਼ਧਰੋਹ ਨਹੀਂ ਹੱਕਾਂ ਦੀ ਹੈ ਜੰਗ।
ਨਾ ਕੋਈ ਅੱਤਵਾਦ ਹੈ, ਵਿੱਛਾਂ ਦੀ ਹੈ ਮੰਗ॥

ਸੁਣ ਦਿੱਲੀ ਦੇ ਬਾਦਸ਼ਾਹ! ਹੋਇਉਂ ਪੱਥਰਚਿੱਤ।
ਬਣਿਆ ਭੰਡ ਅਮੀਰ ਦਾ ਗਾਉਂਦਾ ਫਿਰੇਂ ਕਬਿੱਤ।

ਤਾਕਤ, ਚੌਧਰ, ਕੁਰਸੀਆਂ ਆਉਣੀ ਜਾਣੀ ਚੀਜ਼।
ਵਤਨ ਮੇਰੇ ਵਿਚ ਬੀਜ ਨਾ ਤੂੰ ਜ਼ਹਿਰਾਂ ਦੇ ਬੀਜ।

ਉੱਚਾ ਤੇਰਾ ਅਰਸ਼ ਤੋਂ ਹੋਇਆ ਅੱਜ ਹੰਕਾਰ।
ਤੂੰ ਹੈ ਦੇਸ਼ ਮਧੋਲਿਆ ਵੜ-ਵੜ ਵਾਰੋ ਵਾਰ।

ਸੰਸਦ, ਪੁਲਸ, ਕਚਹਿਰੀਆਂ ਸਾਥੋਂ ਹੋ ਗਏ ਦੂਰ।
ਹਰ ਮਰਿਯਾਦਾ ਵਤਨ ਦੀ ਕੀਤੀ ਚੂਰੋ ਚੂਰ।

ਸੁਣ ਦਿੱਲੀ ਦੇ ਬਾਦਸ਼ਾਹ! ਕਿਉਂ ਤੂੰ ਚੁੱਕੀ ਅੱਤ।
ਅੱਤ ਖੁਦਾ ਦਾ ਵੈਰ ਹੈ ਕਰ ਲੈ ਥੋੜੀ ਮੱਤ।

ਜਿਸ ਹਾਕਮ ਦੇ ਰਾਜ ਵਿਚ ਦੁੱਖੀ ਕਿਰਤ ਕਿਰਸਾਨ।
ਧਰਿਗ ਜੀਣ ਉਸ ਆਦਮੀ ਕੀ ਪਹਿਨਣ ਕੀ ਖਾਣ।

ਜਿਸ ਹਾਕਮ ਦੇ ਰਾਜ ਵਿਚ ਦੁੱਖੀਏ ਧੀਆਂ ਬਾਲ।
ਫਿਰਕੂ ਨਫਰਤ ਸ਼ਿਖਰ 'ਤੇ ਕਿਉਂ ਨਾ ਹੋਣ ਸਵਾਲ?

ਦੇਖ ਦਿੱਲੀ ਦੇ ਬਾਦਸ਼ਾਹ! ਘੁੱਪ ਹਨੇਰੀ ਰਾਤ।
ਜਾਗ ਪਈ ਹੈ ਕਿਰਤ ਹੁਣ ਹੋ ਰਹਿਣੀ ਪ੍ਰਭਾਤ।

ਜ਼ਾਲਿਮ ਰਾਜ ਬੇਇੱਜ਼ਤ ਹੋ ਛੱਡਦੇ ਅੰਤ ਜਹਾਨ।
ਬਣ ਜਾਂਦੇ ਜਗਦੀਸ਼! ਨੇ ਇਤਿਹਾਸ ਦਾ ਕੂੜੇਦਾਨ।

ਸੁਣ ਦਿੱਲੀ ਦੇ ਬਾਦਸ਼ਾਹ! ਸ਼ਾਇਰ ਕਰੇ ਪੁਕਾਰ।
ਬਣ ਨਾ ਹਿਟਲਰ ਦੋਸਤਾਂ ਹੱਥ ਅਕਲ ਨੂੰ ਮਾਰ।



-ਜਗਦੀਸ਼ ਬਹਾਦਰਪੁਰੀ
ਮੋਬਾਈਲ: 94639-85934

ਪੰਜਾਬ ਮੇਲ USA

## ਮੁਹੱਬਤ ਨਹੀਂ ਆਸਾਨ

ਮੁਹੱਬਤ ਨਹੀਂ ਵਸਦੀ, ਦਰਿਆਵਾਂ ਦੇ ਕੰਢੇ।
ਨਾਹੀਂ ਇਹ ਚਾਹੁੰਦੀ, 'ਕੱਲੇ ਮੌਸਮ ਠੰਢੇ।

ਨਾ ਸੰਘਣੀਆਂ ਛਾਂਵਾਂ, ਪੁਰੇ ਦੇ ਬੁੱਲੇ ਠੰਢੇ।
ਨਾਹੀਂ ਝੁਕੀਆਂ ਅੱਖਾਂ, ਨ ਹੌਕੇ ਗਰਮ ਠੰਢੇ।

ਨਾਹੀਂ ਸ਼ੋਖ਼ ਅਦਾਵਾ, ਨਾ ਰੁਕਦੀ ਧੜਕਣ।
ਨ ਬੁੱਲ੍ਹਾਂ ਦੀ ਹਰਕਤ, ਜਿਸਮ ਦੀ ਭਟਕਣ।

ਬਿਖੜੇ ਰਾਹ ਦੇ ਪਾਂਧੀ, ਮਾਰੂਥਲ ਦੇ ਪੈਂਦੇ।
ਖੇੜਿਆਂ ਦੇ ਨੇ ਸੋਗੀ, ਜੰਡਾਂ ਨਾਲ ਖਹਿੰਦੇ।

ਝਨਾਂ ਵਿਚ ਡੁੱਬਦੇ, ਕਦੇ ਪਹਾੜ ਪੁਟੇਂਦੇ।
ਸੂਲੀਆਂ 'ਤੇ ਚੜ੍ਹਦੇ, ਸਲੀਬਾਂ 'ਤੇ ਟੰਗੇਂਦੇ।

ਮੁਹੱਬਤ ਤਾਂ ਖ਼ਾਲਸ, ਰੂਹਾਂ ਦਾ ਮਿਸ਼ਰਣ।
ਜਜ਼ਬਾਤਾਂ ਦਾ ਸੰਗਮ, ਛਹਿਬਰ ਵਰਸਣ।

ਪਾਕ ਇਬਾਦਤ ਹੈ, ਦਰਗਾਹ 'ਚ ਮਿਲਣ।
ਇਸ਼ਕੇ ਮਿਜ਼ਾਜ਼ੀ ਹੈ, ਹਕੀਕੀ ਦਾ ਚਲਣ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਮਾਘੀ ਦਾ ਤਿਉਹਾਰ

ਆਇਆ ਮਾਘੀ ਦਾ ਤਿਉਹਾਰ, ਲੈ ਕੇ ਖੁਸ਼ੀਆਂ ਹਜ਼ਾਰ।
ਸਾਰੇ ਮੇਲੇ ਵਿਚ ਆਏ, ਕਰ ਹਾਰ ਤੇ ਸ਼ਿੰਗਾਰ।

ਆਓ ਮੁਕਤਸਰ ਜਾਈਏ, ਗੁਰੂ-ਘਰ ਸਿਰ ਝੁਕਾਈਏ।
ਟੁੱਟੀ ਗੰਢੀ ਜਾ ਕੇ ਨ੍ਹਾਈਏ, ਭਾਵੇਂ ਮੌਸਮ ਠੰਢਾ-ਠਾਰ।

ਇਹ ਸੀ ਢਾਬ ਖਿਦਰਾਣਾ, ਗੁਰਾਂ ਕੀਤਾ ਆ ਟਿਕਾਣਾ।
ਘੇਰਾ ਮੁਗਲਾਂ ਨੇ ਪਾਇਆ, ਤੇਗਾਂ-ਤੀਰਾਂ ਕੀਤੇ ਵਾਰ।

ਸ਼ੀਹਣੀ ਇੱਕ ਭਾਗੋ ਮਾਈ, ਐਸੀ ਤੇਗ ਉਸ ਚਲਾਈ।
ਤਾਅਨੇ ਸਿੰਘਾਂ ਤਾਈਂ ਦਿੱਤੇ, ਸਿੰਘ ਹੋਏ ਸ਼ਰਮਸਾਰ।

ਮਹਾਂ ਸਿੰਘ ਦਾ ਬੇਦਾਵਾ, ਹੁਣ ਕੀਤਾ ਪਛੋਤਾਵਾ।
ਜੰਗ ਜੌਹਰ ਉਹ ਵਿਖਾਏ, ਦਿੱਤੀ ਵੈਰੀਆਂ ਨੂੰ ਹਾਰ।

ਗੁਰੂ ਟੁੱਟੀ ਏਥੇ ਗੰਢੀ, ਕੀਤੀ ਮੰਦੀਓਂ ਸੀ ਚੰਗੀ।
ਚਾਲ੍ਹੀ ਮੁਕਤਿਆਂ ਦਾ ਕੀਤਾ, ਹੱਥੀਂ ਆਪ ਸਸਕਾਰ।

ਵੇਖੋ ਸਜੀਆਂ ਦੁਕਾਨਾਂ, ਢਾਲਾਂ ਤੇ ਨੇ ਕਿਰਪਾਨਾਂ।
ਵਿਚ ਰਾਜਸੀ ਇਕੱਠਾਂ, ਭਾਸ਼ਣ ਹੁੰਦੇ ਧੂੰਆਂਧਾਰ।

ਲੰਗਰ ਕਈ ਥਾਈਂ ਲੱਗੇ, ਵੱਜੇ ਢੋਲ ਉੱਤੇ ਡੱਗੇ।
ਛਿੰਝਾਂ ਵਿਚ ਕਿਵੇਂ ਉੱਡੇ, ਧੂੰਆਂ-ਧੂੜ ਤੇ ਗੁਬਾਰ।

ਸੱਚੇ ਗੁਰੂ ਨੂੰ ਧਿਆਈਏ, ਗੁਰਬਾਣੀ ਨਿੱਤ ਗਾਈਏ।
-ਰੂਹੀ' ਜਪੁਜੀ ਵੀ ਪੜ੍ਹੇ, ਨਾਲ਼ੇ ਪੜ੍ਹੇ ਚੰਡੀ-ਵਾਰ।

ਮੰਗੋ ਸਭ ਦੀ ਭਲਾਈ, ਦਿਲੋਂ ਕੱਢੀਏ ਬੁਰਾਈ।
ਛੱਡੋ ਵੈਰ ਤੇ ਵਿਰੋਧ, ਕਰੋ ਸਭ ਨੂੰ ਪਿਆਰ।



-ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015

ਪੰਜਾਬ ਮੇਲ USA

## ਮੇਰੇ ਦਿਲ ਵਿਚ

ਰੋ ਨ੍ਹੀਂ ਸਕਦਾ, ਹੱਸ ਨ੍ਹੀਂ ਸਕਦਾ।
ਦਿਲ ਦਾ ਦੁੱਖ ਮੈਂ ਦੱਸ ਨ੍ਹੀਂ ਸਕਦਾ।
ਜੇ ਮੈਨੂੰ ਕੋਈ ਕਰਨਾ ਚਾਹਵੇ,
ਮੈਂ ਹੋ ਟੱਸ ਤੋਂ ਮੱਸ ਨ੍ਹੀਂ ਸਕਦਾ।
ਮੇਰੀ ਮਰਜ਼ੀ ਦੇ ਬਿਨ ਕੋਈ,
ਮੇਰੇ ਦਿਲ ਵਿਚ ਵੱਸ ਨ੍ਹੀਂ ਸਕਦਾ।
ਲਾਲਚ ਨਾ ਜੇ ਦੇਵੇ ਸ਼ਿਕਾਰੀ,
ਜਾਲ 'ਚ ਪੰਛੀ ਫਸ ਨ੍ਹੀ ਸਕਦਾ।
ਚੰਗਾ ਬੰਦਾ ਘਰ ਦੂਜੇ ਦੇ,
ਜਾ ਕੇ ਪਾ ਘੜਮੱਸ ਨ੍ਹੀਂ ਸਕਦਾ।
ਮਾੜੇ ਕੰਮ ਜੋ ਕਰੇ ਹਮੇਸ਼ਾ,
ਖੱਟ ਕਦੇ ਉਹ ਜੱਸ ਨ੍ਹੀਂ ਸਕਦਾ।
ਕਈ ਬੰਦੇ ਨੇ ਐਨੇ ਜ਼ਹਿਰੀ,
ਸੱਪ ਉਨ੍ਹਾਂ ਨੂੰ ਡੱਸ ਨ੍ਹੀਂ ਸਕਦਾ।
ਮੈਂ ਯਾਰਾਂ ਦੀਆਂ ਗੱਲਾਂ ਵਿਚੋਂ,
ਲੈ ਕਦੇ ਵੀ ਚੱਸ ਨ੍ਹੀਂ ਸਕਦਾ।
ਚੇਤੇ ਆਉਣੋਂ ਹੱਟ ਜੇ ਸੱਜਣ,
ਮੈਂ ਐਨਾ ਦਿਲ ਕੱਸ ਨ੍ਹੀਂ ਸਕਦਾ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ',
ਯੂਬਾ ਸਿਟੀ, ਕੈਲਫਿਰਨੀਆ (ਅਮਰੀਕਾ)
ਫੋਨ: +1-360-448-1989

ਪੰਜਾਬ ਮੇਲ USA

## ਨਫ਼ਰਤਾਂ ਦੇ ਕੰਡੇ

ਸਿਰ ਉੱਤੇ ਚੁੰਨੀ, ਦਸਤਾਰ ਕਾਹਤੋਂ ਚੁੱਭਦੇ
ਵੈਰੀਆਂ ਨੂੰ ਪਹਿਨਿਓ, ਕਕਾਰ ਕਾਹਤੋਂ ਚੁੱਭਦੇ

ਝੁਠਿਆਂ ਦੇ ਸਿਰਾਂ ਨੂੰ, ਸਲਾਮਾਂ ਨਿੱਤ ਹੁੰਦੀਆਂ
ਖ਼ਾਲਸੇ ਦੇ ਸੱਚੇ, ਕਿਰਦਾਰ ਕਾਹਤੋਂ ਚੁੱਭਦੇ

ਕੀਤੇ ਆ ਰਿਕਾਡ ਪੈਦਾ, ਹਿੱਕਾਂ ਦਿਆਂ ਜ਼ੋਰਾਂ 'ਤੇ
ਮਿਹਨਤਾਂ ਮਸ਼ੱਕਤਾਂ, ਮਿਆਰ, ਕਾਹਤੋਂ ਚੁੱਭਦੇ

ਚਿਹਰਿਆਂ 'ਤੇ ਖਿੜਿਓ ਜਲਾਲ, ਜ਼ਰ ਹੁੰਦੇ ਨਾ
ਖਾਲਸਾਈ ਚੜ੍ਹਤਾਂ, ਦੀਦਾਰ ਕਾਹਤੋਂ ਚੁੱਭਦੇ

ਪਿੰਡਾਂ 'ਚੋਂ ਭਜਾਏ ਪਹਿਲਾਂ, ਅੱਤਵਾਦੀ ਆਖ ਕੇ
ਹੁਣ, ਵੱਸਦੇ ਸਮੁੰਦਰਾਂ ਤੋਂ, ਪਾਰ ਕਾਹਤੋਂ ਚੁੱਭਦੇ

ਧੱਕੇਸ਼ਾਹੀਆਂ ਠੋਕਰਾਂ ਤੇ, ਵੈਰਾਂ ਦੇ ਲਤਾੜਿਓ
ਡਿੱਗ ਡਿੱਗ ਹੋਏ ਪੱਬਾਂ, ਭਾਰ ਕਾਹਤੋਂ ਚੁੱਭਦੇ

ਜਿਨ੍ਹਾਂ ਨੇ ਬਚਾਏ ਜੰਞੂ, ਧੋਤੀਆਂ ਤੇ ਟੋਪੀਆਂ
ਓਹੀ ਮੁੱਛ ਦਾਹੜੀ, ਦਸਤਾਰ ਕਾਹਤੋਂ ਚੁੱਭਦੇ

ਹਾਰਲੀ ਬੁਲਟ ਉੱਤੇ, ਨੀਲਾ ਚੋਲਾ ਖਿੰਡਦਾ
ਘੋੜਿਆਂ ਤੇ ਸਜਿਓ ਸਵਾਰ, ਕਾਹਤੋਂ ਚੁੱਭਦੇ

ਕੁੜਤੇ ਪਜਾਮੇ ਚਿੱਟੇ, ਜੁੱਤੀ ਪਾਈ ਕੱਢਵੀਂ
ਸਿੰਘ ਹੋ ਕੇ ਨਿਕਲੇ, ਤਿਆਰ ਕਾਹਤੋਂ ਚੁੱਭਦੇ

ਵੱਖਰੀ ਡਰੈੱਸ ਪਾ ਕੇ, ਨਿੱਕਲੇ ਸਜੋਤਿਆ
ਸੋਹਣੇ ਤੇ ਸੁਨੱਖੇ, ਸਰਦਾਰ ਕਾਹਤੋਂ ਚੁੱਭਦੇ



-ਕੁਲਵੀਰ ਸਿੰਘ ਡਾਨਸੀਵਲ,
ਸਰ੍ਹੀ, ਬੀ.ਸੀ. ਕੈਨੇਡਾ
778 863 2472

ਪੰਜਾਬ ਮੇਲ USA

# PUNJAB MAIL USA

TV Channel, Newspaper, Radio




24 Hours
7 Days

## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**





## FOR SALE & PURCHASE OF ANY KIND OF PROPERTY

RE/MAX



RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**